੨੭ ਵਾਂ ਸਾਲ

# ਵਰਿਆਮ

ਫ਼ਰਵਰੀ, ੨੦੦੨



## ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ

ਰਾਮ ਕ੍ਹਿਤ ਚਿਤ ਸ਼ਾਂਤ ਹੋਇ, ਸਿੰਘ ਕਹਿਤ ਭੈ ਹਾਨਿ

ਤਾਤੇ ਨਿਤ ਨਿਤ ਸਿਮਰੀਐ ਰਾਮ ਸਿੰਘ ਭਗਵਾਨ।

*—ਸੰਤ ਧਿਆਨ ਸਿੰਘ*

Sri Satguru Jagjit Singh Ji eLibrary NamdhariElibrary@gmail.com

# ਜਲੰਧਰ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਜਨਮ ਦਿਵਸ ਤੇ ਹੋਏ ਸੰਗੀਤ ਸਮਾਗਮ ਦੀਆਂ ਝਲਕਾਂ



ਪ੍ਰੋ. ਕਿਰਪਾਲ ਸਿੰਘ ਜੀ ਦਾ ਸਨਮਾਨ ਕਰਦੇ ਹੋਏ ਪ੍ਰੋ. ਲਛਮਣ ਸਿੰਘ ਸੀਨ ਜੀ। ਨਾਲ ਹਨ ਜਗਦੀਸ਼ ਸਿੰਘ ਸੰਪਾਦਕ ਵਰਿਆਮ।



ਸ੍ਰੀ ਮਨੂੰ ਸੀਨ ਦਾ ਸਨਮਾਨ ਕਰਦੇ ਹੋਏ ਪੰਡਿਤ ਰਮਾਂ ਕਾਂਤ ਜੀ।



ਸ੍ਰੋਤਾ ਮੰਡਲ—ਪ੍ਰੋ. ਕਿਰਪਾਲ ਸਿੰਘ, ਸ੍ਰੀ ਮਨੂੰ ਸੀਨ, ਸ. ਭੁਪਿੰਦਰ ਸਿੰਘ ਕਨੇਡਾ, ਡਾ. ਅਜਮੇਰ ਸਿੰਘ, ਸ. ਸਰਵਣ ਸਿੰਘ ਸੋਖੀ ਨੈਰੋਬੀ ਆਦਿ।



ਕਲਾਕਾਰਾਂ, ਕਲਾ ਪ੍ਰੇਮੀਆਂ ਦੀ ਗਰੁੱਪ ਫੋਟੋ



ਅਜੀਤਪਾਲ ਸਿੰਘ ਸਪੁੱਤਰ ਸ੍ਰ. ਮੱਖਣ ਸਿੰਘ ਅਸ਼ੋਕ ਨਗਰ ਨਵੀਂ ਦਿੱਲੀ ਦਾ ਸ਼ੁਭ ਅਨੰਦ ਕਾਰਜ ਬੀਬੀ ਰਜਨੀ ਸਪੁੱਤਰੀ ਸ੍ਰ. ਪ੍ਰੀਤਮ ਸਿੰਘ ਅਤੇ ਬੀਬੀ ਸਿੰਦਰ ਕੌਰ ਦਿੱਲੀ, ਨਾਲ ਰਮੇਸ਼ ਨਗਰ ਨਾਮਧਾਰੀ ਧਰਮਸ਼ਾਲਾ ਵਿਚ ੧੬ ਦਸੰਬਰ, ੨੦੦੧ ਨੂੰ ਹੋਇਆ। ਅਜੀਤ ਪਾਲ ਸਿੰਘ ਦਰਸ਼ਨ ਸਿੰਘ ਗੁਲਾਟੀ ਜੀ ਦਾ ਪੋਤਰਾ ਹੈ ਅਤੇ ਬੀਬੀ ਰਜਨੀ, ਮਾਸਟਰ ਦਲੀਪ ਸਿੰਘ ਹੁਰਾਂ ਦੀ ਪੋਤਰੀ ਹੈ, ਇਹ ਬੀਬੀ ਸਤਵਿੰਦਰ ਸਿੰਘ ਥਾਈਲੈਂਡ ਅਤੇ ਸ਼ੇਰ ਸਿੰਘ ਅਸਟਰੇਲੀਆ ਵਾਲਿਆਂ ਦੀ ਭੈਣ ਹੈ। ਇਹ ਦੋਵੇਂ ਬੱਚੇ ਕੰਪਿਊਟਰ ਗਰੈਜੂਏਟ ਹਨ ਅਤੇ ਮਲਟੀ ਨੈਸ਼ਨਲ ਕੰਪਨੀਜ਼ ਵਿਚ ਹਨ।



ਸ. ਤਰਸੇਮ ਸਿੰਘ ਚਾਨਾ ਸਪੁੱਤਰ ਸ. ਕਿਰਪਾਲ ਸਿੰਘ ਚਾਨਾ (ਪੋਤਰਾ ਸ. ਹਰਬੰਸ ਸਿੰਘ ਚਾਨਾ) ਸਾਊਥਾਲ ਯੂ.ਕੇ. ਦਾ ਸ਼ੁਭ ਅਨੰਦ ਕਾਰਜ ਬੀਬੀ ਹਰਜੀਵਨ ਕੌਰ, ਸਪੁੱਤਰੀ ਸ. ਨਰਿੰਦਰ ਸਿੰਘ-ਤਰਲੋਚਨ ਕੌਰ (ਪੋਤਰੀ ਸ. ਦਇਆ ਸਿੰਘ ਮਠਾੜੂ ਦਾਰਾ ਸਲਾਮ-ਲੰਡਨ) ਨਾਲ ਮਿਤੀ ੨੫ ਨਵੰਬਰ ੨੦੦੧ ਨੂੰ ਨਾਮਧਾਰੀ ਗੁਰਦੁਆਰਾ ਈਸਟਹੈਮ ਲੰਡਨ ਵਿਚ ਹੋਇਆ।

Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਵਰਿਆਮ

ਫਰਵਰੀ ੨੦੦੨
ਜਿਲਦ-੨੭
ਅੰਕ-੪

**ਸੰਪਾਦਕ**
**ਜਗਦੀਸ਼ ਸਿੰਘ 'ਵਰਿਆਮ'**

ਦਫਤਰ ਦਾ ਪਤਾ:
ਮਾਸਿਕ ਵਰਿਆਮ
ਲਾਡੋਵਾਲੀ ਰੋਡ
(ਸਾਹਮਣੇ ਸੈਂਟਰਲ ਟਾਊਨ)
ਜਲੰਧਰ- ੧੪੪੦੦੧
ਫੋਨ-ਦਫਤਰ : ੨੨੨੫੪੩
ਘਰ : ੪੫੬੨੮੯

Office Address :
Monthly WARIAM
(Punjabi)
Ladowali Road.
Opp. Central Town,
Jalandhar-144001
Ph. : 222543 (O)
456289 (R)

## ਵਰਿਆਮ ਦੇ ਦਰ

| | |
|---|---|
| ਇਹ ਅੰਕ | ੧੫-੦੦ |
| ਸਲਾਨਾ ਚੰਦਾ | ੧੫੦-੦੦ |
| ਪੰਜ ਸਾਲ ਲਈ | ੫੦੦-੦੦ |
| ਜੀਵਨ ਮੈਂਬਰ | ੧੫੦੦-੦੦ |
| ਵਿਦੇਸ਼ ਲਈ | ੨੫ ਪੌਂਡ ਜਾਂ ੩੫ ਡਾਲਰ |
| ਹਵਾਈ ਡਾਕ ਰਾਹੀਂ | |

ਚੈਕ ਡਰਾਫਟ Monthly Wariam ਦੇ ਨਾਂਅ ਤੇ ਹੀ ਭੇਜੇ ਜਾਣ।

## ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੩-੩-੭੭ ਰਾਹੀਂ ਪੰਜਾਬ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

## ਤਤਕਰਾ

ਇਹ ਸਾਧਾਰਨ ਅੰਕ—*ਜਗਦੀਸ਼ ਸਿੰਘ* ---------- ੨
ਭੈਣੀ ਸਾਹਿਬ—ਮਲੇਰ ਕੋਟਲਾ—*ਮਾ. ਅਮਰੀਕ ਸਿੰਘ* -- ੩
ਦਸ ਪਰਦੇਸੀਆ ਵੇ ਕਦੋਂ ਘਰ ਆਵੇਂਗਾ ---------- ੪
—*ਜਗਦੀਸ਼ ਸਿੰਘ*
ਸਾਗਰ ਨੂੰ ਕੁੱਜੇ 'ਚ ਬੰਦ ਕਰਨਾ ਉੱਚਿਤ ਨਹੀਂ ------ ੯
—*ਡਾ. ਅਜੀਤ ਸਿੰਘ*
ਗ਼ਜ਼ਲ—*ਦਲਬੀਰ ਸਿੰਘ ਤਰਸ* ------------ ੧੪
ਦੋ ਗ਼ਜ਼ਲਾਂ—*ਗੁਰਦਿਆਲ ਰੌਸ਼ਨ* ---------- ੧੫
ਪਹਿਰੇਦਾਰ—*ਸ਼ਿਵ ਨਾਥ* ---------------- ੧੫
ਕਿਸਾਨ ਦਾ ਗੁਰੂ ਨਾਨਕ—*ਸਾਧੂ ਸਿੰਘ ਕਿਸਾਨ* ---- ੧੬
ਭਾਈ ਤਾਬਾ—*ਬਲਬੀਰ ਸਿੰਘ ਕੰਵਲ* ----------- ੧੯
ਸੰਤ ਖਾਲਸਾ ਅਰਥਾਤ ਤਵਾਰੀਖ ਨਾਮਧਾਰੀ ------- ੨੦
—*ਸੁਵਰਨ ਸਿੰਘ ਵਿਰਕ*
ਬਚਿੱਤ੍ਰ ਨਾਟਕ—ਇਕ ਅਪੂਰਵ ਕ੍ਰਿਤੀ ----------- ੪੧
—*ਪ੍ਰਿੰ. ਬੇਅੰਤ ਕੌਰ*
ਖ਼ਬਰਨਾਮਾ ----------------------------- ੪੩
ਪ੍ਰਤਿਕਿਰਿਆ --------------------------- ੫੦



ਵਰਿਆਮ ਦੇ ਪਰਮ ਸਨੇਹੀ ਸ. ਪੂਰਨ ਸਿੰਘ ਸੱਗੂ, ਮਾਲਕ ਸੱਗੂ ਆਇਰਨ ਇੰਡਸਟਰੀਜ਼ ਜਲੰਧਰ ਮਿਤੀ ੯ ਜਨਵਰੀ ਨੂੰ ਸੰਸਾਰ ਯਾਤਰਾ ਪੂਰੀ ਕਰ ਗਏ ਹਨ। ਆਪ ਕਈਆਂ ਸੰਸਥਾਵਾਂ ਨਾਲ ਜੁੜੇ ਹੋਏ ਵਿਅਕਤੀ ਸਨ। ਨਾਮਧਾਰੀ ਸੰਗਤ, ਸਿੰਘ ਸਭਾ ਅਤੇ ਬਾਬਾ ਵਿਸ਼ਵਕਰਮਾ ਸਭਾ ਵਿਚ ਉਹਨਾਂ ਸਦਾ ਹੀ ਉੱਘਾ ਯੋਗਦਾਨ ਪਾਇਆ। ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮਾਂ ਤੇ ਉਹ ਸ਼ਰਧਾ ਸਹਿਤ ਫੁੱਲ ਚੜ੍ਹਾਉਂਦੇ ਸਨ। ਉਨ੍ਹਾਂ ਦੇ ਨਿਧਨ ਨਾਲ ਸਮੁੱਚੇ ਭਾਈਚਾਰੇ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਉਹਨਾਂ ਦੇ ਸ਼ਰਧਾਂਜਲੀ ਸਮਾਗਮ (੧੮ ਜਨਵਰੀ) ਸਮੇਂ ਸਮਾਜ ਦੇ ਹਰ ਵਰਗ ਦੇ ਹੁਮ ਹੁਮਾ ਕੇ ਪੁੱਜੇ ਸਜਨ ਉਹਨਾਂ ਦੀ ਹਰਮਨ ਪਿਆਰਤਾ ਦੀ ਬਾਤ ਦਰਸਾਉਂਦੇ ਸਨ। ਅਦਾਰਾ ਵਰਿਆਮ ਉਹਨਾਂ ਦੇ ਸਪੁੱਤਰ ਸ. ਨਰਿੰਦਰ ਸਿੰਘ ਸੱਗੂ ਅਤੇ ਸਮੁੱਚੇ ਪਰਿਵਾਰ ਦੇ ਦੁੱਖ ਵਿੱਚ ਸ਼ਾਮਲ ਹੈ।

—*ਜਗਦੀਸ਼ ਸਿੰਘ*



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਇਹ ਸਾਧਾਰਨ ਅੰਕ

ਹਰ ਸਾਲ ਜਦੋਂ ਬਸੰਤ ਰੁਤ ਆਉਂਦੀ ਹੈ ਤਾਂ ਸਾਨੂੰ ਗੁਰੂ ਰਾਮ ਸਿੰਘ ਜੀ ਦਾ ਚੇਤਾ ਵੀ ਆ ਜਾਂਦਾ ਹੈ। ਇਥੇ ਸਾਨੂੰ ਸਵਰਗੀ ਮਿਤਰ ਸ.ਸ. ਮੀਸ਼ਾ ਦੀ ਗੁਰੂ ਨਾਨਕ ਵਾਲੀ ਕਵਿਤਾ ਦਾ ਬੰਦ ਆਪਣੇ ਆਪ ਤੇ ਹੀ ਢੁਕਦਾ ਲਗਦਾ ਹੈ—

"ਮੈਂ ਇਕ ਭੁਲਿਆ ਭਟਕਿਆ ਰਾਹੀ, ਤੈਨੂੰ ਚੇਤੇ ਕਰ ਲੈਂਦਾ ਹਾਂ। ਕਦੀ ਕਦਾਈਂ ਵਰ੍ਹੇ, ਛਿਮਾਹੀਂ ਉਂਜ ਮੇਰਾ ਰਾਹ, ਤੇਰੇ ਦੱਸੇ ਹੋਏ ਰਾਹ ਤੋਂ ਬੜਾ ਅਲੱਗ ਹੈ।"

ਬਸੰਤ ਪੰਚਮੀ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਹੋਇਆ। ਖੁਸ਼ੀਆਂ ਲਿਆਉਂਦੀ ਰੁੱਤ ਇਹ ਖੇੜਾ ਵੀ ਲੈ ਕੇ ਆਈ ਪਰ ਨਾਲ ਹੀ ਇਕ ਵਿਯੋਗ ਦਾ ਅਹਿਸਾਸ ਵੀ ਕਰਾਉਂਦੀ ਹੈ। ਗੁਰੂ ਵਾਕ ਹੈ—"ਚੜਿ ਚੇਤੁ ਬਸੰਤੁ ਮੇਰੇ ਪਿਆਰੇ ਭਲੀਅ ਰੁਤੇ॥ ਪਿਰ ਬਾਝੜਿਅਹੁ ਮੇਰੇ ਪਿਆਰੇ ਆਂਗਣਿ ਧੂੜਿ ਲੁਤੇ॥

ਬਸੰਤ ਰੁਤੇ ਓਹ ਆਏ ਖਿਜ਼ਾ ਵਿਚ ਚਲੇ ਗਏ।

ਅਸਾਂ ਕੀ ਕੀਤਾ ? ਜੋ ਹਰ ਮਹਾਂ ਪੁਰਖ ਨਾਲ ਦੁਨੀਆ ਕਰਦੀ ਹੈ। ਦੇਸਾਂ ਦੇ ਰਾਜੇ ਗੁਰਦੁਆਰਿਆਂ ਦੇ ਮਹੰਤ ਮੰਦਰਾਂ ਦੇ ਪੁਜਾਰੀ ਸਭ ਉਹਨਾਂ ਖਿਲਾਫ਼ ਭੰਡੀ ਪ੍ਰਚਾਰ ਵਿਚ ਲੱਗੇ ਰਹੇ।

ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਇਕ ਹੁਕਮਨਾਮੇ (ਚਿੱਠੀ) ਵਿਚ ਲਿਖਿਆ ਹੈ ਕਿ "ਨਾਮ ਜਪਣ ਵਾਲਿਆਂ ਦੇ ਸਾਥ ਸਾਰੇ ਆਢਾ ਕਰਨਗੇ...ਸੋਈ ਦੇਖ ਲੇਓ ਤੁਸੀਂ ਚੰਗੇ ਚੰਗੇ ਸਿਖਾ ਸਾਧਾਂ ਨੇ ਵੈਰ ਭਾਉ ਕੀਤਾ।"

ਪਰ ਧੰਨ ਹਨ ਉਹ ਵੀ, ਖਬਰੇ ਕਿਸ ਮਿੱਟੀ ਦੇ ਬਣੇ ਹੋਏ ਸਨ ਜੋ ਸਮੁੰਦਰਾਂ ਤੋਂ ਪਾਰ ਜਾ ਕੇ ਨਜ਼ਰਬੰਦ ਪ੍ਰਦੇਸੀ ਪ੍ਰੀਤਮ ਦੇ ਦਰਸ਼ਨਾਂ ਤੋਂ ਵੀ ਨਾ ਟਲੇ। ਕਮਾਲ ਦੇ ਉਹ ਬੰਦੇ ਸਨ ਤੋਪਾਂ ਅੱਗੇ ਉਡ ਗਏ ਕਾਲੇ ਪਾਣੀਆਂ ਦੇ ਕਸ਼ਟ ਬਰਦਾਸ਼ਤ ਕਰ ਗਏ।

ਗੁਰੂ ਰਾਮ ਸਿੰਘ ਕੀਹ ਸੀ ? ....ਇਕ ਚਮਤਕਾਰ ਸੀ, ਮੁਅਜਜ਼ਾ ਸੀ, ਕਰਾਮਾਤ ਸੀ। ਕਿਵੇਂ ਸਾਧਾਰਨ ਪਿੰਡ ਚੋਂ ਸਾਧਾਰਨ ਕਿਰਤੀ ਦੇ ਪੁੱਤਰ ਨੇ ਦੁਨੀਆ ਦੀ ਸਭ ਤੋਂ ਸ਼ਕਤੀਸ਼ਾਲੀ ਹਕੂਮਤ ਦੀ ਜੜ੍ਹ ਹਿਲਾਈ ਸੀ ? ਇਤਿਹਾਸ ਤਾਂ ਭਰਿਆ ਪਿਆ ਹੈ ਰਾਜ ਸ਼ਕਤੀਆਂ ਦੇ ਭੇੜ ਨਾਲ। ਰਾਜਿਆਂ ਰਾਜ ਕੁਮਾਰਾਂ ਦੀਆਂ ਸਾਖੀਆਂ ਨਾਲ। ਇਹ ਹੀ ਰਾਜੇ ਲੈਣ ਲਈ ਲੜਦੇ ਤੇ ਰਾਜੇ ਬਣਦੇ ਰਹੇ। ਲੁਧਿਆਣੇ ਜ਼ਿਲ੍ਹੇ ਦੇ ਇਕ ਗੁਮਨਾਮ ਪਿੰਡ ਦੇ ਬੰਦੇ ਦੀਆਂ ਗਲਾਂ ਲੰਡਨ ਦੀ ਪਾਰਲੀਮੈਂਟ ਵਿਚ ਹੋਣ ਕਿ ਇਕ ਸੱਚਾ ਪਾਤਸ਼ਾਹ ਪ੍ਰਗਟ ਹੋਇਆ ਹੈ ਜੋ ਸਾਰੇ ਪਾਤਸ਼ਾਹਾ ਨੂੰ ਜੜ੍ਹੋਂ ਪੁੱਟ ਸੁੱਟੇਗਾ, ਇਸ ਤੋਂ ਵੱਡਾ ਮੋਅਜਜ਼ਾ ਹੋਰ ਕੀ ਹੋ ਸਕਦਾ ਹੈ। ਸਤਿਗੁਰੂ ਰਾਮ ਸਿੰਘ ਦਾ ਤੁਲਨਾਤਮਿਕ ਮੁਲੰਕਣ ਕਰਦਿਆਂ ਮਹਾਤਮਾ ਗਾਂਧੀ ਤੋਂ ਪਹਿਲਾਂ ਨਾ ਮਿਲਵਰਤਨ ਦਾ ਮੋਢੀ ਦਸਿਆ ਜਾਂਦਾ ਹੈ, ਠੀਕ ਵੀ ਹੈ—ਪਰ ਉਹਨਾਂ ਦਾ ਪ੍ਰੋਗਰਾਮ ਤਾਂ ਕਿਤੇ ਵੱਧ ਵਿਆਪਕ ਸੀ। ਉਹਨਾਂ ਤਾਂ ਕਈ ਮੋਰਚਿਆਂ ਨੂੰ ਸਰ ਕੀਤਾ। ਗੁਰੂ ਰਾਮ ਸਿੰਘ ਤਾਂ ਹਰਦਿਆਂ ਵਿਚ ਸਮਾਏ ਹਨ। ਉਹਨਾਂ ਮਨਾਂ ਦੀ ਮੈਲ ਨੂੰ ਧੋ ਦਿੱਤਾ ਅਤੇ ਐਸੇ ਅਮਲ ਵਾਲੇ, ਕਿਰਦਾਰ ਵਾਲੇ ਇਨਸਾਨ ਪ੍ਰਤੱਖ ਸਿਰਜ ਦਿੱਤੇ ਜਿਨਾਂ ਬਾਰੇ ਕਿਆਸ ਧਰਮ ਗ੍ਰੰਥਾਂ ਵਿਚ ਕੀਤਾ ਗਿਆ ਸੀ।

ਇਕ ਕਵੀ ਸੀ ਹਰਨਾਮ ਸਿੰਘ। ਜਿਸ ਸ਼ਰਧਾ ਅਤੇ ਪ੍ਰੇਮ ਨਾਲ ਉਹਨੇ ਗੁਰੂ ਰਾਮ ਸਿੰਘ ਬਾਰੇ ਲਿਖਿਆ ਉਹ ਦਿਲ ਦੀਆਂ ਤਰਬਾਂ ਨੂੰ ਅੰਦੋਲਤ ਕਰਦਾ ਹੈ। ਉਹਦਾ ਬਹੁਤਾ ਜ਼ਿਕਰ ਨਾ ਹੋਇਆ ਪਰ ਉਹਦੀ ਕਵਿਤਾ ਦੀਵਾਨਾਂ ਵਿੱਚ ਆਮ ਗਾਈ ਗਈ ਅਤੇ ਸੁਣੀ ਗਈ ਤੇ ਯਾਦ ਵੀ ਹੋਈ। ਜਿਸ ਸ਼ਰਧਾ ਨਾਲ ਉਸ ਕਵਿਤਾ ਲਿਖੀ ਜਿਸ ਬੁਲੰਦੀ ਨੂੰ ਉਹ ਛੋਹੀ ਉਸੇ ਸ਼ਰਧਾ ਅਤੇ ਬੁਲੰਦੀ ਨਾਲ ਸਾਡੇ ਮਿਤਰ ਸੁਵਰਨ ਸਿੰਘ ਵਿਰਕ ਨੇ ਉਸ ਦੀ ਚਰਚਾ ਕੀਤੀ ਹੈ। ਦਰਅਸਲ ਉਹ ਸਤਿਗੁਰੂ ਰਾਮ ਸਿੰਘ ਦੇ ਪ੍ਰੋਗਰਾਮ ਦੀ ਹੀ ਚਰਚਾ ਹੈ। ਡਾ. ਅਜੀਤ ਸਿੰਘ ਵੀ ਆਪਣੀ ਸ਼ਬਦਾਵਲੀ ਵਿੱਚ ਆਪਣੇ ਦ੍ਰਿਸ਼ਟੀਕੋਣ ਤੋਂ ਦਿਲ ਦੀ ਗਲ ਕਹਿੰਦੇ ਹਨ। ਭਾਵੇਂ ਕੁਝ ਓਪਰੀ ਲਗੇ ਪਰ ਦਿਲ ਦਾ ਦਰਦ ਛੁਪਿਆ ਹੁੰਦਾ ਹੈ। ਇਹੋ ਜਿਹਾ ਕੁਝ ਇਸ ਅੰਕ ਵਿਚ ਹੈ ਉਂਝ ਇਹ ਸਾਧਾਰਨ ਅੰਕ ਹੈ ਪਰ ਬਹੁਤ ਕੁਝ ਵਿਸ਼ੇਸ਼ ਵੀ ਹੈ।

"ਮੈਂ ਇਕ ਭੁਲਿਆ ਭਟਕਿਆ ਰਾਹੀ,
ਤੈਨੂੰ ਚੇਤੇ ਕਰ ਲੈਂਦਾ ਹਾਂ।
ਕਦੀ ਕਦਾਈਂ ਵਰ੍ਹੇ, ਛਿਮਾਹੀਂ
ਉਂਜ ਮੇਰਾ ਰਾਹ,
ਤੇਰੇ ਦੱਸੇ ਹੋਏ ਰਾਹ ਤੋਂ ਬੜਾ ਅਲੱਗ ਹੈ।"

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਭੈਣੀ ਸਾਹਿਬ—ਮਲੇਰਕੋਟਲਾ

—ਮਾਸਟਰ ਅਮਰੀਕ ਸਿੰਘ

ਭੈਣੀ ਸਾਹਿਬ ਅਸਾਨੂੰ ਮੱਕੇ ਜੇਹਾ, ਮਦੀਨਾ ਹੈ ਮਲੇਰਕੋਟਲੇ
ਭੈਣੀ ਸਾਹਿਬ ਇਕ ਕੀਮਤੀ ਹੈ ਗਹਿਣਾ, ਨਗ਼ੀਨਾ ਹੈ ਮਲੇਰਕੋਟਲੇ

ਦੋਹੀਂ ਥਾਈਂ ਜੋ ਵੀ ਆਵੇ ਹੱਜ ਦਾ ਸੁਆਬ ਏ
ਜ਼ਿੰਦਗੀ 'ਚ ਹੁੰਦਾ ਉਹਨੂੰ ਦੂਣਾ ਤੀਣਾ ਲਾਭ ਏ
ਮਨ ਡੋਲਦੇ ਨੂੰ ਮਿਲੇ ਮੰਝਧਾਰੀ ਸਫੀਨਾ ਹੈ ਮਲੇਰਕੋਟਲੇ.......

ਏਥੇ ਹੀ ਸ਼ਹੀਦਾਂ ਕਦੇ ਮਰਨ ਸੀ ਮੰਡਿਆ
ਮੌਤ ਵਾਲਾ ਏਥੇ ਪਰਸ਼ਾਦ ਗਿਆ ਵੰਡਿਆ
ਉਦੋਂ ਆਖਿਆ ਬਹਾਦਰਾਂ ਨੇ ਮਰ ਕੇ ਹੈ ਜੀਣਾ ਹੈ ਮਲੇਰਕੋਟਲੇ......

ਢੀਮਾਂ ਦੀਆਂ ਢੇਰੀਆਂ ਤੇ ਸੂਰਮੇ ਖਲੋ ਗਏ
ਆਖਣ ਕਿ ਤੋਪ ਦੇ ਹਾਣੀ ਅਸੀਂ ਹੋ ਗਏ
ਅੱਜ ਮੌਤ ਤੇ ਮੱਥੇ ਦੇ ਉੱਤੇ ਆ ਗਿਆ ਪਸੀਨਾ ਹੈ ਮਲੇਰਕੋਟਲੇ.......

ਤੋਪ ਦਿਆਂ ਗੋਲਿਆਂ ਦਾ ਹਾਰ ਗਲ ਪਾ ਲਿਆ
ਆਪ ਮਿਟ ਗਏ ਪਰ ਦੇਸ ਨੂੰ ਬਚਾ ਲਿਆ
ਅਸਾਂ ਮਰ ਕੇ ਅਮਰ ਅਜ ਥੀਣਾ ਹੈ ਮਲੇਰਕੋਟਲੇ

ਫੜਿਆ ਜਾਂ ਦਾੜੀਓਂ ਜੜ੍ਹੋਂ ਗੋਰਾ ਹਿੱਲਿਆ
ਆਖਿਆ ਬਿਸ਼ਨ ਛੱਡ ਦੇਸ ਮੇਰਾ ਬਿਲਿਆ
ਤੇਰੇ ਹੱਥੋਂ ਅੱਜ ਜਾਮ ਇਹ ਸ਼ਹਾਦਤ ਦਾ ਪੀਣਾ ਹੈ ਮਲੇਰਕੋਟਲੇ......

ਬੇ ਅਣਖ ਜੀਵਨ ਤੋਂ ਮਰਨ ਚੰਗੇਰਾ ਹੈ
ਤਾਂ ਹੀ ਅਸਾਂ ਰੱਕੜਾਂ 'ਚ ਆਣ ਲਾਇਆ ਡੇਰਾ ਏ
ਤੋਪਾਂ ਅੱਗੇ ਅਸਾਂ ਨੰਗਾ ਕਰ ਤਾਨਣਾ ਹੈ ਸੀਨਾ ਹੈ ਮਲੇਰਕੋਟਲਾ........

ਜੱਗ ਉੱਤੇ ਜਿਹੜਾ ਆਇਐ ਇਕ ਦਿਨ ਜਾਵੇਗਾ
ਜ਼ਿੰਦਾ ਓਹ ਹੀ ਰਹੇਗਾ ਸ਼ਹੀਦੀਆਂ ਜੋ ਪਾਇਗਾ
ਮਰੇ ਬਾਝ 'ਅਮਰੀਕ' ਉੱਚਾ ਰੁਤਬਾ ਨਾ ਥੀਣਾ ਹੈ ਮਲੇਰਕੋਟਲਾ......।

—ਪਿੰਡ-ਡਾਕ. ਅਮਰਾਸਰ ਕਲਾਂ (ਸਿਰਸਾ-ਹਰਿਆਣਾ)



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਦਸ ਪ੍ਰਦੇਸੀਆ ਵੇ ਕਦੋਂ ਘਰ ਆਵੇਂਗਾ

*—ਜਗਦੀਸ਼ ਸਿੰਘ*

ਬਸੰਤ ਖੁਸ਼ੀਆਂ ਦੀ ਰੁੱਤ ਹੈ, ਇਹ ਰੁੱਤ ਬਨਸਪਤੀ ਮਉਲਣ ਦਾ ਸਮਾਂ ਹੈ। ਕਬੀਰ ਜੀ ਦਾ ਸ਼ਬਦ ਹੈ, "ਮਉਲੀ ਧਰਤੀ ਮਉਲਿਆ ਆਕਾਸ਼" ਇਹ ਬਸੰਤ ਰੁੱਤ ਦੀਆਂ ਵਿਸ਼ੇਸ਼ਤਾ ਦਰਸਾਉਂਦਾ ਹੈ—ਗੁਰਬਾਣੀ ਵਿਚ ਬਸੰਤ ਰੁੱਤ ਦਾ ਵਰਨਣ ਅਤੇ ਬਸੰਤ ਰਾਗ ਦਾ ਜ਼ਿਕਰ ਵਿਆਪਕ ਰੂਪ ਵਿਚ ਹੈ।

ਜਿਥੇ ਬਸੰਤ ਦਾ ਮੌਸਮ, ਬਸੰਤ ਰਾਗ, ਖੁਸ਼ੀਆਂ ਖੇੜਿਆਂ ਅਤੇ ਸੁਤੰਤਰਤਾ ਦੀ ਮਹਿਕ ਨੂੰ ਰੂਪਮਾਨ ਕਰਦਾ ਹੈ। ਉਥੇ ਬਸੰਤੀ ਪੁਸ਼ਾਕ, ਕੁਰਬਾਨੀ ਅਤੇ ਸ਼ਹੀਦੀ ਦਾ ਵੀ ਪ੍ਰਤੀਕ ਹੈ।

ਜੇ ਗਹੁ ਨਾਲ ਵੇਖਿਆ ਜਾਵੇ ਤਾਂ ਆਜ਼ਾਦੀ ਦੀ ਮੰਜ਼ਿਲ ਤੇ ਪਹੁੰਚਣ ਵਾਸਤੇ ਕੁਰਬਾਨੀਆਂ ਅਤੇ ਸ਼ਹੀਦੀਆਂ ਦਾ ਮਾਰਗ ਹੀ ਜਾਂਦਾ ਹੈ। ਭਾਰਤ ਦੀ ਇਕ ਮਹਾਨ ਹਸਤੀ ਦਾ ਜਨਮ ਦਿਵਸ ਬਸੰਤ ਦਾ ਹੀ ਸਮਅਰਥੀ ਹੋ ਗਿਆ ਹੈ।

ਉਹ ਹਨ ਨਾਮਧਾਰੀ ਅਥਵਾ ਕੂਕਾ ਅੰਦੋਲਨ ਦੇ ਜਨਮ ਦਾਤਾ ਅਤੇ ਸੂਤਰਧਾਰ ਸਤਿਗੁਰੂ ਰਾਮ ਸਿੰਘ ਜੀ। ਆਪ ਦਾ ਜਨਮ ਸੰਨ ੧੮੧੬ ਦੀ ਬਸੰਤ ਪੰਚਮੀ ਵਾਲੇ ਦਿਨ ਹੋਇਆ।

ਜਦੋਂ ਭਾਰਤ ਭੂਮੀ 'ਤੇ ਗੁਲਾਮੀ ਦੀ ਕਾਲੀ ਬੋਲੀ ਰਾਤ ਸੀ। ਜਦੋਂ ਘੋਰ ਨਿਰਾਸਤਾ ਦੀ ਖ਼ਿਜ਼ਾਂ ਪਸਰੀ ਹੋਈ ਸੀ ਤਾਂ ਸਤਿਗੁਰੂ ਰਾਮ ਸਿੰਘ ਜੀ ਸੂਰਜ ਵਾਂਗ ਉਦੇ ਹੋਏ ਅਤੇ ਲੋਕ ਮਨਾਂ ਵਿਚੋਂ ਵਿਦੇਸ਼ੀ ਅੰਗਰੇਜ਼ੀ ਸ਼ਾਸਨ ਦੇ ਭੈ ਤੋਂ ਨਿਜਾਤ ਦਿਵਾਈ।

ਲੋਕਾਂ ਨੂੰ ਆਜ਼ਾਦੀ ਵਾਸਤੇ ਮਰ ਮਿਟਣ ਨੂੰ ਤਿਆਰ ਕੀਤਾ। ਖ਼ਿਜ਼ਾਂ ਤੋਂ ਬਹਾਰ ਰੁੱਤ ਲੈ ਆਂਦੀ। ਇਹ ਮਾਣ ਤਾਂ ਪੰਜਾਬ ਦੇ ਜ਼ਿਲਾ ਲੁਧਿਆਣਾ ਦੇ ਇਕ ਛੋਟੇ ਜਿਹੇ ਪਿੰਡ, ਰਾਈਆਂ ਨੂੰ ਪ੍ਰਾਪਤ ਹੈ ਕਿ ਉਥੇ ਹੀ ਇਸ ਜਗਤ ਪ੍ਰਸਿੱਧ ਯੁਗ ਪੁਰਸ਼ ਦਾ ਜਨਮ ਹੋਇਆ।

ਪਰ ਇਸ ਦੇ ਨਾਲ ਹੀ ਇਸੇ ਪਿੰਡ ਦੇ ਪਸਾਰ ਅਤੇ ਲਾਗਲੇ ਪਿੰਡ ਸ੍ਰੀ ਭੈਣੀ ਸਾਹਿਬ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਕਰਮ ਭੂਮੀ ਹੋਣ ਕਰਕੇ ਸੰਸਾਰ ਪ੍ਰਸਿੱਧੀ ਮਿਲੀ ਹੈ।

ਪਿੰਡ ਸ੍ਰੀ ਭੈਣੀ ਸਾਹਿਬ ਭਗਤੀ ਅਤੇ ਸ਼ਕਤੀ ਦੇ ਸੋਮੇ ਵਜੋਂ ਪ੍ਰਸਿੱਧ ਹੋਇਆ ਹੈ। ਇਹ ਨਾਮਧਾਰੀ ਸਤਿਗੁਰੂ ਸਾਹਿਬਾਨ ਦੀ ਵਰੋਸਾਈ ਧਰਤੀ ਹੈ। ਇਸ ਦੇ ਕਣ ਕਣ ਵਿਚੋਂ ਪ੍ਰਭੂ ਭਗਤੀ, ਗੁਰੂ ਭਗਤੀ ਅਤੇ ਦੇਸ਼ ਭਗਤੀ ਦੀ ਖੁਸ਼ਬੋ ਆਉਂਦੀ ਹੈ।

ਇਥੇ ਥਾਂ ਥਾਂ ਤੋਂ ਆਉਂਦੀਆਂ ਸੰਗੀਤ ਦੀਆਂ ਧੁਨਾਂ, ਹਵਨ ਦੀਆਂ ਸੁਗੰਧੀਆਂ, ਗਊਆਂ ਦੀਆਂ ਧੌਣਾਂ ਦੁਆਲਿਓਂ ਟੱਲੀਆਂ ਦੀ ਆਵਾਜ਼, ਢੋਲਕ ਛੈਣਿਆਂ ਦੀ ਘੁਮਕਾਰਾਂ, ਨਾਮ ਸਿਮਰਨ ਅਤੇ ਗੁਰਬਾਣੀ ਅਭਿਆਸ ਵਿਚ ਜੁੜੀਆਂ ਸੰਗਤਾਂ, ਇਕ ਸ਼ਾਂਤ ਨਿਰਮਲ ਸਤਿਜੁਗੀ ਆਸ਼ਰਮ ਦਾ ਪ੍ਰਭਾਵ ਪਾਉਂਦੀਆਂ ਹਨ।

ਤੜਕੇ ਅੰਮ੍ਰਿਤ ਵੇਲੇ ਰਾਗੀ ਸਿੰਘਾਂ ਦਾ ਇਲਾਹੀ ਕੀਰਤਨ ਮਨਾਂ ਨੂੰ ਠੰਢ ਪਾਉਂਦਾ ਹੈ ਅਤੇ ਇਲਾਹੀ ਪੈਗ਼ਾਮ ਦਿੰਦਾ ਹੈ।

ਸ੍ਰੀ ਭੈਣੀ ਸਾਹਿਬ ਦੀ ਜ਼ਬਰਦਸਤ ਇਤਿਹਾਸਕ ਭੂਮਿਕਾ ਵੀ ਹੈ। ਇਹ ਪਿੰਡ ਸਤਿਗੁਰੂ ਰਾਮ ਸਿੰਘ ਜੀ ਵਲੋਂ ਭਾਰਤ ਭੂਮੀ ਦੀ ਬੰਦ ਖਲਾਸ ਵਾਸਤੇ ਚਲਾਈ ਮਹਾਨ ਕੂਕਾ ਲਹਿਰ ਜਾਂ ਨਾਮਧਾਰੀ ਲਹਿਰ ਦਾ ਚਸ਼ਮਦੀਦ ਗਵਾਹ ਵੀ ਹੈ।

ਭਾਰਤ ਵਿਚ ਸੰਨ ੧੮੫੭ ਦੇ ਗ਼ਦਰ ਦੇ ਸ਼ੁਰੂ ਹੋਣ ਤੋਂ ਵੀ ਇਕ ਮਹੀਨਾ ਪਹਿਲਾਂ ਵਸਾਖੀ ਵਾਲੇ ਦਿਨ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਇਤਿਹਾਸਕ ਉਦੇਸ਼ ਨੂੰ ਆਪ ਲੋਕਾਂ ਸਾਹਮਣੇ ਪੇਸ਼ ਕਰਕੇ ਇਕ ਮਾਰਗ ਨਿਸ਼ਚਿਤ ਕਰ ਦਿੱਤਾ।

ਆਪਣੇ ਮੰਤਵ ਦੀ ਪ੍ਰਾਪਤੀ ਵਾਸਤੇ ਉਹਨਾਂ ਨਵੇਂ ਸਿਰਿਓਂ ਪੰਜ ਪਿਆਰੇ ਸਾਜ ਕੇ 'ਸੰਤ ਖਾਲਸਾ' ਨਾਮ ਦੀ ਜਥੇਬੰਦੀ ਕਾਇਮ ਕਰ ਦਿੱਤੀ।

ਇਸ ਤੋਂ ਪਹਿਲਾਂ ਗੁਰੂ ਰਾਮ ਸਿੰਘ ਜੀ ਨੇ ਅਲੌਕਿਕ ਕ੍ਰਿਸ਼ਮਿਆਂ ਵਾਲੇ ਬਚਪਨ ਵਿਚ ਆਪਣੀ ਮਾਤਾ ਸਦਾ ਕੌਰ ਤੋਂ ਗੁਰੂ ਗੁਰੂ ਭਗਤੀ ਅਤੇ ਦੇਸ਼ ਪ੍ਰੇਮ ਦੀਆਂ ਲੋਰੀਆਂ ਵੀ ਲਈਆਂ।

ਜੁਆਨੀ ਸਮੇਂ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਵੀ ਸੇਵਾ ਕੀਤੀ। ਸੈਨਾ ਦੇ ਅਨੁਸ਼ਾਸਨ ਵਾਲਾ ਜੀਵਨ ਵੀ ਮਾਣਿਆ ਅਤੇ ਵੱਖ ਵੱਖ ਥਾਵਾਂ ਦਾ ਭਰਮਣ ਵੀ ਕੀਤਾ।

ਆਪ ਨੇ ਆਜ਼ਾਦ ਪੰਜਾਬ ਦੇ ਐਸ਼ਵਰਜ ਦੇ ਸਿਖਰ ਨੂੰ ਵੀ ਤੱਕਿਆ ਅਤੇ ਪਤਨ ਦੀ ਡੂੰਘਾਈ ਵੀ ਵੇਖੀ।

ਮਨੁੱਖ ਦੇ ਜਾਤੀ ਜੀਵਨ ਨੂੰ ਵੀ ਭ੍ਰਿਸ਼ਟ ਹੁੰਦਾ ਵੇਖਿਆ ਅਤੇ ਕੌਮੀ ਚਰਿੱਤਰ ਦਾ ਵੀ ਘਾਤ ਹੁੰਦਾ ਵੇਖਿਆ।

ਆਪ ਨੇ ਧਰਮ, ਸਮਾਜ ਅਤੇ ਰਾਜਨੀਤੀ ਵਿਚ ਫੈਲੇ ਭ੍ਰਿਸ਼ਟਾਚਾਰ ਦੀ ਤਸਵੀਰ ਨੇੜਿਓਂ ਵੇਖੀ ਅਤੇ ਸਾਰੀ ਸਥਿਤੀ ਦੇ ਸਮਾਧਾਨ ਵਾਸਤੇ ਡੂੰਘਾ ਮੁਤਾਲਿਆ/ਅਧਿਐਨ ਵੀ ਕੀਤਾ।

ਫੌਜੀ ਜੀਵਨ ਦੀ ਅਹਿਮ ਪ੍ਰਾਪਤੀ ਸੀ ਸਰਹੱਦੀ ਸ਼ਹਿਰ ਹਜ਼ਰੋ ਵਿਚ ਸਮੇਂ ਦੇ ਮਹਾਨ ਪੁਰਖ ਗੁਰੂ ਬਾਲਕ ਸਿੰਘ ਜੀ ਨਾਲ ਮਿਲਾਪ। ਉਹਨਾਂ ਵਲੋਂ ਹੀ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਮਿਸ਼ਨ ਨੂੰ ਅੱਗੇ ਤੋਰਨ ਦੀ ਵਰਾਸਤ ਵੀ ਪ੍ਰਾਪਤ ਹੋਈ। ਆਪ ਨੇ ਵੀਹ ਸਾਲ ਭਾਰੀ ਭਜਨ ਬੰਦਗੀ ਦਾ ਤੱਪ ਕੀਤਾ।

ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਲਿਖਿਆ ਹੈ ਆਪ ਨੂੰ ਆਕਾਸ਼ਬਾਣੀ



Sri Satguru Jagjit Singh Ji eLibrary NamdhariElibrary@gmail.com

ਹੋਈ ਕਿ ਦਸਮ ਗੁਰੂ ਜੀ ਦੀ ਰੀਤ ਨੂੰ ਜਗ ਤੇ ਬੜ੍ਹਾਵਾ ਦੇਵੋ। ਅਤੇ ਪ੍ਰਮੇਸ਼ਰ ਦਾ ਹੁਕਮ ਪਾ ਕੇ ਗੁਰੂ ਰਾਮ ਸਿੰਘ ਉਪਦੇਸ਼ ਦੇਣ ਲੱਗੇ। ਲੋਕਾਂ ਨੂੰ ਅੰਮ੍ਰਿਤ ਛਕਾਇਆ। ਆਪ ਦਾ ਭਾਰੀ ਜੱਸ ਫੈਲ ਗਿਆ। ਆਪ ਦੇ ਉਪਦੇਸ਼ ਨਾਲ ਲੋਕ ਨਾਮ ਦੇ ਰੰਗ ਵਿਚ ਰੰਗੇ ਗਏ। ਹੁੱਕਾ ਤੰਬਾਕੂ, ਫੀਮ, ਭੰਗ, ਪੋਸਤ, ਸ਼ਰਾਬ ਮਾਸ ਚੋਰੀ ਯਾਰੀ ਠੱਗੀ ਸਭ ਤਿਆਗ ਗਏ। ਸਤਿਜੁਗ ਜਿਹਾ ਸਮਾਂ ਆ ਗਿਆ।

ਸਤਿਗੁਰੂ ਰਾਮ ਸਿੰਘ ਜੀ ਦਾ ਪੱਕਾ ਨਿਸ਼ਚਾ ਸੀ ਕਿ ਜਿਸ ਕੌਮ ਦੇ ਲੋਕਾਂ ਦਾ ਨਿੱਜੀ ਚਰਿੱਤਰ ਨਾ ਹੋਵੇ, ਜੋ ਆਤਮਕ ਤੌਰ ਤੇ ਕਮਜ਼ੋਰ ਹੋਣ, ਜਿਨ੍ਹਾਂ ਦਾ ਸਮਾਜ ਫਜ਼ੂਲ ਬੇਅਰਥ ਰਸਮਾਂ ਵਿਚ ਗ੍ਰਸਿਆ ਹੋਵੇ, ਜਿਸ ਦੇ ਲੋਕ ਅਨਪੜ੍ਹ ਹੋਣ, ਇਸਤਰੀਆਂ ਦੀ ਦਸ਼ਾ ਬਹੁਤ ਤਰਸਯੋਗ ਹੋਵੇ, ਉਹ ਅਨਪੜ੍ਹ ਦੇ ਦੱਬੀਆਂ ਕੁਚਲੀਆਂ ਹੋਣ, ਜਿਨ੍ਹਾਂ ਦੇ ਵਿਆਹ ਹੀ ਭ੍ਰਿਸ਼ਟਾਚਾਰ ਦਾ ਸ੍ਰੋਤ ਹੋਣ ਉਹ ਕੌਮ ਕਦੇ ਵੀ ਰਾਜਨੀਤਿਕ ਤੌਰ ਤੇ ਨਾ ਆਜ਼ਾਦ ਰਹਿ ਸਕਦੀ ਹੈ ਨਾ ਖੁਦ ਮੁਖਤਿਆਰ ਅਤੇ ਇਕੋ ਸਮੇਂ ਹੀ ਇਨ੍ਹਾਂ ਸਾਰੀਆਂ ਕਮਜ਼ੋਰੀਆਂ ਵਿਰੁੱਧ ਹੱਲਾ ਬੋਲ ਦਿੱਤਾ।

ਗੁਰੂ ਰਾਮ ਸਿੰਘ ਨਾ ਕਿਸੇ ਰਾਜੇ ਦੇ ਘਰ ਜਨਮੇ ਸਨ ਨਾ ਉਹ ਪੁਜਾਰੀ ਸ਼੍ਰੇਣੀ ਵਿਚੋਂ ਨਾ ਰਈਸਾਂ ਵਿਚੋਂ। ਉਹ ਤਾਂ ਉਸ ਬਾਬਾ ਜੱਸਾ ਸਿੰਘ ਦੇ ਸਪੁੱਤਰ ਸਨ ਜੋ ਪਿੰਡ ਵਿਚ ਲੁਹਾਰਾ ਤਰਖਾਣਾ ਕੰਮ ਕਰਦੇ ਸਨ। ਉਹਨਾਂ ਆਪ ਵੀ ਹੱਥੀਂ ਕਿਰਤ ਕੀਤੀ, ਕਿਰਸਾਨੀ ਵੀ ਕੀਤੀ ਅਤੇ ਹੱਟੀ ਵੀ ਪਾਈ।

ਸਭ ਰਾਜੇ ਮਹਾਰਾਜੇ, ਜਗੀਰਦਾਰ, ਬਿਸਵੇਦਾਰ, ਮਹੰਤ ਪੁਜਾਰੀ ਤਾਂ ਅੰਗਰੇਜ਼ ਦੇ ਪੱਕੇ ਸਹਾਇਕ ਵਜੋਂ ਉਸ ਦੇ ਨਾਲ ਖੜ੍ਹੇ ਸਨ, ਪਰ ਸਤਿਗੁਰੂ ਰਾਮ ਸਿੰਘ ਦਾ ਮੁਆਜਜ਼ਾ ਇਹ ਸੀ ਕਿ ਆਪ ਲੋਕਾਂ, ਕਿਸਾਨਾਂ ਕਿਰਤੀਆਂ ਨੂੰ ਜਥੇਬੰਦ ਕਰਕੇ, ਉਸ ਸ਼ਕਤੀ ਜਿਸ ਦੇ ਰਾਜ ਵਿਚ ਸੂਰਜ ਨਹੀਂ ਡੁਬਦਾ ਉਸਦੇ ਵਿਰੋਧ ਵਿਚ ਲਿਆ ਖੜਾ ਕੀਤਾ ਅਤੇ ਉਹ ਵੀ ਇਕ ਸਾਧਾਰਨ ਪਿੰਡ ਚੋਂ ਹੀ ਕੰਮ ਕਰਕੇ।

ਡਾਕਟਰ ਫੌਜਾ ਸਿੰਘ ਬਾਜਵਾ ਨੇ ਆਪਣੀ ਪੁਸਤਕ 'ਕੂਕਾ ਮੂਵਮੈਂਟ' ਦੀ ਭੂਮਿਕਾ ਵਿਚ ਲਿਖਿਆ ਹੈ ਕਿ "ਕੂਕਿਆਂ ਨੇ ਬਰਤਾਨਵੀ ਜੂਲੇ ਤੋਂ ਆਜ਼ਾਦੀ ਦਾ ਸੁਪਨਾ ਲਿਆ, ਇਸ ਵਾਸਤੇ ਯੋਜਨਾ ਬਣਾਈ, ਜੱਦੋਜਹਿਦ ਦੀ ਤਕਨੀਕ ਏਜਾਦ ਕੀਤੀ। ਆਪਣੇ ਆਪ ਨੂੰ ਗਰਮ ਜੋਸ਼ੀ ਨਾਲ ਇਸ ਵਿਚ ਸੁੱਟ ਦਿੱਤਾ ਅਤੇ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਤੋਂ ਵੀ ਝਿਜਕ ਨਹੀਂ ਵਿਖਾਈ।"

ਸਤਿਗੁਰੂ ਰਾਮ ਸਿੰਘ ਜੀ ਨੇ ਨਿਜੀ ਚਰਿਤਰ ਵਿਚ ਇਹਨਾਂ ਗੱਲਾਂ ਨੂੰ ਸ਼ਾਮਲ ਕੀਤਾ—

ਤੜਕੇ ਸਵੇਰੇ ਉਠ ਕੇ ਕੇਸਾਂ ਸਮੇਤ ਰੋਜ਼ ਇਸ਼ਨਾਨ ਕਰਨਾ, ਨਾਮ ਜਪਣਾ, ਦਾਨ ਕਰਨਾ, ਕਿਰਤ ਕਮਾਈ ਦਸਾਂ ਨੌਹਾਂ ਦੀ ਕਰਨੀ ਅਤੇ ਪਰਾਏ ਹੱਕ ਤੇ ਪਰਾਏ ਧੰਨ ਨੂੰ ਪਾਪ ਸਮਝਣਾ। ਨੌਜਵਾਨ ਲੜਕੇ ਲੜਕੀਆਂ ਨੂੰ ਗੁਰਮੁਖੀ ਅੱਖਰ ਜ਼ਰੂਰ ਪੜ੍ਹਾਉਣੇ, ਘੱਟ ਉਮਰ ਦੀਆਂ ਪ੍ਰਚਲਤ ਸ਼ਾਦੀਆਂ ਤੇ ਰੋਕ ਲਾਉਣੀ। ਘੁੰਡ ਕੱਢਣ ਦੀ ਮਨਾਹੀ, ਸਤੀ ਦੀ ਰਸਮ ਦੀ ਵਿਰੋਧਤਾ,ਵਿਧਵਾ ਦੇ ਵਿਆਹ ਦੀ ਖੁਲ੍ਹ।

ਬੀਬੀਆਂ ਨੂੰ ਮਰਦਾਂ ਦੇ ਬਰਾਬਰ ਹੀ ਅੰਮ੍ਰਿਤ ਛਕਣ ਦਾ ਅਧਿਕਾਰ ਅਤੇ ਉਹਨਾਂ ਨੂੰ ਕਛਹਿਰੇ ਪਾਉਣ ਦੇ ਆਦੇਸ਼। ਦਾਜ ਦਹੇਜ ਤੋਂ ਬਗੈਰ ਸਾਦੇ ਅਤੇ ਸਸਤੇ ਸਮੂਹਿਕ ਅਨੰਦ ਕਾਰਜ।

੨-੩ ਜੂਨ ਨੂੰ ਪਿੰਡ ਖੋਟੇ ਉਦੋਂ ਜ਼ਿਲ੍ਹਾ ਫੀਰੋਜ਼ਪੁਰ ਅੱਜ ਕਲ੍ਹ ਜ਼ਿਲ੍ਹਾ ਫਰੀਦਕੋਟ ਵਿਚ ਇਕ ਖਾਸ ਮੇਲਾ ਕੀਤਾ। ਉਥੇ ਛੇ ਅਨੰਦ ਕਾਰਜ ਜ਼ਾਤ ਪਾਤ ਦੇ ਬੰਧਨਾਂ ਨੂੰ ਤੋੜ ਕੇ, ਸਾਦੇ ਤਰੀਕੇ ਨਾਲ ਕਰਕੇ ਅਨੰਦ ਕਾਰਜਾਂ ਦੀ ਰੀਤ ਤੋਰੀ। ਇਸ ਰੀਤ ਨੂੰ ਪ੍ਰਚਲਤ ਕਰਨ ਤੇ ਪੁਲੀਸ ਵਿਚ ਰਿਪੋਰਟ ਦਰਜ ਕਰਵਾਈ ਗਈ। ਪੁਲਿਸ ਦੀ ਦਖਲ ਅੰਦਾਜ਼ੀ ਨਾਲ ਮੇਲਾ ਬਰਖਾਸਤ ਕੀਤਾ ਗਿਆ। ਗੁਰੂ ਰਾਮ ਸਿੰਘ ਜੀ ਨੂੰ ਥਾਣਿਓਂ ਥਾਣੀ ਸ੍ਰੀ ਭੈਣੀ ਸਾਹਿਬ ਪਹੁੰਚਾ ਕੇ ਜੂਹ-ਬੰਦ ਕੀਤਾ ਗਿਆ। ਇਹ ਖੋਟਿਆਂ ਵਿਚ ਅਨੰਦ ਕਾਰਜਾਂ ਲਈ ਰਚਿਆ ਮੇਲਾ, ਗੁਰੂ ਜੀ ਅਤੇ ਨਾਮਧਾਰੀਆਂ ਦਾ ਅੰਗਰੇਜ਼ੀ ਸਰਕਾਰ ਵਿਚ ਦੁਸ਼ਮਣੀ ਦਾ ਇਕ ਤਰ੍ਹਾਂ ਨਾਲ ਸ੍ਰੀ ਗਣੇਸ਼ ਹੀ ਸੀ।

ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ ਹਕੂਮਤ ਦੀ ਸਰਦਾਰੀ ਨੂੰ ਮੁੱਢ ਤੋਂ ਹੀ ਨਹੀਂ ਸੀ ਮੰਨਿਆ ਅਤੇ ਉਹਨਾਂ ਦਾ ਮੁਖ ਮੰਤਵ ਇਸ ਤੋਂ ਆਜ਼ਾਦੀ ਪ੍ਰਾਪਤ ਕਰਨਾ ਹੀ ਸੀ।

ਉਹ ਇਹ ਵੀ ਜਾਣਦੇ ਸਨ ਕਿ ਬਰਤਾਨਵੀ ਸਾਮਰਾਜ ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਸਾਮਰਾਜ ਹੈ। ਉਹਨਾਂ ਦੀ ਦੀਰਘ ਸੋਚ ਨੇ ਇਹ ਵਿਸ਼ਲੇਸ਼ਣ ਕੀਤਾ ਹੋਇਆ ਸੀ ਕਿ ਇਸ ਦਾ ਮੁਖ ਮੰਤਵ ਵਿਉਪਾਰਕ ਲਾਭ ਹਨ ਅਤੇ ਵਸੀਲਾ ਇਸ ਦਾ ਲੋਕਾਂ ਵਿਚ ਫੁਟ ਪਾਉਣ ਦਾ। ਇਸ ਦੇ ਪ੍ਰਚਾਰ ਸਾਧਨ ਇਸ ਦੇ ਇਨਸਾਫ ਅਤੇ ਚੰਗੀ ਹਕੂਮਤ ਹੋਣ ਦਾ ਢੰਡੋਰਾ ਪਿੱਟਦੇ ਹਨ।

ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਚਾਰ ਲੋਕਾਂ ਨੂੰ ਜੋੜਦਾ ਸੀ। ਬਦੇਸ਼ ਵਿਚ ਬਣੀਆਂ ਅੰਗਰੇਜ਼ੀ ਵਸਤੂਆਂ ਦੇ ਬਾਈਕਾਟ ਦਾ ਸੰਦੇਸ਼ ਦਿੰਦਾ ਸੀ। ਬਦੇਸ਼ੀ ਸਕੂਲਾਂ, ਕੱਪੜਿਆਂ ਅਤੇ ਕਚਿਹਰੀਆਂ ਦੇ ਤਿਆਗ ਦਾ ਮੰਤਰ ਦਿੰਦਾ ਸੀ ਅਤੇ ਸੁਦੇਸ਼ੀ ਕੱਪੜਿਆਂ ਅਤੇ ਵਸਤੂਆਂ ਦਾ ਸਮਰਥਨ ਕਰਦਾ ਸੀ।

ਸੰਨ ੧੮੬੭ ਦੀ ੨੮ ਸਤੰਬਰ ਦੀ ਇਕ ਖਬਰ ਵਿਚ ਲਾਹੌਰ ਦਾ ਉਰਦੂ ਅਖਬਾਰ 'ਕੋਹਿਨੂਰ' ਗੁਰੂ ਰਾਮ ਸਿੰਘ ਬਾਰੇ ਇੰਜ ਲਿਖਦਾ ਹੈ—

"ਬਾਦ ਦੁਪਹਿਰ ਉਹ ਆਪਣੇ ਦੀਵਾਨਖਾਨੇ ਵਿਚ ਆਉਂਦੇ ਹਨ, ਇਜਲਾਸ ਲਾਉਂਦੇ ਅਤੇ ਕੂਕਿਆਂ ਦੇ ਮੁਕੱਦਮੇ ਪੇਸ਼ ਹੁੰਦੇ ਹਨ। ਇਹਨਾਂ ਲੋਕਾਂ ਦੇ ਮੁਕੱਦਮੇ ਕਦੇ ਵੀ ਅਦਾਲਤਾਂ ਵਿਚ ਨਹੀਂ ਜਾਂਦੇ। ਜੇ ਕਿਤੇ ਇਹਨਾਂ ਦਾ ਕੇਸ ਸਰਕਾਰੀ



Sri Satguru Jagjit Singh Ji eLibrary NamdhariElibrary@gmail.com

ਅਦਾਲਤ ਵਿਚ ਚਲਾ ਜਾਵੇ ਤਾਂ ਭਾਈ ਸਾਹਿਬ ਨਾਰਾਜ਼ ਹੁੰਦੇ ਹਨ।"

ਮੇਜਰ ਪਰਕਿਨਜ਼ ਨੇ ਕੂਕਿਆਂ ਦੇ ਪ੍ਰਾਈਵੇਟ ਡਾਕ ਪ੍ਰਬੰਧ ਦਾ ਜ਼ਿਕਰ ਮਾਰਚ ੧੮੬੭ ਦੀ ਰਿਪੋਰਟ ਵਿਚ ਪੇਸ਼ ਕਰਦਿਆਂ ਲਿਖਿਆ ਹੈ ਕਿ "ਕੂਕਿਆਂ ਜਾਂ ਸੰਤ ਖਾਲਸੇ ਦਾ ਆਪਣਾ ਪ੍ਰਾਈਵੇਟ ਡਾਕ ਪ੍ਰਬੰਧ ਹੈ। ਜਿਹੜਾ ਕਿ ਕਮਾਲ ਦੀ ਯੋਗਤਾ ਨਾਲ ਜਥੇਬੰਦ ਕੀਤਾ ਗਿਆ ਹੈ। ਜਦੋਂ ਇਕ ਕੂਕੇ ਕੋਲ ਦੂਸਰੇ ਥਾਂ ਤੋਂ ਸੁਨੇਹਾ ਪੁੱਜਦਾ ਹੈ ਤਾਂ ਉਹ ਸਾਰੇ ਕੰਮ ਤੁਰੰਤ ਛੱਡ ਕੇ, ਇਥੋਂ ਤੱਕ ਕਿ ਮੂੰਹ ਵਿਚ ਪਾਉਣ ਵਾਲੀ ਗਰਾਹੀ ਵੀ ਤਿਆਗ ਕੇ ਬਗੈਰ ਕੋਈ ਸੁਆਲ ਪੁੱਛੇ ਅਗਲੇ ਪੜਾਅ ਵੱਲ ਦੌੜ ਪੈਂਦਾ ਹੈ....ਉਹ ਜਰਨੈਲੀ ਸੜਕ ਤੇ ਸਫਰ ਕਰਨ ਤੋਂ ਪਰਹੇਜ਼ ਕਰਦੇ ਹਨ।"

ਦਰ ਅਸਲ ਇਤਿਹਾਸਕਾਰਾਂ ਅਤੇ ਕੌਮੀ ਨੇਤਾਵਾਂ, ਪੰਡਿਤ ਜਵਾਹਰ ਲਾਲ ਨਹਿਰੂ, ਨੇਤਾ ਜੀ ਸੁਭਾਸ਼ ਚੰਦਰ ਬੋਸ, ਰਾਸ਼ਟਰਪਤੀ ਬਾਬੂ ਰਾਜਿੰਦਰ ਪ੍ਰਸ਼ਾਦ, ਸ਼ਹੀਦ ਭਗਤ ਸਿੰਘ ਅਤੇ ਹੋਰ ਸਭ ਦਾ ਮੱਤ ਹੈ ਕਿ ਨਾਮਿਲਵਰਤਨ ਨੂੰ ਦੇਸ਼ ਦੀ ਆਜ਼ਾਦੀ ਵਾਸਤੇ ਇਕ ਹਥਿਆਰ ਵਜੋਂ ਵਰਤਣ ਦਾ ਸਬਕ ਪੜਾਉਣ ਵਾਲੇ ਸਤਿਗੁਰੂ ਰਾਮ ਸਿੰਘ ਜੀ ਹੀ ਸਨ। ਇਸ 'ਹਥਿਆਰ' ਦੀ ਵਿਆਪਕ ਪੱਧਰ ਤੇ ਵਰਤੋਂ ਬਾਦ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਨੇ ਮਹਾਤਮਾ ਗਾਂਧੀ ਜੀ ਦੀ ਅਗਵਾਈ ਵਿਚ ਕੀਤੀ।

ਸੰਨ ੧੮੬੩ ਤੋਂ ਲੈ ਕੇ ੮-੯ ਸਾਲ ਸਰਕਾਰ ਗੁਰੂ ਰਾਮ ਸਿੰਘ ਜੀ ਅਤੇ ਨਾਮਧਾਰੀਆਂ ਬਾਰੇ ਖੁਫੀਆ ਰਿਪੋਰਟਾਂ ਇਕੱਠੀਆਂ ਕਰਨ ਉੱਤੇ ਅਤੇ ਉਹਨਾਂ ਦੇ ਪ੍ਰਚਾਰ ਉੱਤੇ ਬਾਰ-ਬਾਰ ਪਾਬੰਦੀਆਂ ਲਾਉਣ ਉੱਤੇ ਲੱਗੀ ਰਹੀ।

ਪਰ ਸਤਿਗੁਰੂ ਰਾਮ ਸਿੰਘ ਜੀ ਕੋਲ ਹਰ ਹਮਲੇ ਦਾ ਤੋੜ ਸੀ। ਉਹਨਾਂ ਆਪਣੇ ਬਾਈ ਪ੍ਰਮੁਖ ਸੇਵਕਾਂ ਨੂੰ 'ਸੂਬਾ' ਦੀ ਪਦਵੀ ਦੇ ਕੇ ਪੂਰੇ ਮੁਲਕ ਨੂੰ ਪਿੰਡਾਂ ਤੱਕ ਜਥੇਬੰਦ ਕਰਕੇ ਏਨਾ ਪ੍ਰਚਾਰ ਕੀਤਾ ਕਿ ਇਕ ਅੰਗਰੇਜ਼ ਡੀ.ਆਈ.ਜੀ. ਪੁਲਿਸ ਮੇਜਰ ਮੈਕ ਐਂਡਰੀਯੂ ਨੇ ਆਪਣੀ ਰਿਪੋਰਟ ਵਿਚ ਲਿਖਿਆ ਕਿ "ਗੁਰੂ ਰਾਮ ਸਿੰਘ ਦੇ ਪ੍ਰਚਾਰ ਨੇ ਪੰਜਾਬ ਵਿਚ ਤਰਥੱਲੀ ਮਚਾ ਦਿੱਤੀ ਹੈ।" ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ ਕਿ ਦੇਸਾਂ ਦੇਸਾਂਤਰਾਂ ਵਿਚ ਉਹਨਾਂ ਦੀ ਧੂੰਮ ਮੱਚ ਗਈ।

ਬਾਘੇ ਪੁਰਾਣੇ ਦੇ ਥਾਣੇ ਵਿਚ ਖੋਟਿਆਂ ਦੇ ਮੇਲੇ ਦੀ ਰਿਪੋਰਟ ਦਰਜ ਕਰਵਾਂਦਿਆਂ ਕੂਕਿਆਂ ਬਾਰੇ ਲਿਖਵਾਇਆ ਗਿਆ, "ਉਹ ਸਰਕਾਰ ਵਿਰੁੱਧ ਗੱਲਾਂ ਕਰਦੇ ਹਨ, ਉਹ ਕਹਿੰਦੇ ਹਨ ਕਿ ਛੇਤੀ ਹੀ ਸਾਰਾ ਮੁਲਕ ਉਹਨਾਂ ਦਾ ਹੋ ਜਾਵੇਗਾ।"

ਅੰਗਰੇਜ਼ ਅਧਿਕਾਰੀ ਕਿੰਚੈਂਟ ਨੇ ਆਪਣੀ ਰਿਪੋਰਟ ਵਿਚ ਦਰਜ ਕੀਤਾ ਕਿ ਕੂਕਾ ਬਨਣ ਤੋਂ ਪਹਿਲਾਂ ਅਭਿਲਾਖੀ ਤੋਂ ਇਹ ਵਾਅਦਾ ਲਿਆ ਜਾਂਦਾ ਹੈ—

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥

ਜੇ. ਡਬਲਿਯੂ. ਮੈਕਨਬ ਨੇ ਰਿਪੋਰਟ ਦਿੱਤੀ, "ਗੁਰੂ ਰਾਮ ਸਿੰਘ ਸਾਧਾਰਨ ਸਾਧੂ ਫਕੀਰਾਂ ਵਾਂਗ ਨਹੀਂ ਰਹਿੰਦਾ। ਜਦ ਕਦੇ ਵੀ ਉਹ ਕਿਸੇ ਅਫ਼ਸਰ ਨੂੰ ਮਿਲੇ ਤਾਂ ਰਾਜਿਆਂ ਵਾਂਗ ਕਈ ਘੋੜ ਸਵਾਰ ਅਤੇ ਬਹੁਤ ਸਾਰੇ ਪੈਦਲ ਉਸਦੀ ਅਰਦਲ ਵਿਚ ਹੁੰਦੇ ਹਨ। ਅਫਸਰ ਦੇ ਕਮਰੇ ਵਿਚ ਵੀ ਰਾਜਿਆਂ ਦੇ ਨਾਲ ਦੇ ਦਰਬਾਰੀਆਂ ਵਾਂਗ ਉਸ ਨਾਲ ਕਈ ਆਦਮੀ ਅੰਦਰ ਆਉਂਦੇ ਹਨ।"

ਹੁਣ ਲੋਕਾਂ ਨੇ ਵੀ ਉਹਨਾਂ ਨੂੰ ਸੱਚਾ ਪਾਤਸ਼ਾਹ ਜਾਂ ਚੀਨੀ ਵਾਲਾ ਪਾਤਸ਼ਾਹ ਕਹਿਣਾ ਸ਼ੁਰੂ ਕਰ ਦਿੱਤਾ। ਸਰਕਾਰ ਨੇ ਇਸ ਗੱਲ ਦਾ ਵੀ ਗੰਭੀਰ ਨੋਟਿਸ ਲਿਆ। ਚੀਨੀ ਉਹਨਾਂ ਦੀ ਘੋੜੀ ਸੀ ਜਿਸ ਤੇ ਉਹ ਅਕਸਰ ਸਵਾਰੀ ਕਰਦੇ ਸਨ।

ਸੰਨ ੧੮੬੯ ਵਿਚ ਸਰਕਾਰ ਅੰਗਰੇਜ਼ੀ ਨੂੰ ਇਹਨਾਂ ਖ਼ਬਰਾਂ ਦੀ ਸੂਹ ਵੀ ਮਿਲੀ ਕਿ ਮਹਾਰਾਜਾ ਕਸ਼ਮੀਰ ਵਲੋਂ ਇਕ ਕੂਕਿਆਂ ਦੀ ਰਜਮੈਂਟ ਖੜੀ ਕੀਤੀ ਗਈ ਹੈ। ਇਹਦੇ ਵਿਚ ਭਰਤੀ ਹੋਣ ਵਾਲੇ ਰੰਗਰੂਟ ਨੂੰ ਗੁਰੂ ਰਾਮ ਸਿੰਘ ਜੀ ਵਲੋਂ ਦਿਤੇ ਪ੍ਰਮਾਣ ਪੱਤਰ ਦੇ ਅਧਾਰ ਤੇ ਹੀ ਨੌਕਰੀ ਮਿਲਦੀ ਹੈ।

ਸੰਨ ੧੮੭੦ ਦੀ ਸਰਕਾਰੀ ਰਿਪੋਰਟ ਵਿਚ ਗੁਰੂ ਜੀ ਵਲੋਂ ਨੇਪਾਲ ਸਰਕਾਰ ਵੱਲ ਭੇਜੇ ਇਕ ਉੱਚ ਰਾਜਸੀ ਪ੍ਰਤਿਨਿਧ ਮੰਡਲ ਅਤੇ ਉਹਨਾਂ ਵਲੋਂ ਬਹੁਤ ਕੀਮਤੀ ਤੋਹਫਿਆਂ ਦੇ ਆਦਾਨ ਪ੍ਰਦਾਨ ਦੀ ਸੂਹ ਕੱਢ ਲੈਣ ਦੀ ਗੱਲ ਕਹੀ ਗਈ ਹੈ।

ਸਤਿਗੁਰੂ ਰਾਮ ਸਿੰਘ ਜੀ ਪਰਚਾਰ ਦੌਰੇ ਕਰਦੇ ਰਹੇ, ਅੰਮ੍ਰਿਤਸਰ ਦੀ ਦੀਵਾਲੀ, ਮਾਨਾਂਵਾਲੇ ਦਾ ਹੋਲਾ, ਸ੍ਰੀ ਅਨੰਦਪੁਰ ਸਾਹਿਬ ਦਾ ਹੋਲਾ ਉਹਨਾਂ ਦੇ ਮਸ਼ਹੂਰ ਦੌਰੇ ਹਨ।

ਉਹਨਾਂ ਦੇ ਧਰਮ ਪ੍ਰਚਾਰ, ਸਮਾਜ ਸੁਧਾਰ ਦੀ ਸਿਖਿਆ ਅਤੇ ਆਜ਼ਾਦੀ ਪ੍ਰਾਪਤੀ ਲਈ ਸੰਦੇਸ਼ ਨੂੰ ਪਿੰਡ ਪਿੰਡ ਅਤੇ ਘਰ ਘਰ ਵਿਚ ਪਹੁੰਚਾਇਆ ਗਿਆ।

ਇਹ ਆਵਾਜ਼ਾਂ ਲੋਕ ਦੀਆਂ ਬੋਲੀਆਂ ਚੋਂ ਪ੍ਰਗਟ ਹੋਈਆਂ

"ਅਸਾਂ ਹਿੰਦ ਵਿਚ ਗ਼ਦਰ ਮਚਾਉਣਾ
ਕੱਢਣਾ ਫ਼ਿਰੰਗੀਆਂ ਨੂੰ"

..............................................

"ਦਿਨ ਤਾਂ ਰਹਿ ਗਏ ਥੋਹੜੇ ਹੁਣ ਕੀ ਦੇਖਦੈਂ
ਭੱਜੇ ਜਾਂਦੇ ਗੋਰੇ ਹੁਣ ਕੀ ਦੇਖਦੈਂ"

ਗੁਰੂ ਰਾਮ ਸਿੰਘ ਜੀ ਦੇ ਪ੍ਰਚਾਰ ਨੂੰ ਠੱਲ੍ਹ ਪਾਉਣ ਦੇ ਜਤਨ ਹੋ ਰਹੇ ਸਨ। ਉਹਨਾਂ ਨੂੰ ਕੈਦ ਕਰਕੇ ਲਹਿਰ ਨੂੰ ਦਬਾਉਣ ਦੀਆਂ ਗੋਂਦਾਂ ਗੁੰਦੀਆਂ ਜਾ ਰਹੀਆਂ ਸਨ ਕਿ ਅੰਮ੍ਰਿਤਸਰ ਵਿਚ ਸ਼ਹੀਦੀ ਘਟਨਾ ਵਾਪਰ ਗਈ।

ਪੰਜਾਬ ਤੇ ਕਾਬਜ਼ ਹੋਈ ਨਵੀਂ ਨਵੀਂ ਅੰਗਰੇਜ਼ ਹਕੂਮਤ ਨੇ ਲੋਕਾਂ ਵਿਚ ਕਲਹ ਜਗਾਉਣ ਵਾਸਤੇ ਇਥੇ ਗਊਕਸ਼ੀ ਦੀ ਆਗਿਆ ਦੇ ਦਿੱਤੀ। ਮਹਾਰਾਜਾ ਰਣਜੀਤ ਸਿੰਘ ਦੇ



Sri Satguru Jagjit Singh Ji eLibrary NamdhariElibrary@gmail.com

ਰਾਜ ਵਿਚ ਤਾਂ ਮੁਕੰਮਲ ਤੌਰ ਤੇ ਗਊ ਮਾਰਨ ਤੇ ਪਾਬੰਦੀ ਸੀ। ਕਿਰਸਾਨੀ ਦੇਸ਼ ਵਿਚ ਗਊ, ਮਾਤਾ ਵਜੋਂ ਪੂਜੀ ਜਾਂਦੀ ਸੀ ਅਤੇ ਲੰਮੇ ਸਮੇਂ ਤੋਂ ਇਹ ਭਾਰਤ ਵਿਚ ਆਜ਼ਾਦੀ ਦੇ ਚਿੰਨ੍ਹ ਵਜੋਂ ਵੀ ਪ੍ਰਵਾਨ ਸੀ। ਹੁਣ ਕੇਵਲ ਗਊ ਹੱਤਿਆ ਦੀ ਹੀ ਆਗਿਆ ਨਾ ਦਿੱਤੀ ਗਈ ਸਗੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਲਾਗੇ ਹੀ ਬੁੱਚੜਖਾਨਾ ਖੋਹਲ ਕੇ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਵੀ ਭੰਗ ਕੀਤੀ ਗਈ। ਹੁਣ ਗੁਲਾਮੀ ਦਾ ਅਤਿ ਘਿਨਾਉਣਾ ਰੂਪ ਸਾਹਮਣੇ ਆਉਣ ਤੇ ਲੋਕਾਂ ਵਿਚ ਭਾਰੀ ਰੋਹ ਫੈਲ ਗਿਆ।

ਕੁਝ ਨਾਮਧਾਰੀ ਸਿੰਘਾਂ ਨੇ ਆਪਸ ਵਿਚ ਹੀ ਮਤਾ ਪਕਾ ਕੇ ਇਕ ਰਾਤ ਨੂੰ ਅੰਮ੍ਰਿਤਸਰ ਬੁੱਚੜਖਾਨੇ ਤੇ ਹਮਲਾ ਕਰਕੇ, ਬੁਚੜਾਂ ਨੂੰ ਮਾਰ ਦਿੱਤਾ। ਗਊਆਂ ਆਜ਼ਾਦ ਕੀਤੀਆਂ ਅਤੇ ਆਪ ਫਰਾਰ ਹੋ ਗਏ। ਪੁਲੀਸ ਨੇ ਨਿਰਦੋਸ਼ ਲੋਕਾਂ ਨੂੰ ਕੁੱਟ ਕੁੱਟ ਕੇ ਦੋਸ਼ ਮਨਵਾ ਲਿਆ। ਜਦੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹਨਾਂ ਨੇ ਅਸਲ ਦੋਸ਼ੀਆਂ ਨੂੰ ਹੁਕਮ ਕੀਤਾ ਕਿ ਉਹ ਜੱਜ ਦੇ ਸਾਹਮਣੇ ਪੇਸ਼ ਹੋ ਕੇ ਆਪਣਾ ਕੀਤਾ ਸੱਚ ਸਚ ਦੱਸਣ। ਜਿਵੇਂ ਗਊ ਦੇ ਗਲੋਂ ਰੱਸੇ ਲਾਹੇ ਹਨ ਇਵੇਂ ਹੀ ਗਰੀਬਾਂ ਨੂੰ ਵੀ ਫਾਂਸੀ ਤੋਂ ਬਚਾਉਣ।

ਨਾਮਧਾਰੀ ਸਿੰਘਾਂ ਵਲੋਂ ਆਪ ਪੇਸ਼ ਹੋਕੇ ਦੋਸ਼ ਕਬੂਲਣ, ਫ਼ਾਂਸੀਆਂ ਦੇ ਰੱਸੇ ਚੁੰਮਣ ਅਤੇ ਬੇਦੋਸ਼ਿਆਂ ਨੂੰ ਛਡਾਉਣ ਨਾਲ ਸਰਕਾਰ ਅੰਗਰੇਜ਼ੀ ਦੀ ਬੜੀ ਬਦਨਾਮੀ ਹੋਈ ਅਤੇ ਸਤਿਗੁਰੂ ਰਾਮ ਸਿੰਘ ਦੀ ਜੈ ਜੈਕਾਰ ਹੋਈ।

ਹੁਣ ਤੇਜ਼ ਖਿਆਲਾਂ ਵਾਲੇ ਕੂਕੇ ਮਸਤਾਨਿਆਂ ਦਾ ਖੂਨ ਵਿਦਰੋਹ ਦੀ ਗਰਮੀ ਨਾਲ ਖੌਲਣ ਲੱਗਾ। ਬਹਾਨਾ ਤਾਂ ਬੁਚੜ ਮਾਰਨ ਦਾ ਸੀ, ਪਰ ਅੰਗਰੇਜ਼ ਹਕੂਮਤ ਦੇ ਆਪਣੇ ਮੰਨਣ ਅਨੁਸਾਰ ਇਹ ਅੰਗਰੇਜ਼ ਹਕੂਮਤ ਵਿਰੁੱਧ ਬਗਾਵਤ ਸੀ, ਇਹ ਸਿੱਧਾ ਵਿਦਰੋਹ ਸੀ। ਸਰਕਾਰ ਦੇ ਹੁਕਮਾਂ ਦੀ ਮਿੱਟੀ ਪਲੀਤ ਹੋਈ ਸੀ। ਅੰਮ੍ਰਿਤਸਰ ਤੋਂ ਇਲਾਵਾ ਰਾਇਕੋਟ ਅਤੇ ਲੁਧਿਆਣਾ ਵਿਚ ਵੀ ਸਿੰਘਾਂ ਨੂੰ ਫਾਂਸੀਆਂ ਦੀਆਂ ਸਜ਼ਾਵਾਂ ਹੋਈਆਂ ਅਤੇ ਇਹ ਆਮ ਲੋਕਾਂ ਦੇ ਸਾਹਮਣੇ ਸ਼ਹਾਦਤਾਂ ਹੋਈਆਂ ਅਤੇ ਮਲੇਰਕੋਟਲਾ ਵਿਚ ਭਿਆਨਕ ਨਰ ਸੰਘਾਰ ਨਾਲ ਇਸ ਘਟਨਾ ਚੱਕਰਾਂ ਦਾ ਸਿਖਰ ਹੋਇਆ।

੧੭ ਅਤੇ ੧੮ ਜਨਵਰੀ ੧੮੭੨ ਨੂੰ ਹੱਸਦੇ ਹੱਸਦੇ ਸ਼ਬਦ ਪੜ੍ਹਦੇ ਅੰਗਰੇਜ਼ ਹਕੂਮਤ ਵਿਰੁੱਧ ਖੁੱਲੇ ਬੋਲੇ ਕਰਦੇ ਇਕ ਦੂਜੇ ਤੋਂ ਅੱਗੇ ਵਧ ਵਧ ਕੇ ਤੋਪਾਂ ਨੂੰ ਜੱਫੀਆਂ ਪਾਉਂਦੇ ਸਿੰਘ ਸ਼ਹੀਦ ਹੋ ਗਏ। ੬੫ ਤਾਂ ਤੋਪਾਂ ਦੇ ਸਾਹਮਣੇ ਛਾਤੀਆਂ ਤਾਣ ਕੇ ਉਡੇ ਅਤੇ ਇਕ ਕੇਵਲ ੧੨ ਸਾਲ ਦਾ ਬੱਚਾ ਤਲਵਾਰ ਨਾਲ ਸ਼ਹੀਦ ਕੀਤਾ ਗਿਆ। ਇਸ ਬੱਚੇ ਸ਼ਹੀਦ ਬਿਸ਼ਨ ਸਿੰਘ ਨੇ ਅੰਗਰੇਜ਼ ਡਿਪਟੀ ਕਮਿਸ਼ਨਰ ਮਿਸਟਰ ਕਾਵਨ ਨੂੰ ਦਾੜ੍ਹੀ ਫੜ ਕੇ ਉਸ ਨੂੰ ਝੰਜੋੜਿਆ। ਉਸ ਦੇ ਹੱਥ ਤਲਵਾਰ ਨਾਲ ਵੱਢ ਕੇ ਜਾਨੋਂ ਮਾਰ ਕੇ ਕਾਵਨ ਦੀ ਜਾਨ ਬਚਾਈ ਗਈ। ਸ਼ਹੀਦ ਵਰਿਆਮ ਸਿੰਘ ਨੂੰ ਬਹੁਤ ਉੱਚੀ ਸਿਫਾਰਸ਼ ਤੇ ਨੀਵੇਂ ਕੱਦ ਦਾ ਬਹਾਨਾ ਬਣਾ ਕੇ ਛਡਿਆ ਜਾਣ ਲੱਗਾ। ਪਰ ਉਹ ਰੱਕੜ ਵਿਚ ਮਿੱਟੀ ਢੇਮਾਂ ਇਕੱਠੀਆਂ ਕਰਕੇ ਢੇਰੀ ਤੇ ਖੜ੍ਹਾ ਹੋ ਗਿਆ। ਇਹਨਾਂ ਸੂਰਮਿਆਂ ਨੇ ਸਰਕਾਰ ਦੀ ਇਸ ਕੋਸ਼ਿਸ਼ ਨੂੰ ਨਾਕਾਮ ਕਰ ਦਿੱਤਾ ਕਿ ਕੋਈ ਤਾਂ ਆਪਣੇ ਜੁਰਮ ਤੋਂ ਇਨਕਾਰ ਕਰੇ। ਕੋਈ ਤਾਂ ਪਸ਼ੇਮਾਨ ਹੋਵੇ ਮਾਫੀ ਮੰਗੇ। ਲੋਕ ਰਾਏ ਹੈ ਕਿ ਇਕ ਬੱਚਾ ਆਪਣੇ ਮਾਮੇ ਦੀ ਪਿੱਠ ਤੇ ਹੀ ਨਾਲ ਹੀ ਸ਼ਹੀਦ ਹੋਇਆ। ਦੋ ਮਾਤਾਵਾਂ ਇੰਦ ਕੌਰ ਤੇ ਖੇਮ ਕੌਰ ਨੇ ਸਰਗਰਮੀ ਨਾਲ ਹਿੱਸਾ ਲਿਆ ਸੀ। ਉਹ ਕੈਦ ਵੀ ਸ਼ਨ ਪਰ ਉਹਨਾਂ ਨੂੰ ਛੱਡ ਦਿੱਤਾ ਗਿਆ। ਵੱਖ ਵੱਖ ਥਾਵਾਂ ਤੇ ਕੋਈ ੮੦ ਸਿੰਘ ਸ਼ਹੀਦੀਆਂ ਪਾ ਗਏ।

ਅਜੇ ਮਲੇਰਕੋਟਲਾ ਵਿਚ ਸ਼ਹੀਦੀਆਂ ਦਾ ਪਹਿਲਾ ਪੂਰ ਹੀ ਲੰਘਿਆ ਸੀ ਕਿ ੧੭-੧੮ ਜਨਵਰੀ ੧੮੭੨ ਦੀ ਵਿਚਕਾਰਲੀ ਰਾਤ ਨੂੰ ਭੈਣੀ ਸਾਹਿਬ ਤੇ ਕਹਿਰ ਟੁੱਟ ਪਿਆ। ਲੱਖਾਂ ਦਿਲਾਂ ਦੇ ਮਹਿਬੂਬ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕੀਤਾ ਗਿਆ। ਬਗੈਰ ਮੁਕੱਦਮਾ ਚਲਾਇਆਂ, ਬਗੈਰ ਦੋਸ਼ ਸਾਬਤ ਕੀਤਿਆਂ ਮੁਖੀ ਸੂਬਿਆਂ ਸਹਿਤ ਸਪੈਸ਼ਲ ਰੇਲ ਗੱਡੀ ਰਾਹੀਂ ਵਿਸ਼ੇਸ਼ ਗਾਰਦ ਦੇ ਪਹਿਰੇ ਹੇਠ ਲੁਧਿਆਣੇ ਸਟੇਸ਼ਨ ਤੋਂ ਰੇਲ ਰਾਹੀਂ ਅਲਾਹਬਾਦ ਭੇਜਿਆ ਗਿਆ। ਉਥੋਂ ਕੁਝ ਸਮੇਂ ਬਾਦ ਕਲਕੱਤੇ ਰਾਹੀਂ ਸਮੁੰਦਰੀ ਜਹਾਜ਼ ਤੇ ਬਰ੍ਹਮਾ ਦੇਸ਼ ਦੀ ਰਾਜਧਾਨੀ ਰੰਗੂਨ ਵਿਚ ਕੈਦ ਕੀਤਾ ਗਿਆ। ਨਾਲ ਗਏ ਸੂਬੇ ਅਤੇ ਹੋਰ ਮੁਖੀ ਨਾਮਧਾਰੀ ਨੇਤਾਵਾਂ ਨੂੰ ਦੇਸ਼ ਵਿਦੇਸ਼ ਦੀਆਂ ਜਿਹਲਾਂ ਵਿਚ ਡੱਕਿਆ ਗਿਆ। ਬਰ੍ਹਮਾ ਵਿਚ ਮੌਲੀਮੀਨ ਤੇ ਮਰਗੋਈ, ਅਰਬ ਵਿਚ ਅਦਨ, ਭਾਰਤ ਵਿਚ ਚੁਨਾਰ, ਅਸੀਰ ਗੜ੍ਹ, ਹਜ਼ਾਰੀ ਬਾਗ ਵਿਚ ਇਹ ਸੂਰਮੇ ਡੱਕੇ ਗਏ। ਸਾਰਾ ਨਾਮਧਾਰੀ ਪੰਥ ਗੈਰ ਕਾਨੂੰਨੀ ਘੋਸ਼ਿਤ ਕੀਤਾ ਗਿਆ। ਇਹਨਾਂ ਨੂੰ ਪ੍ਰਚਾਰ ਪ੍ਰਸਾਰ, ਮਿਲਣ ਗਿਲਨ, ਧਾਰਮਿਕ ਸਮਾਗਮ ਅਖੰਡ ਪਾਠ ਆਦਿ ਕਰਨ ਤੇ ਵੀ ਪਾਬੰਦੀ ਲਾਈ ਗਈ। ਹੁਕਮ ਅਦੂਲੀ ਲਈ ਜਿਹਲ ਵੀ ਭੇਜੇ ਗਏ। ਜਾਇਦਾਦਾਂ ਕੁਰਕ ਕੀਤੀਆਂ ਗਈਆਂ। ਭੈਣੀ ਸਾਹਿਬ ਦੇ ਡੇਰੇ ਵਿਚੋਂ ਘਰ ਦੇ ਕੁਝ ਜੀਆਂ ਨੂੰ ਛੱਡ ਕੇ ਸਭ ਨੂੰ ਕੱਢ ਦਿੱਤਾ ਗਿਆ। ਭੈਣੀ ਸਾਹਿਬ ਦੀਆਂ ਖਾਸ ਥਾਵਾਂ ਦੀ ਬਾਰ ਬਾਰ ਤਲਾਸ਼ੀ ਲਈ ਗਈ ਅਤੇ ਪਾਣੀ ਹਾਂਡੇ ਤੱਕ ਜ਼ਮੀਨ ਪੁੱਟੀ ਗਈ। ਭਾਰਤ ਦੇ ਇਤਿਹਾਸ ਵਿਚ ਇਕੋ ਇਕ ਇਹ ਭੈਣੀ ਸਾਹਿਬ ਦਾ ਸਥਾਨ ਸੀ ਜਿਸ ਵਿਚ ਗੁਰੂ ਸਾਹਿਬ ਦੇ ਨਿਵਾਸ ਅਸਥਾਨ ਦੇ ਬਾਹਰ ਪੂਰੀ ਅੱਧੀ ਸਦੀ ਤੱਕ ਪੁਲਿਸ ਦੀ ਵਿਸ਼ੇਸ਼ ਚੌਕੀ ਕਾਇਮ ਰਹੀ।

ਬਹੁਤ ਜਤਨਾਂ ਬਾਦ ਨਾਮਧਾਰੀਆਂ ਨੇ ਕਿਸੇ ਨਾ ਕਿਸੇ ਤਰ੍ਹਾਂ ਪਤਾ ਲਾ ਲਿਆ ਕਿ ਸਤਿਗੁਰੂ ਰਾਮ ਸਿੰਘ ਜੀ ਬਰ੍ਹਮਾ ਵਿਚ ਹਨ। ਸਰਕਾਰ ਅੰਗਰੇਜ਼ੀ ਦਾ ਇਹ ਪੱਕਾ ਨਿਰਣਾ ਸੀ ਕਿ ਹਰ ਹੀਲੇ ਗੁਰੂ ਰਾਮ ਸਿੰਘ ਜੀ ਦਾ ਸੰਪਰਕ ਪੰਜਾਬ ਨਾਲ ਨਹੀਂ ਹੋਣ ਦੇਣਾ। ਪਰ ਸੇਵਕਾਂ ਨੇ ਇਹ ਜਤਨ ਵਿਫਲ ਕਰ ਹੀ ਦਿੱਤਾ। ਭਾਰੀ ਮੁਸੀਬਤਾਂ ਝਾਗ ਕੇ, ਭੇਸ ਬਦਲ ਬਦਲ ਕੇ



Sri Satguru Jagjit Singh Ji eLibrary NamdhariElibrary@gmail.com

ਬਰ੍ਹਮਾ ਵਿਚ ਸਤਿਗੁਰੂ ਜੀ ਨਾਲ ਜਾ ਗੁਪਤ ਮੁਲਾਕਾਤਾਂ ਕੀਤੀਆਂ। ਉਥੋਂ ਉਹਨਾਂ ਦੇ ਹੱਥ ਲਿਖੇ ਹੁਕਮਨਾਮੇ ਲਿਆਂਦੇ ਅਤੇ ਗੁਪਤ ਰੂਪ ਵਿਚ ਹੀ ਵੰਡੇ। ਇਸ ਕੰਮ ਵਿਚ ਕਈ ਕੁਰਬਾਨ ਹੋ ਗਏ ਕਈ ਫੜੇ ਗਏ ਅਤੇ ਕਈ ਹੁਕਮਨਾਮੇ ਸਰਕਾਰ ਨੇ ਜ਼ਬਤ ਵੀ ਕੀਤੇ। ਇਹ ਜ਼ੁਲਮ ਅਤੇ ਜ਼ੁਲਮ ਸਹਿਣ ਦੀ ਲੰਮੀ ਦਾਸਤਾਨ ਹੈ।

ਇੰਨੀਆਂ ਭਾਰੀ ਮੁਸੀਬਤਾਂ ਦੇ ਬਾਵਜੂਦ ਸ੍ਰੀ ਭੈਣੀ ਸਾਹਿਬ ਵਿਚ ਬੈਠੇ ਸਤਿਗੁਰੂ ਰਾਮ ਸਿੰਘ ਜੀ ਦੇ ਜਾਨਸ਼ੀਨ ਅਤੇ ਛੋਟੇ ਭਾਈ ਗੁਰੂ ਹਰੀ ਸਿੰਘ ਜੀ ਨੇ ਸਭ ਤਸੀਹੇ ਸ਼ਾਂਤੀ ਨਾਲ ਜਰਦਿਆਂ ਠੰਡੀ ਮੂਰਤ ਦਾ ਰੂਪ ਧਾਰ ਕੇ ਇਹਨਾਂ ਮੁਸੀਬਤਾਂ ਦਾ ਮੁਕਾਬਲਾ ਕੀਤਾ। ਉਹਨਾਂ ਇਕ ਪਾਸੇ ਸਤਿਗੁਰੂ ਰਾਮ ਸਿੰਘ ਜੀ ਨਾਲ ਬਰ੍ਹਮਾ ਵਿਚ ਸੰਪਰਕ ਰਖਿਆ। ਦੂਸਰੇ ਪਾਸੇ ਰੂਸ ਸਰਕਾਰ ਨਾਲ ਅਤੇ ਤੀਜੇ ਪਾਸੇ ਜਲਾਵਤਨ ਮਹਾਰਾਜਾ ਦਲੀਪ ਸਿੰਘ ਨਾਲ ਵੀ ਆਪਣੇ ਨੁਮਾਇੰਦਿਆਂ ਰਾਹੀ ਸੰਪਰਕ ਬਣਾਈ ਰਖਿਆ।

ਸਤਿਗੁਰੂ ਰਾਮ ਸਿੰਘ ਜੀ ਵਲੋਂ ਜਾਰੀ ਕੀਤੇ ਗਏ ਸਦਾ-ਬਰਤ ਲੰਗਰ ਨੂੰ ਵੀ ਬਾਵਜੂਦ ਦੇਸ਼ ਵਿਚ ਕਾਲ ਪੈ ਜਾਣ ਦੇ ਵੀ ਜਾਰੀ ਰਖਿਆ ਅਤੇ ਇਸ ਦੇ ਬਦਲੇ ਸਰਕਾਰ ਵਲੋਂ ਸਹਾਇਤਾ ਦੀ ਪੇਸ਼ਕਸ਼ ਨੂੰ ਵੀ ਠੁਕਰਾਇਆ।

ਗੁਰੂ ਹਰੀ ਸਿੰਘ ਜੀ ਦੇ ਪ੍ਰਲੋਕ ਸਿਧਾਰਨ ਬਾਦ ਉਹਨਾਂ ਦੇ ਵੱਡੇ ਸਪੁੱਤਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰੋਗਰਾਮ ਦੀ ਮਾਨ ਮਰਿਆਦਾ ਅਤੇ ਆਨ ਸ਼ਾਨ ਕਾਇਮ ਰੱਖੀ। ਆਪ ਨੇ ਰਾਖ ਦੇ ਢੇਰ ਵਿਚੋਂ ਮੁੜ ਨਾਮਧਾਰੀ ਪੰਥ ਦੀ ਉਸਾਰੀ ਕੀਤੀ। ਸ੍ਰੀ ਭੈਣੀ ਸਾਹਿਬ ਵਿਚੋਂ ਪੁਲਿਸ ਦੀ ਚੌਂਕੀ ਉਠਵਾਈ। ਆਪ ਮਹਾਨ ਪ੍ਰਤਾਪੀ ਅਤੇ ਸਰਬ ਸਾਂਝੀ ਸ਼ਖਸੀਅਤ ਸਨ। ਇੰਡੀਅਨ ਨੈਸ਼ਨਲ ਕਾਂਗਰਸ ਵਲੋਂ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰੋਗਰਾਮ ਨੂੰ ਹੀ ਅਪਣਾ ਕੇ ਪੂਰਨ ਸਵਰਾਜ ਲਈ ਸੰਘਰਸ਼ ਵਿੱਢਿਆ ਤਾਂ ਆਪਨੇ ਪੂਰੀ ਸਰਗਰਮੀ ਨਾਲ ਇਸ ਨੂੰ ਮਦਦ ਦਿੱਤੀ। ਲਾਹੌਰ ਦੇ ੧੯੨੯ ਈ. ਵਾਲੇ ਕਾਂਗਰਸ ਸੈਸ਼ਨ ਵਿਚ ਪੂਰਨ ਆਜ਼ਾਦੀ ਦਾ ਮਤਾ ਪਾਸ ਹੋਇਆ। ਇਸ ਸੈਸ਼ਨ ਵਿਚ ਨਾਮਧਾਰੀਆਂ ਵੱਧ ਚੜ੍ਹ ਕੇ ਹਿੱਸਾ ਲਿਆ। ਭਾਗ ਲੈਣ ਵਾਲਿਆਂ ਵਾਸਤੇ ਮੁਫਤ ਲੰਗਰ ਦਾ ਪ੍ਰਬੰਧ ਕੀਤਾ ਅਤੇ ਘੋੜ ਚੜ੍ਹੇ ਨੌਜਵਾਨ ਨਾਮਧਾਰੀ ਸਿੰਘ ਸੈਸ਼ਨ ਦੇ ਪ੍ਰਧਾਨ ਪੰਡਿਤ ਜਵਾਹਰ ਲਾਲ ਨਹਿਰੂ ਜੀ ਦੇ ਜਲੂਸ ਦੀ ਅਗਵਾਈ ਵਾਸਤੇ ਨਿਕਲੇ।

ਇਸੇ ਤਰ੍ਹਾਂ ਲੁਧਿਆਣਾ ਵਿਚ ਸਟੇਟ ਪੀਪਲਜ਼ ਕਾਨਫਰੰਸ ਵਿਚ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪ ਘੋੜੇ ਤੇ ਚੜ੍ਹ ਕੇ ਅਤੇ ਪੰਡਿਤ ਨਹਿਰੂ ਜੀ ਨੂੰ ਆਪਣਾ ਖਾਸ ਘੋੜਾ ਪੇਸ਼ ਕਰਕੇ ਜਲੂਸ ਦੀ ਅਗਵਾਈ ਕੀਤੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਜੋੜਣ ਵਾਸਤੇ ਅਨੇਕਾਂ ਕਾਨਫਰੰਸਾਂ ਕੀਤੀਆਂ। ਕਦੇ ਹਿੰਦੂ ਸਿੱਖ ਮਿਲਾਪ ਕਾਨਫਰੰਸ, ਕਦੇ ਸਰਬ ਸੰਪਰਦਾਇ ਗੁਰੂ ਨਾਨਕ ਨਾਮ ਲੇਵਾ ਕਾਨਫਰੰਸ, ਕਦੇ ਸੰਗੀਤ ਅਤੇ ਕਦੇ ਪੰਜਾਬੀ ਕਾਨਫਰੰਸ। ਸਤਿਗੁਰੂ ਰਾਮ ਸਿੰਘ ਜੀ ਦੇ ਸਮਾਜ ਸੁਧਾਰ ਮਿਸ਼ਨ ਨੂੰ ਅੱਗੇ ਵਧਾਉਂਦਿਆਂ ਵਿਆਹਾਂ ਸਮੇਂ ਫਜ਼ੂਲ ਖਰਚੀ ਨੂੰ ਹੋਰ ਵੀ ਰੋਕਿਆ। ਆਪਣੇ ਪ੍ਰਚਾਰ ਹਿਤ ਥਾਈਲੈਂਡ ਅਤੇ ਅਫਰੀਕਾ ਵਿਚ ਨਾਮਧਾਰੀ ਕੇਂਦਰ ਸਥਾਪਤ ਕੀਤੇ। ਸ੍ਰੀ ਜੀਵਨ ਨਗਰ ਇਲਾਕਾ ਜ਼ਿਲ੍ਹਾ ਸਿਰਸਾ ਵਿਚ ਆਪ ਨੇ ਕਈ ਪਿੰਡਾਂ ਵਿਚ ਨਾਮਧਾਰੀ ਸੰਗਤਾਂ ਨੂੰ ਆਬਾਦ ਕੀਤਾ। ਬੇ ਜ਼ਮੀਨਿਆਂ ਨੂੰ ਜ਼ਮੀਨਾਂ ਦਿੱਤੀਆਂ ਅਤੇ ਦੇਸ਼ ਵੰਡ ਸਮੇਂ ਆਏ ਲੋਕਾਂ ਨੂੰ ਸੰਭਾਲਿਆ। ਆਪ ਦੇ ਸਮੇਂ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਮੁਖ ਟੀਚੇ 'ਦੇਸ਼ ਦੀ ਆਜ਼ਾਦੀ' ਦਾ ਸੁਪਨਾ ਵੀ ਸਾਕਾਰ ਹੋਇਆ।

ਨਾਮਧਾਰੀਆਂ ਦੇ ਵਰਤਮਾਨ ਰਹਿਨੁਮਾ ਸਤਿਗੁਰੂ ਜਗਜੀਤ ਸਿੰਘ ਜੀ ਸੰਨ ੧੯੫੯ ਵਿਚ ਗੱਦੀ ਤੇ ਸ਼ਸ਼ੋਭਿਤ ਹੋਏ। ਆਪਨੇ ਬਹੁਤ ਸਰਗਰਮੀ ਨਾਲ ਸਤਿਗੁਰੂ ਰਾਮ ਸਿੰਘ ਜੀ ਦੀ ਸੋਚ ਅਨੁਸਾਰ ਆਪਣੇ ਸਭਿਆਚਾਰ, ਆਪਣੇ ਸਾਂਸਕ੍ਰਿਤਕ ਅਤੇ ਧਾਰਮਕ ਵਿਰਸੇ ਨਾਲ ਲੋਕਾਂ ਨੂੰ ਜੋੜਣ ਦੇ ਸਫਲ ਜਤਨ ਕੀਤੇ ਹਨ। ਦੇਸ਼ ਦੇ ਵਿਕਾਸ ਅਤੇ ਖੁਸ਼ਹਾਲੀ ਵਾਸਤੇ ਅਤੇ ਸੰਸਾਰ ਵਿਚ ਅਮਨ ਕਾਇਮ ਕਰਨ ਦੇ ਉਪਰਾਲਿਆਂ ਵਿਚ ਨਿੱਗਰ ਯੋਗਦਾਨ ਪਾਇਆ ਹੈ। ਨਾਮਧਾਰੀਆਂ ਦੇ ਸ਼ਾਨਾਂ-ਮੱਤੇ ਇਤਿਹਾਸ ਨੂੰ ਲੋਕਾਂ ਤੱਕ ਪਹੁੰਚਾਣ ਵਾਸਤੇ ਵਿਸ਼ੇਸ਼ ਯਤਨ ਕੀਤੇ ਹਨ। ਪੂਰਵ ਨਾਮਧਾਰੀ ਸਤਿਗੁਰੂ ਸਾਹਿਬਾਨ ਅਤੇ ਨਾਮਧਾਰੀ ਸ਼ਹੀਦਾਂ ਨਾਲ ਸੰਬੰਧਤ ਸਭ ਥਾਵਾਂ ਨੂੰ ਪ੍ਰਾਪਤ ਕਰਕੇ ਸ਼ਾਨਦਾਰ ਭਵਨ, ਮੰਦਰ ਅਤੇ ਸਮਾਰਕ ਸਥਾਪਤ ਕੀਤੇ ਹਨ। ਨਾਮਧਾਰੀ ਯੁਵਕਾਂ ਨੂੰ ਸਾਹਿਤ, ਸੰਗੀਤ ਅਤੇ ਸਪੋਰਟਸ ਵਿਚ ਵਿਸ਼ੇਸ਼ ਥਾਂ ਦਵਾਈ ਹੈ। ਹਰ ਚੰਗੇ ਯਤਨ ਦੇ ਆਪ ਸਰਪ੍ਰਸਤ ਹਨ। ਸਤਿਗੁਰੂ ਰਾਮ ਸਿੰਘ ਜੀ ਦੀ ਯਾਦ ਵਿਚ ਯੂਨੀਵਰਸਿਟੀਆਂ ਵਿਚ ਚੇਅਰਾਂ ਸਥਾਪਤ ਕਰਵਾਈਆਂ ਹਨ। ਉਹਨਾਂ ਦੇ ਦਰਸ਼ਨਾਂ ਨਮਿਤ ਲੱਖਾਂ ਪਾਠਾਂ ਅਤੇ ਵਰਨੀਆਂ ਦੇ ਯੱਗ ਪ੍ਰਯੋਗ ਮੇਲੇ ਕਰਵਾਏ ਹਨ।

ਨਾਮਧਾਰੀਆਂ ਦਾ ਨਿਸ਼ਚਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਵਾਪਸ ਦੇਸ਼ ਆਉਣਾ ਹੈ ਅਤੇ ਸਤਿਜੁਗ ਲਾਉਣਾ ਹੈ। ਉਹਨਾਂ ਦੀ ਸਹੀ ਬਸੰਤ ਉਦੋਂ ਹੋਵੇਗੀ ਜਦੋਂ ਉਹ ਆਪ ਵਿਚ ਹੋਣਗੇ।

ਅੱਜ ਵੀ ਨਾਮਧਾਰੀ ਆਪਣੇ ਦੀਵਾਨਾਂ ਵਿਚ ਪਰਦੇਸੀ ਪ੍ਰੀਤਮ ਦੀ ਯਾਦ ਵਿਚ ਹਾੜ੍ਹੇ ਕੱਢਦੇ ਹਨ। ਹਾਲ ਤੋਂ ਬੇਹਾਲ ਹੋਏ ਵਾਸਤੇ ਪਾਉਂਦੇ ਹਨ :-

"ਦਸ ਪਰਦੇਸੀਆ ਵੇ ਕਦੋਂ ਘਰ ਆਵੇਂਗਾ ?"

❖❖❖



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਸਾਗਰ ਨੂੰ ਕੁੱਜੇ 'ਚ ਬੰਦ ਕਰਨਾ ਉਚਿੱਤ ਨਹੀਂ

—ਡਾ. ਅਜੀਤ ਸਿੰਘ

ਮੈਂ 'ਵਰਿਆਮ' ਵਿੱਚ ਨਾਮਧਾਰੀ ਅੰਦੋਲਨ ਦੇ ਕ੍ਰਾਂਤੀਕਾਰੀ ਸੰਕਲਪ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਅਧਿਆਤਮਿਕ, ਧਾਰਮਿਕ, ਸਮਾਜਿਕ, ਸਭਿਆਚਰਕ ਅਤੇ ਰਾਜਨੀਤਕ ਪੱਖੋਂ ਮਹਾਨ ਇਤਿਹਾਸਕ ਦੇਣ ਦੇ ਜ਼ਿਕਰ ਬਾਰੇ ਕਈ ਲੇਖ ਲਿਖੇ ਹਨ। ਏਸੇ ਤਰ੍ਹਾਂ ਦਿਨੋ ਦਿਨ ਡਿੱਗ ਰਹੇ ਸਿੱਖੀ ਕਿਰਦਾਰ, ਸਿੱਖੀ ਸਭਿਆਚਾਰ ਅਤੇ ਸਿੱਖੀ ਵਿਰਾਸਤ ਨੂੰ ਲੱਗ ਰਹੇ ਢਾਹ ਦਾ ਵੀ ਮੈਂ ਕੁਝ ਇਕ ਲੇਖਾਂ ਵਿਚ ਵਰਣਨ ਕੀਤਾ ਹੈ। ਮੈਂ, ਮਹਾਨ ਤਾਂ ਕੀ, ਆਪਣੇ ਆਪ ਨੂੰ ਇਤਿਹਾਸਕਾਰ ਵੀ ਨਹੀਂ ਸਮਝਦਾ। ਪਰ ਮੈਂ ਇਸ ਗੱਲ ਤੋਂ ਇਨਕਾਰ ਨਹੀਂ ਕਰਨਾ ਚਾਹੁੰਦਾ ਕਿ ਮੈਂ ਸਿੱਖ ਇਤਿਹਾਸ ਦਾ ਵਿਦਿਆਰਥੀ ਹੋਣ ਕਰਕੇ, ਸ਼ਰਧਾ ਤੇ ਅਕੀਦਤ ਦੇ ਨਾਲ ਨਾਲ, ਸਿੱਖ ਧਰਮ ਦੇ ਇਤਿਹਾਸਕ ਯਥਾਰਥ ਤੇ ਏਸ ਯਥਾਰਥ ਨਾਲ ਜੁੜੇ ਸੰਦਰਭਾਂ ਤੇ ਸਮਕਾਲੀਨ ਅਤਿਆਚਾਰੀ, ਅਣਮਨੁੱਖੀ ਅਤੇ ਜਾਬਰਾਨਾ ਕੀਮਤਾਂ-ਕਦਰਾਂ ਵਿਰੁੱਧ ਸਿੱਖ ਧਰਮ ਦੇ ਇਨਕਲਾਬੀ ਤੇ ਮਾਨਵਵਾਦੀ ਦ੍ਰਿਸ਼ਟੀਕੋਣ ਨੂੰ ਅੱਖੋਂ ਓਹਲੇ ਨਹੀਂ ਕਰ ਸਕਿਆ। ਸਿੱਖ ਗੁਰੂ-ਸਾਹਿਬਾਨ ਦੀ ਦਿੱਤੀ ਮਹਾਨ ਵਿਰਾਸਤ ਤੋਂ ਮੂੰਹ ਮੋੜ ਰਹੇ ਸਿੱਖੀ ਸਮਾਜ ਦੇ ਆਗੂਆਂ ਦੀ ਮੈਂ ਸੁਆਰਥੀ, ਦੰਭੀ, ਕਪਟੀ ਅਤੇ ਰਾਜਨੀਤਕ ਪੱਖੋਂ ਲਾਹਾ ਲੈਣ ਦੀ ਕੂੜ ਨੀਤੀ ਨੂੰ ਵੀ ਨਕਾਰਿਆ ਹੈ। ਜ਼ਾਤੀ ਤੌਰ 'ਤੇ ਅੱਡ ਅੱਡ ਸੰਤ-ਮਿਸ਼ਨਾਂ ਦੇ ਆਗੂਆਂ ਦਾ ਦਿਲੀ ਸਤਿਕਾਰ ਕਰਦਾ ਹੋਇਆ ਵੀ, ਮੈਂ ਮਹਿਸੂਸ ਕਰਦਾ ਹਾਂ ਕਿ ਅਸੀਂ ਸਾਗਰ ਨੂੰ ਕੁੱਜੇ ਵਿਚ ਬੰਦ ਕਰਕੇ, ਆਪਣੇ ਮਹਾਨ ਕ੍ਰਾਂਤੀਕਾਰੀ ਵਿਰਸੇ ਨਾਲ ਬੇਇਨਸਾਫ਼ੀ ਕਰ ਰਹੇ ਹਾਂ। ਇਸ ਦਾ ਨੁਕਸਾਨ ਅਸੀਂ ਵੀ ਭੁਗਤ ਰਹੇ ਹਾਂ ਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਤਾਂ ਸਾਡੇ ਮਹਾਨ ਇਨਕਲਾਬੀ ਇਤਿਹਾਸਕ ਵਿਰਸੇ ਤੋਂ ਲਗਭਗ ਅਸਲੋਂ ਅਨਜਾਣ ਹੀ ਰਹਿਣਗੀਆਂ।

'ਵਰਿਆਮ' ਪੰਜਾਬੀ ਵਿਚ ਛਪਦਾ ਹੈ। ਏਸ ਲਈ ਇਸ ਦਾ ਘੇਰਾ ਦੋ ਪੱਖਾਂ ਤੋਂ ਸੀਮਤ ਹੈ। ਇਕ ਤਾਂ ਪੰਜਾਬੀ ਬੋਲੀ ਦਿਨੋਂ ਦਿਨ ਸੁੰਗੜ ਰਹੀ ਹੈ। ਦੂਜੇ, ਇਸ ਪਰਚੇ ਨੂੰ ਨਾਮਧਾਰੀ ਸਮਾਜ ਨਾਲ ਜੋੜਿਆ ਜਾਂਦਾ ਹੈ। ਦੂਜੀ ਸਥਿਤੀ ਵਧੇਰੇ ਦੁਖਦਾਇਕ ਹੈ। ਕੀ ਨਾਮਧਾਰੀ ਸਮਾਜ ਸਮੁੱਚੇ ਸਿੱਖ ਸਮਾਜ ਦਾ ਹਿੱਸਾ ਨਹੀਂ ? ਜਿਥੋਂ ਤੀਕ ਨਾਮਧਾਰੀ ਵੀਰਾਂ ਦੇ ਇਸ ਪਰਚੇ ਨੂੰ ਪੜ੍ਹਨ ਦਾ ਸਬੰਧ ਹੈ, ਇਹ ਵੀ ਅਫ਼ਸੋਸਨਾਕ ਸਥਿਤੀ ਹੈ। ਮੈਂ ਇਕ ਸਰਕਰਦਾ ਤੇ ਮੰਨੇ ਹੋਏ ਨਾਮਧਾਰੀ ਵਿਅਕਤੀ ਨੂੰ ਪੁੱਛਿਆ ਤੁਹਾਡੀ 'ਵਰਿਆਮ' ਵਿਚ ਛਪੇ ਮੇਰੇ ਲੇਖਾਂ ਬਾਰੇ ਕੀ ਰਾਇ ਹੈ ? ਉਸ ਦਾ ਉੱਤਰ ਸੀ : ਮੈਂ ਦੇਖੇ ਤਾਂ ਹਨ ਪਰ ਪੜ੍ਹਨ ਦਾ ਮੌਕਾ ਨਹੀਂ ਮਿਲਿਆ। ਮੈਨੂੰ ਇਹ ਗਿਲਾ-ਸ਼ਿਕਵਾ ਨਹੀਂ ਕਿ ਮੇਰੇ ਲਿਖੇ ਨੂੰ ਕੌਣ ਪੜ੍ਹਦਾ ਹੈ ਤੇ ਕੌਣ ਨਹੀਂ। ਮੈਂ ਛਪਣ ਦੇ ਸ਼ੌਕ ਨਾਲ ਕਦੇ ਕੁਝ ਨਹੀਂ ਲਿਖਦਾ। ਮੈਂ ਅਕੀਦਤ ਨਾਲ ਲਿਖਦਾ ਹਾਂ। ਮੈਂ ਮਾਨਸਿਕ ਤੇ ਭਾਵੁਕ ਦੁੱਖ-ਅਫ਼ਸੋਸ ਨਾਲ ਲਿਖਦਾ ਹਾਂ। ਮੈਨੂੰ ਪਤਾ ਹੈ, ਪੰਜਾਬੀ ਪਾਠਕਾਂ ਦੀ ਗਿਣਤੀ ਵੀ ਦਿਨੋਂ ਦਿਨ ਸੁੰਗੜ ਰਹੀ ਹੈ। ਸਗੋਂ ਮੈਂ ਤਾਂ ਕਹਾਂਗਾ ਕਿ ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਵੀ ਬੜੀ ਸ਼ਿੱਦਤ ਨਾਲ ਘਟ ਰਹੀ ਹੈ। ਤਾਂ ਫਿਰ ਮਹਾਨ ਸਿੱਖੀ ਇਨਕਲਾਬੀ ਸੰਕਲਪ ਤੇ ਵਿਰਸੇ ਨੂੰ ਕਿਵੇਂ ਜਿਉਂਦਿਆਂ ਰਖਿਆ ਜਾਏ ? ਇਸ ਚਿੰਤਾ ਨਾਲ ਜੁੜੇ ਸਰੋਕਾਰ ਵਿਚੋਂ ਹੀ ਮੇਰੇ ਇਸ ਲੇਖ ਦਾ ਜਨਮ ਹੋਇਆ ਹੈ।

੨ ਜਨਵਰੀ, ੨੦੦੨ ਦੇ 'ਹਿੰਦੁਸਤਾਨ ਟਾਈਮਜ਼' ਦੇ ਪੰਨਾ ੮ ਉੱਤੇ ਕੌਮੀ ਹੀ ਨਹੀਂ ਸਗੋਂ ਕੌਮਾਂਤਰੀ ਪੱਧਰ ਦੇ ਧੁਰੰਧਰ ਵਿਦਵਾਨ ਡਾ. ਕਰਨ ਸਿੰਘ ਦਾ "The smile of Budha" ਨਾਂ ਹੇਠ ਲੇਖ ਪੜ੍ਹਿਆ। ਇਸ ਲੇਖ ਦੇ ਇਕ ਪੈਰ੍ਹੇ ਦਾ ਮੈ ਪੰਜਾਬੀ ਵਿਚ ਤਰਜਮਾ ਪੇਸ਼ ਕਰ ਰਿਹਾ ਹਾਂ—"ਤੀਜਾ ਨੁਕਤਾ ਸੁਤੰਤਰਤਾ ਅੰਦੋਲਨ ਨਾਲ ਸਬੰਧ ਰਖਦਾ ਹੈ। ਇਹ ਇਕ ਆਮ ਭਰਾਂਤੀ ਹੈ ਕਿ ਇਹ ਅੰਦੋਲਨ ਗਾਂਧੀ ਜੀ ਦੇ ਆਗਮਨ ਨਾਲ ਸ਼ੁਰੂ ਹੋਇਆ। ੧੮੫੭ ਦੀ ਬਗ਼ਾਵਤ ਤੋਂ ਪਿਛੋਂ, ਜਿਸ ਨੂੰ ਅਸੀਂ 'ਭਾਰਤ ਦੀ ਸੁਤੰਤਰਤਾ ਦੀ ਪਹਿਲੀ ਲੜਾਈ' ਆਖਦੇ ਹਾਂ, ਆਜ਼ਾਦੀ ਅੰਦੋਲਨ ਨੂੰ ੧੮੮੫ ਵਿਚ ਪੈਦਾ ਹੋਈ 'ਇੰਡੀਅਨ ਨੈਸ਼ਨਲ ਕਾਂਗਰਸ' ਨਾਲ ਜੋੜਿਆ ਜਾ ਸਕਦਾ ਹੈ ਅਤੇ ਇਸ ਤੋਂ ਪਿਛੋਂ ੧੯੦੫ ਵਿਚ ਲਾਰਡ ਕਰਜ਼ਨ ਦੀ ਬੰਗਾਲ-ਭਿਵਾਜਨ ਨਾਲ ਜੋੜਿਆ ਜਾ ਸਕਦਾ ਹੈ।"

ਭਾਰਤ ਦੀ ਆਜ਼ਾਦੀ ਸੰਬੰਧੀ ਕਰਨ ਸਿੰਘ ਦੇ ਵਿਚਾਰ ਪੜ੍ਹਕੇ ਦੁੱਖ ਵੀ ਹੋਇਆ ਤੇ ਅਫ਼ਸੋਸ ਵੀ। ਕਈ ਪ੍ਰਸ਼ਨ ਮਨ ਵਿਚ ਪੈਦਾ ਹੋਏ। ਮਸਲਨ : ਕੀ ਕਰਨ ਸਿੰਘ ਨੇ ਨਾਮਧਾਰੀ ਕ੍ਰਾਂਤੀਕਾਰੀ ਅੰਦੋਲਨ ਬਾਰੇ ਕੁਝ ਪੜ੍ਹਿਆ ਹੀ ਨਹੀਂ ? ਕੀ ਕਰਨ ਸਿੰਘ ਨੂੰ ਬਾਬਾ ਰਾਮ ਸਿੰਘ ਵਲੋਂ ਅੰਗਰੇਜ਼ੀ ਸਰਕਾਰ ਦੇ ਸਮਾਂਤਰ ਚਲਾਏ ਆਪਣੇ 'ਰਾਜ ਪ੍ਰਬੰਧ' ਦੀ ਗਿਆਨ ਹੀ ਨਹੀਂ ? ਕੀ ਕਰਨ ਸਿੰਘ ਨੂੰ ਬਾਬਾ ਰਾਮ ਸਿੰਘ ਵਲੋਂ ਚਲਾਈ ਨਾ-ਮਿਲਵਰਤਨ ਦੀ ਲਹਿਰ, ਸਰਕਾਰੀ ਨੌਕਰੀਆਂ ਦਾ



Sri Satguru Jagjit Singh Ji eLibrary NamdhariElibrary@gmail.com

ਬਾਈਕਾਟ, ਸੁਦੇਸ਼ੀ ਪਾਉਣ ਦੀ ਲਹਿਰ, ਆਪਣੇ ਹੀ ਚਲਾਏ ਡਾਕ ਤੇ ਅਦਾਲਤੀ ਪ੍ਰਬੰਧ ਦਾ ਗਿਆਨ ਵੀ ਨਹੀਂ ? ਇਤਿਹਾਸ ਗੁਆਹ ਹੈ ਕਿ ਕੋਈ ੫੦ ਸਾਲਾਂ ਪਿਛੋਂ ਗਾਂਧੀ ਜੀ ਨੇ ਏਸੇ ਨਾ-ਮਿਲਵਰਤਣ ਨੂੰ ਅਪਣਾਇਆ। ਕੀ ਕਰਨ ਸਿੰਘ ਨੂੰ ਮਲੇਰਕੋਟਲੇ ਵਿਖੇ ਹੋਏ ਸੂਰਬੀਰ ਤੇ ਨਾਮਧਾਰੀ ਯੋਧਿਆਂ ਦੀ ਸ਼ਹੀਦੀ ਦੇ ਸਾਕੇ ਦੇ ਸੰਦਰਭ ਤੇ ਪਿਛੋਕੜ ਨੂੰ ਪੜ੍ਹਨ-ਸੁਣਨ ਦਾ ਮੌਕਾ ਹੀ ਨਹੀਂ ਮਿਲਿਆ ? ਕੀ ਬਾਬਾ ਰਾਮ ਸਿੰਘ ਦੇ ਸ਼ਰਧਾਲੂ ਸਿੱਖਾਂ ਵਲੋਂ ਅੰਮ੍ਰਿਤਸਰ ਤੇ ਰਾਇਕੋਟ ਦੇ ਬੁੱਚੜਾਂ ਨੂੰ ਮਾਰ ਕੇ ਫਾਂਸੀ ਦੇ ਰੱਸੇ ਗਲਾਂ ਵਿਚ ਪਾ ਕੇ ਸ਼ਹੀਦੀਆਂ ਨੂੰ ਖਿੜੇ ਮੱਥੇ ਕਬੂਲਣ ਦੀ ਜਾਣਕਾਰੀ ਵੀ ਨਹੀਂ ? ਕੀ ਕਰਨ ਸਿੰਘ ਨੂੰ ਨੇਪਾਲ ਤੇ ਕਸ਼ਮੀਰ ਵਿਚ ਕੂਕਾ ਰਜਮੈਂਟਾਂ ਦੀ ਹੋਂਦ ਦਾ ਗਿਆਨ ਵੀ ਨਹੀਂ ਹੈ ? ਕੀ ਕਰਨ ਸਿੰਘ ਨੂੰ ਪੰਜਾਬ ਦੇ ਰਾਜਿਆਂ, ਸਰਦਾਰਾਂ ਅਤੇ ਰਈਸਾਂ ਵਲੋਂ ਲੈਫ. ਗਵਰਨਰ ਪੰਜਾਬ ਨੂੰ ਭੇਜੇ ਮੈਮੋਰੈਂਡਮ ਵਿਚ ਮਿਸਟਰ ਕਾਵਨ (ਡਿਪਟੀ ਕਮਿਸ਼ਨਰ), ਅਤੇ ਮਿ. ਫਾਰਸਿੱਥ (ਕਮਿਸ਼ਨਰ) ਦੇ ਮਲੇਰ ਕੋਟਲੇ ਵਿਚ ਬੇ-ਰਹਿਮੀ ਨਾਲ ਮਾਰੇ ਨਾਮਧਾਰੀ ਵੀਰਾਂ ਨੂੰ ਜਾਇਜ਼ ਕਰਾਰ ਦੇ ਕੇ ਇਸ ਨੂੰ ਸਹੀ ਠਹਿਰਾਉਣਾ ਠੀਕ ਜਾਪਿਆ ? ਏਸੇ ਤਰ੍ਹਾਂ ਦੇ ਪੱਤਰ ਸੋਢੀਆਂ-ਬੇਦੀਆਂ ਵਲੋਂ ਵੀ ਭੇਜੇ ਗਏ ਸਨ। ਏਥੇ ਹੀ ਬੱਸ ਨਹੀਂ, ਇਹਨਾਂ ਜ਼ਾਲਮ ਅਫ਼ਸਰਾਂ ਨੂੰ ਅੰਮ੍ਰਿਤਸਰ ਵਿੱਚ, ਸਰਦਾਰਾਂ-ਰਈਸਾਂ ਵਲੋਂ ਸਤਿਕਾਰਿਆ ਵੀ ਗਿਆ ਸੀ। ਇਹ ਸਭ ਭਾਰਤ ਤੇ ਇਤਿਹਾਸ ਦਾ ਅਨਿੱਖੜ ਅੰਗ ਹਨ, ਕੀ ਕਰਨ ਸਿੰਘ ਇਸ ਤੋਂ ਉੱਕਾ ਹੀ ਅਨਜਾਣ ਹੈ ? ਜੇ ਕਰਨ ਸਿੰਘ ਇਹਨਾਂ ਸਭ ਗੱਲਾਂ ਵਲੋਂ ਅਨਜਾਣ ਹੈ, ਤਾਂ ਇਹ ਬਹੁਤ ਵੱਡੇ ਦੁੱਖ ਤੇ ਅਫ਼ਸੋਸ ਦੀ ਗੱਲ ਹੈ। ਕੀ ਅਸੀਂ ਤੇ ਸਾਡੇ ਇਤਿਹਾਸਕਾਰ ਏਨੇ ਮਹਾਨ ਇਨਕਲਾਬੀ ਵਿਰਸੇ ਨੂੰ ਵੱਖ-ਵੱਖ ਜ਼ਬਾਨਾਂ ਰਾਹੀਂ ਦੇਸ਼ ਦੇ ਦੂਜਿਆਂ ਹਿੱਸਿਆਂ ਵਿੱਚ ਨਾ ਪਹੁੰਚਾਉਣ ਦੇ ਕਸੂਰਵਾਰ ਹਨ ?

ਦੁੱਖ ਤੇ ਅਫ਼ਸੋਸ ਤਾਂ ਇਸ ਗੱਲ ਦਾ ਵੀ ਹੈ ਕਿ ਸਤਿਗੁਰੂ ਰਾਮ ਸਿੰਘ ਰਾਹੀਂ, ਸਿੱਖ ਗੁਰੂ ਸਾਹਿਬਾਨ ਤੇ ਵਿਸ਼ੇਸ਼ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੇ ਪਦ-ਚਿੰਨ੍ਹਾਂ ਤੇ ਚੱਲਕੇ ਭਾਰਤ ਦੀ ਪਹਿਲੀ ਲੜੀ ਆਜ਼ਾਦੀ ਦੀ ਲੜਾਈ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ।

ਇਕ ਗੱਲ ਹੋਰ ਵੀ ਵਿਚਾਰਨ ਵਾਲੀ ਹੈ। ੧੮੫੭ ਦੀ ਬਗਾਵਤ, ਕੋਈ ਇਨਕਲਾਬੀ ਅੰਦੋਲਨ ਜਾਂ ਆਜ਼ਾਦੀ ਦੀ ਲੜਾਈ ਏਸ ਲਈ ਨਹੀਂ ਆਖੀ ਜਾ ਸਕਦੀ ਕਿਉਂਕਿ ਇਹ ਜਨ-ਸਾਧਾਰਨ ਦੀ ਲੜਾਈ ਨਹੀਂ ਸੀ। ਗੁਰੂ ਗੋਬਿੰਦ ਸਿੰਘ ਜੀ ਨੂੰ ਪਹਿਲਾਂ ਪਹਾੜੀ ਹਿੰਦੂ ਰਾਜਿਆਂ ਤੇ ਫੇਰ ਅਤਿਆਚਾਰੀ ਮੁਗ਼ਲ ਹਕੂਮਤ ਵਿਰੁੱਧ ਸੰਘਰਸ਼ ਕਰਨ ਤੋਂ ਵਿਹਲ ਹੀ ਨਹੀਂ ਮਿਲੀ। ਉਹ ਸੰਸਾਰ ਦੇ ਇੱਕੋ-ਇਕ ਸੰਤ-ਸਿਪਾਹੀ ਹਨ ਜਿਨ੍ਹਾਂ ਸਾਰਾ ਸਰਬੰਸ ਵਾਰ ਕੇ ਹੱਕ, ਸੱਚ ਤੇ ਨਿਆਂ ਲਈ ਤਲਵਾਰ ਚੁੱਕੀ ਤੇ ਜਿਨ੍ਹਾਂ ਦੀ ਵਿਸ਼ਵਾਸ ਦੀ ਤਲਵਾਰ ਤੇ ਲਿਖਿਆ ਹੋਇਆ ਸੀ : ਮੈਂ ਹਾਰਣ ਨਹੀਂ ਜਾਣਦਾ। ਬਾਬਾ ਰਾਮ ਸਿੰਘ ਨੂੰ ਕਈ ਪੱਖਾਂ 'ਤੇ ਸੰਘਰਸ਼ ਕਰਨਾ ਪਿਆ। ੧੮੪੮ ਈ: ਵਿੱਚ ਪੰਜਾਬ ਅੰਗਰੇਜ਼ੀ ਰਾਜ ਦਾ ਹਿੱਸਾ ਬਣ ਗਿਆ। ਫ਼ੇਰ ੧੮੪੮ ਤੋਂ ੧੮੫੭ ਈ: ਤੱਕ ਸਿੱਖੀ ਕਿਰਦਾਰ ਤੇ ਸਿੱਖੀ ਸਭਿਆਚਾਰ ਅਸਲੋਂ ਨਿੱਘਰ ਚੁੱਕਾ ਸੀ। ਕਰਾਮਾਤੀ ਇਤਿਹਾਸ ਨੂੰ ਸਿਰਜਣਾ ਇਕ ਬੇ-ਮਿਸਾਲ ਕਿਰਦਾਰ ਦਾ ਲਾਸਾਨੀ ਕਾਰਨਾਮਾ ਹੁੰਦਾ ਹੈ ਪਰ ਡਿੱਗੇ-ਢੱਠੇ ਤੇ ਨਿੱਘਰੇ ਕਿਰਦਾਰ ਤੇ ਇਤਿਹਾਸ ਨੂੰ ਮੁੜ ਸੁਰਜੀਤ ਕਰਨਾ ਵੀ ਇਕ ਅਦੁੱਤੀ ਤੇ ਅਲੌਕਿਕ ਦੇਣ ਹੁੰਦੀ ਹੈ। ਇਹ ਮਹਾਨ ਕਾਰਜ ਸਤਿਗੁਰੂ ਰਾਮ ਸਿੰਘ ਨੇ ਕੀਤਾ। ੧੮੫੭ ਦੇ ਗ਼ਦਰ ਵੇਲੇ ਖੂਹੀ ਵਿਚ ਡਿੱਗੀ ਇੱਟ ਨਾਲ ਜ਼ਬਰਦਸਤ ਹਲਚਲ ਤਾਂ ਹੋਈ ਸੀ, ਪਰ ਬਾਬਾ ਰਾਮ ਸਿੰਘ ਦੇ ਅੰਦੋਲਨ ਨਾਲ ਸਾਗਰ ਵਿਚ ਤੂਫ਼ਾਨ ਆਇਆ ਸੀ। ੧੮੫੭ ਦੀ ਬਗ਼ਾਵਤ ਵਿਚ ਰਾਜੇ-ਮਹਾਰਾਜੇ ਤੇ ਫ਼ੌਜ ਦਾ ਕੁਝ ਹਿੱਸਾ ਸ਼ਾਮਲ ਸੀ, ਪਰ ਬਾਬਾ ਰਾਮ ਸਿੰਘ ਜੀ ਨਾਲ ਰਮਦਾਸੀਏ, ਤਿਰਖਾਣ, ਲੋਹਾਰ ਅਤੇ ਜੱਟ ਸ਼ਾਮਲ ਸਨ ਅਰਥਾਤ ਜਨ-ਸਾਧਾਰਨ ਉਹਨਾਂ ਨਾਲ ਸਨ। ਦੇਖਿਆ ਜਾਵੇ ਤਾਂ ਬਾਬਾ ਰਾਮ ਸਿੰਘ ਨੂੰ ਦੋ ਮੋਰਚਿਆਂ ਤੇ ਲੜਨਾ ਪੈ ਰਿਹਾ ਸੀ। ਇਕ ਪਾਸੇ ਸ਼ਕਤੀਸ਼ਾਲੀ ਅੰਗਰੇਜ਼ੀ ਸਰਕਾਰ ਸੀ ਤੇ ਦੂਜੇ ਪਾਸੇ ਅੰਗਰੇਜ਼ੀ ਸਰਕਾਰ ਦੇ ਪਿੱਠੂ ਰਾਜੇ-ਮਹਾਰਾਜੇ, ਰਈਸ, ਸੋਢੀ, ਬੇਦੀ ਤੇ ਜਗੀਰਦਾਰ ਸਨ। ਏਸੇ ਲਈ ਮੈਂ ਇਸ ਸੰਘਰਸ਼ ਨੂੰ ਅਧਿਆਤਮਕ ਤੇ ਰਾਜਨੀਤਕ ਪੱਧਰ ਉੱਤੇ ਜਮਾਤੀ ਸੰਘਰਸ਼ ਦਾ ਨਾਂ ਦਿੰਦਾ ਹਾਂ।

ਮੈਂ ਇਕ ਗੱਲ ਅੱਗੇ ਵੀ ਆਖ ਚੁੱਕਾ ਹਾਂ। ਹੁਣ ਫੇਰ ਦੁਹਰਾਉਣ ਦੀ ਗੁਸਤਾਖੀ ਕਰ ਰਿਹਾ ਹਾਂ। ਸ਼ਰਧਾ, ਵਿਸ਼ਵਾਸ ਤੇ ਸਤਿਕਾਰ ਆਪਣੀ ਥਾਂ ਹਨ ਪਰ ਇਤਿਹਾਸਕ ਯਥਾਰਥ ਦੀ ਮਹਾਨਤਾ ਦਾ ਆਪਣਾ ਮਹੱਤਵ ਹੁੰਦਾ ਹੈ। ਜਿਥੇ ਸ਼ਰਧਾ ਤੇ ਵਿਸ਼ਵਾਸ ਨਿੱਜ ਨਾਲ ਜੁੜੇ ਹੁੰਦੇ ਹਨ, ਉਥੇ ਇਤਿਹਾਸਕ ਯਥਾਰਥ ਦੀ ਮਹਾਨਤਾ ਮਨੁੱਖਤਾ ਦਾ ਸਾਂਝਾ ਸਰਮਾਇਆ ਹੁੰਦੀ ਹੈ। ਏਸੇ ਲਈ ਮੈਂ ਮਹਾਨ ਹਸਤੀਆਂ ਨੂੰ ਇਕ ਫਿਰਕੇ, ਇਕ ਧਰਮ ਤੇ ਇਕ ਕੌਮ ਜਾਂ ਦੇਸ਼ ਨਾਲ ਨਹੀਂ ਜੋੜਦਾ। ਜੇ ਬਾਬਾ ਰਾਮ ਸਿੰਘ ਜੀ ਬਾਰੇ ਸਿਰਫ਼ ਨਾਮਧਾਰੀ ਜਾਂ ਸਿੱਖ ਸਮਾਜ ਨੂੰ ਪਤਾ ਹੈ ਤਾਂ ਇਹ ਸਾਡੀ ਭੁੱਲ ਹੈ, ਸਾਡੀ ਅਯੋਗਤਾ ਹੈ ਅਤੇ ਸਾਗਰ ਨੂੰ ਕੁੱਜੇ ਵਿੱਚ ਬੰਦ ਕਰਨ ਦੀ ਗ਼ਲਤੀ ਹੈ।

ਬਾਬਾ ਰਾਮ ਸਿੰਘ ਜੀ ਦਾ ਕ੍ਰਾਂਤੀਕਾਰੀ ਅੰਦੋਲਨ ਕੇਵਲ ਆਪਣੇ ਘਰਦਿਆਂ ਜਾਂ ਕੁਝ ਇਕ ਵਿਸ਼ੇਸ਼ ਵਿਅਕਤੀਆਂ



Sri Satguru Jagjit Singh Ji eLibrary NamdhariElibrary@gmail.com

ਲਈ ਨਹੀਂ ਸੀ। ਜੇ ਉਹ ਦੇਸ਼ ਨੂੰ ਅੰਗਰੇਜ਼ੀ ਰਾਜ ਤੋਂ ਮੁਕਤੀ ਦੁਆਉਣਾ ਚਾਹੁੰਦੇ ਸਨ, ਜੇ ਮਲੇਰਕੋਟਲੇ ਦੇ ਸ਼ਹੀਦਾਂ ਦਾ ਇਸ ਸ਼ਹਾਦਤ ਪਿੱਛੇ ਕੋਈ ਨਿੱਜੀ ਸੁਆਰਥ ਨਹੀਂ ਸੀ ਤਾਂ ਸਾਡਾ ਕੋਈ ਹੱਕ ਨਹੀਂ ਬਣਦਾ ਕਿ ਸਾਗਰ ਵਿਚ ਏਡੇ ਵੱਡੇ ਤੂਫਾਨੀ ਇਨਕਲਾਬ ਨੂੰ ਕੇਵਲ ਆਪਣੇ ਤੀਕ ਸੀਮਿਤ ਰੱਖੀਏ, ਤਾਰੀਖੀ ਸੱਚ ਤੇ ਯਥਾਰਥ ਸਮੁੱਚੇ ਸਮਾਜ ਲਈ ਹੁੰਦਾ ਹੈ। ਸਮੁੱਚੀ ਮਨੁੱਖਤਾ ਲਈ ਹੁੰਦਾ ਹੈ।

ਇੱਕ ਹੋਰ ਗੱਲ ਕਹਿਣ ਲਈ ਮੈਂ ਮਾਫ਼ੀ ਚਾਹਾਂਗਾ। ਸਾਖੀਆਂ ਜਾਂ ਭਵਿੱਖ ਵਿਚ ਵਾਪਰਨ ਵਾਲੀਆਂ ਘਟਨਾਵਾਂ ਵੀ ਇਤਿਹਾਸ ਦਾ ਸੱਚ ਜਾਂ ਯਥਾਰਥ ਨਹੀਂ ਹੁੰਦੀਆਂ। ਉਹਨਾਂ ਦੀ ਭਵਿੱਖ-ਬਾਣੀ ਦੇ ਆਧਾਰ ਉੱਤੇ ਕਿਸੇ ਰਾਂਗਲੇ ਜਾਂ ਸੱਚ ਦੇ ਯੁੱਗ ਦੀ ਕਾਮਨਾ ਕਰਨਾ ਆਸ਼ਾਵਾਦੀ ਤੇ ਆਦਰਸ਼ਵਾਦੀ ਪੱਖ ਤੋਂ ਬੜੀ ਸ਼ਲਾਘਾਯੋਗ ਗੱਲ ਹੈ, ਪਰ ਇਸ ਨੂੰ ਮੁੱਖ ਰੱਖਕੇ ਆਪਣੇ ਮਹਾਨ ਇਨਕਲਾਬੀ ਵਿਰਸੇ ਨੂੰ ਭੁੱਲਕੇ ਇਸ ਪਿੱਛੇ ਟੁਰ ਪੈਣਾ ਵੀ ਇਤਿਹਾਸ ਦੇ ਯਥਾਰਥ ਤੋਂ ਮੂੰਹ ਮੋੜਨ ਵਾਲੀ ਗੱਲ ਹੈ। ਗੁਰੂ ਅਰਜਨ ਦੇਵ ਜੀ ਨੇ ਜਿਥੇ ਸੁਖਮਨੀ ਸਾਹਿਬ ਵਰਗੀ ਮਹਾਨ ਬਾਣੀ ਰਚੀ, ਜਿਥੇ ਸੰਸਾਰ ਵਿਚ ਇਕ ਪਹਿਲੇ ਅਜਿਹੇ ਪਵਿੱਤਰ ਗ੍ਰੰਥ ਦੀ ਸੰਪਾਦਨਾ ਕੀਤੀ, ਉਥੇ ਉਹ ਪਹਿਲੇ ਸਿੱਖ ਸ਼ਹੀਦ ਵੀ ਬਣੇ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ, ਗੁਰੂ ਗੋਬਿੰਦ ਸਿੰਘ ਜੀ ਦੀ ਮਹਾਨ ਵਿਦਵਤਾ, ਉਹਨਾਂ ਦੀ ਸੂਰਮਤਾਈ ਅਤੇ ਸਭ ਪਰਿਵਾਰ ਦੀ ਕੁਰਬਾਨੀ, ਅਨੇਕ ਸਿੰਘਾਂ ਦੀਆਂ ਸ਼ਹੀਦੀਆਂ ਅਤੇ ਉਹਨਾਂ ਵਿਚਲੀ ਅਧਿਆਤਮਕ ਉੱਚਤਾ ਨਾਲੋ ਨਾਲ ਟੁਰਦੀ ਹੈ। ਸਤਿਗੁਰੂ ਰਾਮ ਸਿੰਘ ਜੀ ਵਿੱਚ ਵੀ ਇਹ ਦੋ ਮਹਾਨ ਸ਼ਕਤੀਆਂ ਮੌਜੂਦ ਸਨ। ਪਰ ਅਸੀਂ ਉਦੋਂ ਸਾਗਰ ਨੂੰ ਸੌੜਾ ਕਰ ਦਿੰਦੇ ਹਾਂ। ਜਦੋਂ ਉਹਨਾਂ ਵਿਚਲੇ ਇਕ ਪੱਖ ਨੂੰ ਤਾਂ ਅਪਨਾਉਣਾ ਆਪਣਾ ਧਰਮ ਸਮਝਦੇ ਹਾਂ ਪਰ ਦੂਜੇ ਪੱਖ ਨੂੰ ਅੱਖੋਂ ਉਹਲੇ ਕਰ ਦਿੰਦੇ ਹਾਂ। ਭ੍ਰਿਸ਼ਟਾਚਾਰ, ਵਿਭਚਾਰ, ਦੁਰਾਚਾਰ, ਉੱਚਿਆਂ ਤੇ ਵੱਡਿਆਂ ਦਾ ਜਬਰ ਅੱਜ ਵੀ ਹੈ, ਪਰ ਅਸੀਂ ਏਸ ਅੱਤਿਆਚਾਰੀ ਵਿਵਸਥਾ ਵਿਰੁੱਧ ਲੜਣ ਦੀ ਲੋੜ ਹੀ ਨਹੀਂ ਸਮਝਦੇ। ਇਹ ਤੱਥ ਤੇ ਸੱਚ ਵੀ ਸਾਗਰ ਦੀ ਲੰਬਾਈ, ਚੌੜਾਈ ਤੇ ਗਹਿਰਾਈ ਨੂੰ ਘਟਾਉਂਦਾ ਹੈ। ਸਾਫ਼-ਸ਼ਫ਼ਾਫ਼ ਵਸਤਰ ਵੀ ਚਾਹੀਦੇ ਹਨ, ਅਤਿਆਚਾਰ ਵਿਰੁੱਧ ਲੜਣ ਦੀ ਸ਼ਕਤੀ ਤੇ ਸਮਰੱਥਾ ਵੀ।

ਮੈਂ ਸੱਚੀ ਗੱਲ ਕਹਿਣ ਤੇ ਸੱਚ ਗੱਲ ਜਰਣ-ਸਹਿਣ ਵਿਚ ਵਿਸ਼ਵਾਸ ਰੱਖਦਾ ਹਾਂ। ੫ ਜਨਵਰੀ, ੨੦੦੨ ਦੀ ਸ਼ਾਮ ਨੂੰ ਮਾਤਾ ਸੁੰਦਰੀ ਕਾਲਜ ਦੀ ਪ੍ਰਿੰਸੀਪਲ ਡਾ. ਮਹਿੰਦਰ ਕੌਰ ਗਿੱਲ ਦੇ ਸਨਮਾਨ ਵਿੱਚ ਆਯੋਜਿਤ ਕੀਤੇ ਸੇਵਾ-ਮੁਕਤੀ ਸਨਮਾਨ ਸਮਾਰੋਹ ਵਿੱਚ ਸ੍ਰੀ ਐਚ.ਐਸ.ਹੰਸਪਾਲ ਜੀ ਪ੍ਰਧਾਨਗੀ ਮੰਡਲ ਵਿਚ ਸ਼ਸ਼ੋਭਤ ਸਨ। ਸਬੱਬ ਨਾਲ ਮੈਂ ਇਸ ਸਮਾਰੋਹ ਦਾ ਸੰਚਾਲਨ ਕਰ ਰਿਹਾ ਸੀ। ਹੰਸਪਾਲ ਜੀ ਨੇ ਬਹੁਤ ਵਧੀਆ ਗੱਲ ਕਹੀ "ਸਾਡੇ ਬੱਚੇ ਤੇ ਆਉਣ ਵਾਲੀਆਂ ਪੀੜ੍ਹੀਆਂ ਪੰਜਾਬੀ ਬੋਲੀ ਤੋਂ ਅਨਜਾਣ ਹੁੰਦੀਆਂ ਜਾ ਰਹੀਆਂ ਹਨ। ਜੇ ਅਸੀਂ ਉਹਨਾਂ ਨੂੰ ਗੁਰਬਾਣੀ, ਸਿੱਖ ਧਰਮ ਤੇ ਸਿੱਖ ਇਤਿਹਾਸ ਦਾ ਗਿਆਨ ਦੇਣਾ ਹੈ ਤਾਂ ਸਾਨੂੰ ਦੂਜੀਆਂ ਬੋਲੀਆਂ ਵਿਚ ਤਰਜਮਾ ਕੇ ਦੇਣਾ ਪਵੇਗਾ।" ਮੈਂ ਉਹਨਾਂ ਨੂੰ ਇਹਨਾਂ ਸ਼ਬਦਾਂ ਰਾਹੀਂ ਬੇਨਤੀ ਕੀਤੀ ਸੀ—"ਜੇ ਹੰਸਪਾਲ ਜੀ ਬੁਰਾ ਨਾ ਮਨਾਉਣ ਤਾਂ ਉਹ ਵੀ ਸਤਿਗੁਰੂ ਰਾਮ ਸਿੰਘ ਵਲੋਂ ਪੈਦਾ ਕੀਤੇ ਮਹਾਨ ਇਤਿਹਾਸਕ ਵਿਰਸੇ ਦੇ ਸਾਗਰ ਨੂੰ ਕੁੱਜੇ ਵਿੱਚ ਬੰਦ ਕਰਨ ਤੋਂ ਰੋਕਣ ਦਾ ਜਤਨ ਕਰਨ।" ਤੇ ਜਦੋਂ ਮੈਂ ਡਾ ਕਰਨ ਸਿੰਘ ਦਾ ਲੇਖ ਪੜ੍ਹਿਆ ਤਾਂ ਮੇਰਾ ਇਹ ਨਿਸ਼ਚਾ ਹੋਰ ਵੀ ਦ੍ਰਿੜ ਹੋ ਗਿਆ ਕਿ ਸਿੱਖ ਇਤਿਹਾਸ ਜਾਂ ਨਾਮਧਾਰੀ ਇਤਿਹਾਸ ਨੂੰ ਜੇ ਸੰਸਾਰ ਪੱਧਰ 'ਤੇ ਨਹੀਂ ਤੇ ਕੌਮੀ ਪੱਧਰ ਦੀ ਹਰ ਬੋਲੀ ਵਿਚ ਤਰਜਮਾਉਣ ਦੀ ਲੋੜ ਹੈ।

ਸਾਗਰ ਨੂੰ ਕੁੱਜੇ ਵਿਚ ਬੰਦ ਕਰੀ ਰੱਖਣਾ ਸਾਡੀ ਸੋਚ, ਸਾਡੀ ਪਹੁੰਚ, ਸਾਡੀ ਵਿਦਵਤਾ ਦੀ ਗ਼ਰੀਬੀ ਅਤੇ ਸਾਡੇ ਸੌੜੇਪਨ ਦਾ ਚਿੰਨ ਹੋਵੇਗਾ। ਏਡੇ ਵੱਡੇ ਮਹਾਨ ਇਨਕਲਾਬੀ ਵਿਰਸੇ ਨੂੰ ਲੋਕਾਂ ਤੀਕ ਨਾ ਪਹੁੰਚਾਉਣਾ ਸਾਡੀ ਕਦੇ ਵੀ ਮਾਫ਼ ਨਾ ਕੀਤੀ ਜਾਣ ਵਾਲੀ ਭੁੱਲ ਹੋਵੇਗੀ।

*—੧੫੧੦, ਆਊਟਰਮ ਲਾਈਨ,*
*ਗੁਰੂ ਤੇਗ਼ ਬਹਾਦੁਰ ਨਗਰ, ਦਿੱਲੀ-੯*

ਇਕ ਵੀ ਅੱਖਰ ਪੜ੍ਹਾਉਣ ਵਾਲੇ ਗੁਰੂ ਦਾ ਜੋ ਆਦਰ ਨਹੀਂ ਕਰਦਾ ਉਹ ਕੁੱਤੇ ਦੀਆਂ ਸੈਂਕੜੇ ਜੂਨੀਆਂ ਭੋਗ ਕੇ ਅੰਤ ਵਿਚ ਚੰਡਾਲ ਜੂਨ ਭੋਗਦਾ ਹੈ।

-0-

ਜੇ ਗੁਰੂ ਗਿਆਨ ਦਾ ਇਕ ਅੱਖਰ ਵੀ ਆਪਣੇ ਸੱਚੇ ਸ਼ਾਗਿਰਦ ਨੂੰ ਦੇ ਦੇਵੇ ਤਾਂ ਦੁਨੀਆਂ ਵਿਚ ਕੋਈ ਅਜਿਹਾ ਧਨ ਨਹੀਂ ਜਿਸ ਨਾਲ ਗੁਰੂ ਦੇ ਕਰਜ਼ੇ ਤੋਂ ਮੁਕਤ ਹੋਇਆ ਜਾ ਸਕੇ।

*—ਚਾਣਕਯ ਨੀਤੀ*

-0-

ਗੁਰੂ ਜੀ ਨਾਲ ਕਿਸੇ ਵੀ ਪ੍ਰਕਾਰ ਦੀ ਗੱਲਬਾਤ ਕਰਨ ਵੇਲੇ ਜਾਂ ਉਹਨਾਂ ਦਾ ਹੁਕਮ ਮੰਨਣ ਵੇਲੇ ਉਹਨਾਂ ਵੱਲ ਪਿੱਠ ਕਰਕੇ ਨਹੀਂ ਖੜੇ ਹੋਣਾ ਚਾਹੀਦਾ।

-0-

ਪਿੱਠ ਪਿੱਛੇ ਵੀ ਗੁਰੂ ਦਾ ਨਾਂ ਨਹੀਂ ਲੈਣਾ ਚਾਹੀਦਾ ਅਤੇ ਨਾ ਹੀ ਉਹਨਾਂ ਦੇ ਚੱਲਣ, ਬੋਲਣ ਆਦਿ ਦੀ ਨਕਲ ਉਤਾਰਨੀ ਚਾਹੀਦੀ ਹੈ।

*—ਮਨੂ ਸਿਮ੍ਰਿਤੀ*



Sri Satguru Jagjit Singh Ji eLibrary NamdhariElibrary@gmail.com

੧੯

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

✆ 61040
Code : 01824

**For Fitting Diesel Engines in Foreign**

**&**

**INDIAN CAR BODIES**




*Specialists in :*

**Mercedes Benz Car Repairing**

# AMARJIT MOTOR GARAGE

G.T. Road, Opp. Jalandhar Octroi Post,
PHAGWARA



Sri Satguru Jagjit Singh Ji eLibrary NamdhariElibrary@gmail.com






Sri Satguru Jagjit Singh Ji eLibrary NamdhariElibrary@gmail.com

# .ਗਜ਼ਲ

—ਦਲਬੀਰ ਸਿੰਘ ਤਰਸ

*ਹਰ ਰੋਜ਼ ਕੁੰਦਨ (ਸਾਡਾ ਪੋਤਰਾ) ਦੇ ਮੰਮੀ ਉਸ ਨੂੰ ਸਾਡੇ ਪਾਸ ਛੱਡਣ ਲਈ ਆਉਂਦੇ ਹਨ। ਉਹ ਦਫ਼ਤਰ ਚਲੇ ਜਾਂਦੇ ਤੇ ਕੁੰਦਨ ਸਾਡੇ ਦੋਵਾਂ ਦਾ ਪ੍ਰੀਤ ਰਹਿਬਰ ਹੁੰਦਾ ਹੈ।*

*ਕਈ ਵੇਰ ਉਸੇ ਨੂੰ ਦੇਖ ਮੈਂ ਬਹੁਤ ਡੂੰਘਾ ਉਤਰ ਜਾਨਾਂ। ਹਰ ਡੂੰਘਾਣ ਵਿਚ ਮੋਤੀ ਭੀ ਮਿਲਦੇ ਹਨ ਤੇ ਫ਼ਿਰ ਸਭ ਕੁਝ ਵਿਸਾਰ ਆਪੇ ਵਿਚ ਗੜੂੰਦ ਹੋ ਜਾਨਾਂ।*

*ਅੱਜ ਤੋਂ ਪੂਰੇ ੪੬ ਵਰ੍ਹੇ ਦਾ ਦ੍ਰਿਸ਼ ਮੈਂ ਵੇਖਨਾ—ਪਿੰਡ ਘਰ ਵਿਹੜੇ ਵਿਚ ਬਾਬਾ ਜੀ ਮੰਜੇ ਤੇ ਸਸ਼ੋਭਤ ਤੇ ਅਸੀਂ ਸਭ ਪਾਸ। ਮੇਰਾ ਵਿਆਹ ਅਜੇ ਹੋ ਕੇ ਹੀ ਹਟਿਆ ਸੀ ਤੇ ਅਸੀਂ ਅਸਟਰੇਲੀਆ ਲਈ ਤਿਆਰੀਆਂ ਵਿਚ। ਬਾਬਾ ਜੀ ਬੈਠੇ ਬੈਠੇ ਫਿਸ ਪਏ। ਸਾਡੇ ਕਾਰਨ ਪੁੱਛਣ ਤੇ ਬੋਲੇ "ਹੁਣ ਹੀ ਜੀਣ ਦਾ ਸਮਾਂ ਆਇਆ ਤੇ ਹੁਣ ਦੂਸਰਾ ਬੰਨਾ ਨੇੜੇ ਦਿਸਦਾ ਹੈ।"*

*ਅਜਿਹੀ ਅਵਸਥਾ ਮੇਰੀ ਹੋ ਜਾਂਦੀ ਹੈ ਕੁੰਦਨ ਨੂੰ ਦੇਖਦਿਆਂ। ਭਾਵੇਂ ਅਗਲਾ ਕਿਨਾਰਾ ਬਹੁਤਾ ਨੇੜੇ ਤੇ ਨਹੀਂ ਪਰ ਜਾਣਾ ਤਾਂ ਹੈ ਈ ਨਾ।*

*ਇਹ ਗਜ਼ਲ ਮੇਰੀ ਨੋਟ ਬੁੱਕ ਦਾ ਆਖ਼ਰੀ ਪੰਨਾ ਹੈ। ਤੁਹਾਨੂੰ ਮਨ ਉਡਾਣਾਂ ਭੇਜ ਰਿਹਾਂ ਜਾਂ ਆਪ ਸੁਣਾ ਰਿਹਾਂ। ਸਮੇਂ ਦੀ ਬਖਸ਼ੀਸ਼ ਦਾ ਧੰਨਵਾਦ।*

*ਇਹ ਮੈਂ ਵਰਿਆਮ ਨੂੰ ਮੁੱਖ ਰੱਖ ਨਹੀਂ ਸੀ ਲਿਖਿਆ, ਸਗੋਂ ਮੇਰੀ ਕੁੰਦਨ ਪੋਤਰੇ ਨੂੰ ਉਸਦੀ ਦੂਸਰੀ ਵਰ੍ਹੇਗੰਢ ਤੇ ਪ੍ਰੀਤ ਭੇਟ ਹੈ—*

**ਦਲਬੀਰ ਸਿੰਘ ਤਰਸ**
ਬੌਕਮ ਹਿਲਜ਼, ਸਿਡਨੀ
ਆਸਟਰੇਲੀਆ

ਅਸੀਂ ਧੰਨ ਹੋਏ ਕੁੰਦਨ! ਤੈਨੂੰ ਪਿਆਰ ਕੇ।
ਬੜਾ ਕਠਨ ਹੈ ਜਾਣਾ ਇਹ ਸਭ ਕੁਝ ਵਿਸਾਰ ਕੇ।

ਮਾਂ ਜੀ! ਮਾਂ ਜੀ! ਕਰਨਾ- ਮੋਤੀ ਬਿਖ਼ਰ ਜਾਣੇ,
ਬਾਬੇ ਤੋਂ ਮੁੱਖ ਚੁੰਮਾਉਣਾ ਚਰਨਾਂ ਤੋਂ ਵਾਰ ਕੇ।

ਹਰ ਸੁਬਾਹ ਦੇ ਦੀਦਾਰੇ ਅਸੀਂ ਨੈਣਾਂ 'ਚੋਂ ਗੁਜ਼ਾਰੇ,
ਪਰਭਾਤ ਜਿਉਂ ਲਿਆਈ ਸੂਰਜ ਸ਼ੰਗਾਰ ਕੇ।

ਸਾਰਾ ਖਿੜ ਜਾਂਦਾ ਵਿਹੜਾ ਐਸਾ ਹੈ ਸੰਗ ਤੇਰਾ,
ਹੋਈਆਂ ਵਿਹਲੀਆਂ ਸੁਗੰਧਾਂ ਜਿਉਂ ਤੈਨੂੰ ਛੁਆਰ ਕੇ।

ਜਿੱਧਰ ਜਿੱਧਰ ਜਾਏਂ ਗੁਲਾਲ ਬਿਖ਼ਰ ਜਾਏ,
ਤੇਰੇ ਬੋਲ ਲੰਘ ਜਾਂਦੇ ਸਾਹਾਂ ਨੂੰ ਠਾਰ ਕੇ।

ਆਉਣ ਦੀਆਂ ਉਡੀਕਾਂ ਫੇਰ ਮੇਲ ਦੇ ਨਜ਼ਾਰੇ,
ਅਸੀਂ ਚਾਵਾਂ ਨਾ ਸਜਾਏ ਸੱਭੇ ਸੰਵਾਰ ਕੇ।

ਹਰ ਕੰਧ ਤੇ ਵਡੇਰੇ ਤੇਰੇ ਪਿਆਰ ਦੇ ਨੇ ਘੇਰੇ,
'ਸੀਨੇ ਤੂੰ ਲੱਗ ਜਾਵੇਂ' ਖੜ੍ਹੇ ਬਾਹਾਂ ਪਸਾਰ ਕੇ।

ਸਭ ਜੰਗਲ ਅਤੇ ਬੇਲੇ ਤੇਰੇ ਹੀ ਜਿਉਂ ਸੁਹੇਲੇ,
ਤੇਰੀ ਰੀਝ ਦੀ ਉਡੀਕੇ ਝੂੰਮਣ ਬਹਾਰ ਕੇ।

ਹਰ ਖਿੜੇ ਫੁੱਲੋਂ ਤੱਕਾਂ, ਤੇਰਾ ਮੁਸਕਰਾਣਾ,
ਸੁਹਜਾਂ ਜਿਵੇਂ ਨਹਾਇਆ ਤੈਨੂੰ ਨਿਖ਼ਾਰ ਕੇ।

ਝਰਨੇ ਦਾ ਰੁਮਕੇ ਪਾਣੀ ਐਂਜ ਮੇਲ੍ਹਦੀ ਨਾਦਾਨੀ,
ਜੀਵਨ ਨੇ ਵੇਗ ਰੱਖੇ ਅੱਗੇ ਪਸਾਰ ਕੇ।

ਤੈਂ ਉਂਗਲੀ ਨੂੰ ਛੂਹਣਾ ਮੈਂ ਸੁਪਨੇ ਵਿਚੋਂ ਲੰਘਾਣਾ,
ਅਸਾਂ ਤੇਰੇ ਵਿਚੋਂ ਜੀਣਾ ਇਹ ਜੀਵਨ ਗੁਜ਼ਾਰ ਕੇ।

ਸਤਿਗੁਰ ਤੇਰਾ ਸਹਾਈ ਇਹ ਬੇਨਤੀ ਹਮਾਰੀ,
ਸੰਗ ਰਹਿ ਕੇ ਟੁਰਨਾ ਤੇ ਸੀਨੇ 'ਚ ਧਾਰ ਕੇ।

❐



Sri Satguru Jagjit Singh Ji eLibrary NamdhariElibrary@gmail.com

# ਦੋ ਗ਼ਜ਼ਲਾਂ

—ਗੁਰਦਿਆਲ ਰੌਸ਼ਨ

## ਤੂਫ਼ਾਨ ਹਾਂ

ਜੋ ਆਉਣਾ ਹੈ ਹਾਲੇ ਉਹ ਤੂਫ਼ਾਨ ਹਾਂ।
ਮੈਂ ਚੁੱਪ ਨਈਂ ਬਗ਼ਾਵਤ ਦਾ ਐਲਾਨ ਹਾਂ।

ਮੈਂ ਚੁੱਲ੍ਹਾ ਹਾਂ ਜਿਸ ਨੂੰ ਹੈ ਭੁੱਖ ਅੱਗ ਦੀ,
ਮੈਂ ਫੁੱਲਦਾਨ ਹਾਂ ਨਾ ਸ਼ਮ੍ਹਾਂਦਾਨ ਹਾਂ।

ਨਾ ਜਿਸ ਨੂੰ ਅਜੇ ਤਕ ਵੀ ਗਾਇਆ ਕਿਸੇ,
ਮੈਂ ਅੰਬਰ 'ਤੇ ਲਿਖਿਆ ਸਮੂਹਗਾਨ ਹਾਂ।

ਮੈਂ ਕਹਿੰਦਾ ਪਿਆਂ ਹਾਂ ਕਿ ਬੰਦਾ ਨਹੀਂ,
ਮੈਂ ਹਿੰਦੂ ਜਾਂ ਸਿੱਖ ਜਾਂ ਮੁਸਲਮਾਨ ਹਾਂ।

ਤੂੰ ਸਾਗਰ ਤੂੰ ਖ਼ੁਸ਼ਬੂ ਤੂੰ ਹੈਂ ਰੌਸ਼ਨੀ,
ਮੈਂ ਖੰਡਰ ਹਾਂ ਥਲ ਹਾਂ ਬੀਆਬਾਨ ਹਾਂ।

ਪ੍ਰੇਸ਼ਾਨ ਕਰਦੇ ਹੋ ਮੈਨੂੰ ਤੁਸੀਂ,
ਜਦੋਂ ਪੁਛਦੇ ਹੋ ਕਿਉਂ ਪਰੇਸ਼ਾਨ ਹਾਂ।

ਮੈਂ ਹੰਝੂ ਹਾਂ ਹਉਕਾ ਹਾਂ ਸੱਚ ਜਾਣਿਓਂ,
ਮੈਂ ਦੇਖਣ ਨੂੰ ਹੀ ਬਸ ਇਕ ਮੁਸਕਾਨ ਹਾਂ।

ਮਿਰੇ ਕੋਲ ਜਦੋਂ ਤੱਕ ਤੂੰ ਰੌਸ਼ਨ ਨਹੀਂ,
ਮੈਂ ਜਿਉਂਦਾ ਤਾਂ ਹਾਂ ਸਿਰਫ ਬੇਜਾਨ ਹਾਂ।

## ਚੰਗਾ ਹੋਇਆ

ਢਹਿ ਗਿਆ ਹੈ ਦਿਲ ਦਾ ਮਕਾਨ ਚੰਗਾ ਹੋਇਆ।
ਟੁੱਟ ਗਿਆ ਏਸ ਦਾ ਗ਼ੁਮਾਨ ਚੰਗਾ ਹੋਇਆ।

ਲੈ ਗਿਆ ਚੜ੍ਹਾਵਾ ਕੋਈ ਮੰਦਰੋਂ ਚੁਰਾ ਕੇ,
ਲੁੱਟੀ ਗਈ ਲੁੱਟ ਦੀ ਦੁਕਾਨ ਚੰਗਾ ਹੋਇਆ।

ਮੇਹਰਬਾਨੀ ਤੇਰੀ ਦਿਲ ਤੋੜਿਆ ਤੂੰ ਮੇਰਾ,
ਟੁੱਟ ਗਿਆ ਕੱਚ ਦਾ ਸਮਾਨ ਚੰਗਾ ਹੋਇਆ।

ਜੱਕੋ ਤੱਕੀ ਵਿਚ ਭਰ ਲਈ ਹੈ ਉਡਾਰੀ,
ਦੇਖ ਲਿਆ ਤੂੰ ਵੀ ਆਸਮਾਨ ਚੰਗਾ ਹੋਇਆ।

ਚੰਗਾ ਹੋਇਆ ਹੋ ਗਿਆਂ ਮੈਂ ਇਹਤੋਂ ਇਕ ਪਾਸੇ,
ਇਕ ਪਾਸੇ ਹੋ ਗਿਆ ਜਹਾਨ ਚੰਗਾ ਹੋਇਆ।

ਮੀਂਹ ਦੇ ਨਾਲ ਬਹਿ ਗਿਆ ਹੈ ਧੂੜ ਦਾ ਗ਼ੁਬਾਰ,
ਜਾਨ ਵਿਚ ਆਈ ਮੇਰੀ ਜਾਨ ਚੰਗਾ ਹੋਇਆ।

ਸੁਣਿਆਂ ਤੂੰ ਰੌਸ਼ਨਾ ਜਹਾਨ ਛੱਡ ਗਿਆਂ,
ਛੁੱਟ ਗਈ ਮੁਸੀਬਤਾਂ ਤੋਂ ਜਾਨ ਚੰਗਾ ਹੋਇਆ।

—ਨਿਊ ਅਸ਼ੋਕ ਨਗਰ-ਏ, ਲੁਧਿਆਣਾ-੮

---

# ਪਹਿਰੇਦਾਰ /ਸ਼ਿਵਨਾਥ ਮੁਹਾਲੀ

ਸਾਂਭ ਕੇ ਰੱਖਣ ਉਹ
ਆਪਣੇ ਵਾਸਤੇ ਸ਼ਾਇਸਤਗੀ
ਸੁਣ ਨਹੀਂ ਸਕਦੇ ਜੋ ਮੇਰੀ
ਖੁਰ੍ਹਦਰੀ ਅੱਖੜ ਜ਼ਬਾਨ।

ਮੈਂ ਨਹੀਂ ਕਾਸ਼ੀ ਤੋਂ ਪੜ ਕੇ
ਪਰਤਿਆ
ਨਾ ਮਹਾਂ-ਵਿਦਿਆਲਿਆਂ ਤੋਂ
ਲੈ ਕੇ ਆਇਆ ਹਾਂ ਗਿਆਨ।

ਮੈਂ ਤਾਂ ਇਕ ਸਿੱਧਾ ਜਿਹਾ
ਇਨਸਾਨ ਹਾਂ
ਸਮਝਿਆ ਜਾਂਦੈ ਜੋ ਅਕਸਰ ਹੀ
ਗਵਾਰ
ਪਰ ਕਿਸੇ ਨੂੰ ਕੀ ਪਤਾ ਹੈ
ਕਿਸ ਤਰ੍ਹਾਂ ਬਣਦਾ ਹੈ
ਹਰ ਬੰਦੇ ਦਾ ਆਪਣਾ ਹੀ ਸੁਭਾਅ
ਤੇ ਕਿਵੇਂ ਬਣਦੀ ਹੈ
ਹਰ ਬੰਦੇ ਦੀ ਆਪਣੀ ਹੀ ਜ਼ੁਬਾਨ।

ਬੋਲਦੇ ਨੇ ਜਿਸ ਤਰ੍ਹਾਂ
ਪੰਡਿਤ ਜਿਹੇ
ਜਾਂ ਅਮੂਮਨ ਹੱਟ ਵਿਚ
ਹਟਵਾਣੀਏਂ
ਕਿਸ ਤਰ੍ਹਾਂ ਬੋਲੇਗਾ ਇਕ
ਪੇਂਡੂ ਕਿਸਾਨ
ਵੇਖ ਕੇ ਪੈਂਦਾ ਉਜਾੜਾ
ਖੇਤ ਨੂੰ।

ਤੇ ਕਿਵੇਂ ਬੋਲੇਗਾ ਪਹਿਰੇਦਾਰ
ਅੱਧੀ ਰਾਤ ਨੂੰ
ਸੌਂ ਗਿਆ ਹੁੰਦੈ ਜਦੋਂ
ਸਾਰਾ ਮੁਹੱਲਾ
ਜਾਗਦਾ ਹੁੰਦੈ ਜਦੋਂ ਗਲੀਆਂ 'ਚ
ਉਹ ਬਿਲਕੁਲ ਇਕੱਲਾ ?
ਸਾਂਭ ਕੇ ਰੱਖਣ ਉਹ
ਆਪਣੇ ਵਾਸਤੇ ਸ਼ਾਇਸਤਗੀ
ਸੁਣ ਨਹੀਂ ਸਕਦੇ ਜੋ ਮੇਰੀ
ਖੁਰ੍ਹਦਰੀ ਅੱਖੜ ਜ਼ੁਬਾਨ।

ਮੈਂ ਨਹੀਂ ਕਾਸ਼ੀ ਤੋਂ ਪੜ੍ਹ ਕੇ
ਪਰਤਿਆ
ਨਾ ਮਹਾਂ-ਵਿਦਿਆਲਿਆਂ ਚੋਂ
ਲੈ ਕੇ ਆਇਆ ਹਾਂ ਗਿਆਨ।

੧੨੫੭-C-LIG.
ਫੇਜ਼ ੧੦ ਮੁਹਾਲੀ ੧੬੦੦੬੧



Sri Satguru Jagjit Singh Ji eLibrary NamdhariElibrary@gmail.com

# ਗੁਰੂ ਨਾਨਕ ਕਿਸਾਨ ਦਾ

—ਸਾਧੂ ਸਿੰਘ ਕਿਸਾਨ

ਸ੍ਰੀ ਨਾਨਕ ਪੁਰਸ਼ੋਤਮੰ, ਪਰਮ ਪਰਾਵਰ ਨਾਥ।
ਯੁਗਲ ਚਰਨ ਮਮ ਬੰਦਨਾਂ, ਧਰ ਪਰ ਧਰ ਕਰ ਮਾਥ।
ਜਾਹੀ ਕੁਲ ਤੇ ਪ੍ਰਗਟ ਹੋਇ, ਤਾਹੀ ਕੁਲ ਕੋ ਨਾਮ।
ਪੁਨ ਦੁਆਦਸ ਗੋਰਿੰਡ ਕੋ, ਮੇਰੀ ਹੈ ਪਰਨਾਮ।

ਗੁਰੂਆਂ ਸਤਿਗੁਰੂਆਂ ਦੇ ਪੂਜਣਯੋਗ ਪਰਮ ਪਵਿੱਤਰ ਗੁਰਬਾਨੀ, ਦੀ ਹਜ਼ੂਰੀ ਵਿਚ ਬੈਠੀ ਸਾਧ ਸੰਗਤ ਨੂੰ ਸਤਿਗੁਰ ਨਾਨਕ ਪ੍ਰਗਟਿਆ ਦਾ ਜਸ਼ਨ ਮਨਾਣ ਦੀਆਂ ਮੁਬਾਰਕਾਂ!

ਮੈਂ ਧੰਨਵਾਦੀ ਹਾਂ ਇਸ ਗੁਰਪੁਰਬ ਕਮੇਟੀ ਦਾ, ਜਿਨ੍ਹਾਂ ਮੈਨੂੰ, ਬਦਾਯੂੰ ਦੀ ਸਾਧ ਸੰਗਤ ਦੇ ਦਰਸ਼ਨ ਕਰਨ ਦਾ ਸੁਅਵਸਰ ਬਖਸ਼ਿਆ।

ਸੱਚੁ ਆਚਾਰ ਦੇ ਧਾਰਨੀ, ਆਤਮ ਵਿਸ਼ਵਾਸ ਨਾਲ ਭਰੇ ਹੋਏ, ਅਤਿ ਨਿਡਰ, ਮਹਾਂ ਮੁਸਾਫ਼ਰ ਸਤਿਗੁਰੂ ਨਾਨਕ ਦੇਵ ਜੀ ਬਾਰੇ ਪ੍ਰਚਲਤ ਕਰਾਮਾਤੀ ਧਾਰਨਾਂ ਤੋਂ ਹਟ ਕੇ ਕੁਝ ਬੇਨਤੀਆਂ ਕਰਨ ਦੀ ਆਗਿਆ ਲੈਂਦਾ ਹਾਂ।

ਸਤਿਗੁਰੂ ਜੀ ਦੀਆਂ ਅੱਜ ਕਲ੍ਹ ਦੀਆਂ ਫੋਟੋ ਜਾਂ ਚਿੱਤਰ ਵੇਖ ਕੇ, ਜ਼ਰਾ ਧਿਆਨ ਦੇਣ ਦੀ ਲੋੜ ਏ, ਕਿ ਜਿਸ ਨੇ ਜੀਵਨ ਵਿਚ ਲਗਾਤਾਰ ਕਈ ਉਦਾਸੀਆਂ ਭਾਵ ਸਫ਼ਰਾਂ ਵਿਚ ਮੈਦਾਨਾਂ-ਪਹਾੜਾਂ ਬਸਤੀਆਂ-ਉਜਾੜਾਂ ਰਾਹੀਂ ਕਰੀਬ ਪਚਵੰਜਾ ਹਜ਼ਾਰ ਮੀਲ ਪੈਦਲ ਪੈਂਡਾ ਕੀਤਾ ਹੋਵੇ ਤੇ ਪੱਕੀ ਉਮਰ ਵਿਚ ਵੀ ਸਰੀਰਕ ਖੇਚਲ ਭਰਿਆ ਕਿਰਸਾਣੀ ਕਿੱਤਾ ਅਖ਼ਤਿਆਰ ਕੀਤਾ ਹੋਵੇ। ਕੀ ਉਸਦਾ ਸਰੀਰਕ ਦਰਸ਼ਨ ਏਸ ਤਰ੍ਹਾਂ ਦਾ ਹੋਏਗਾ। ਜਿਵੇਂ ਕਿਸੇ ਅਜੋਕੇ ਮਹੰਤ ਡੇਰੇਦਾਰ ਦਾ ਹੁੰਦਾ ਏ ?

ਸਤਿਗੁਰੂ ਜੀ ਬਦਨ ਦੇ ਸੁਬਕ, ਇਕਹਿਰੇ ਲੰਮੇ, ਗੋਰਾ ਗੁਲਾਬੀ ਰੰਗ, ਤਿੱਖਾ ਨੱਕ, ਮਸਤੀ ਭਰੇ ਮੋਟੇ ਨੇਤਰ, ਜਿਵੇਂ ਉੱਤੇ ਧਰੇ ਹੋਏ ਹੋਣ, ਸੋਚਵਾਨ ਵਿਸ਼ਾਲ ਦਗਦਗ ਕਰਦਾ ਹੋਇਆ ਮਸਤਕ, ਕੋਮਲ ਪਰ ਸਾਧਿਆ ਹੋਇਆ ਸਰੀਰ, ਮੋਦੀਖਾਨੇ ਵੇਲੇ ਭੂਰੀ ਭੈਅ ਮਾਰਦੀ ਮਸ ਫੁੱਟ ਕਾਲੀ ਦਾਹੜੀ, ਵੇਖਣ ਵਾਲੇ ਨੂੰ ਬਦੋਬਦੀ ਆਪਣੇ ਵੱਲ ਖਿਚਦਾ ਪ੍ਰਭਾਵ।

ਸਾਧੇ ਹੋਏ ਤਨ ਮਨ ਨਾਲ ਅੱਖ ਪਲਕਾਰੇ ਵਿਚ, ਗੁਰੂ ਜੀ ਕਿਤੇ ਵੀ ਪਹੁੰਚਣ ਦੇ ਸਮਰੱਥ ਸਨ, ਪਰ ਜਿਸ ਕੰਮ ਵਾਸਤੇ ਆਪ ਘਰੋਂ ਨਿਕਲੇ ਸਨ, ਭਾਵ ਹਿੰਦੀਆਂ ਦੀ ਮਾਨਸਿਕ ਤੇ ਰਾਜਨੀਤਕ ਅਧੋਗਤੀ ਦੇ ਕਾਰਨਾਂ ਦੀ ਪੜਚੋਲ ਕਰਨ ਲਈ ਗਿਆਨ ਸੰਗ੍ਰਹਿ ਕਰਨਾ ਅਤੇ ਵੰਡਣਾ ਵੀ, ਤਾਂ ਉਸਦਾ ਕੀ ਬਣਦਾ ?

ਪੈਦਲ ਯਾਤਰਾ ਕਰਦੇ ਬਰਫਾਂ ਲੰਘਦੇ ਜਦੋਂ ਗੁਰੂ ਜੀ, ਮਾਨ ਸਰੋਵਰ ਝੀਲ ਕੰਢੇ ਬੈਠੇ ਭਾਰਤੋਂ ਭਗੌੜੇ ਸਿੱਧਾਂ ਕੋਲ ਪਧਾਰੇ, ਤਾਂ ਸਿੱਧ, ਗੁਰੂ ਜੀ ਦੀ ਉਮਰ ਅਤੇ ਕੋਮਲਤਾ ਵੇਖ ਕੇ ਭੌਂਚਏ ਈ ਰਹਿ ਗਏ, ਤੇ ਕਹਿਣ ਲੱਗੇ—ਹੇ ਬਾਲਕੇ! ਤੂੰ ਏਥੇ ਪਹੁੰਚ ਕਿਵੇਂ ਗਿਓਂ! ਅਤੇ ਸਾਡੀ ਮਾਤ ਭੂਮੀ ਦਾ ਕੀ ਹਾਲ ਏ? ਸਤਿਗੁਰਾਂ ਦਾ ਜਵਾਬ ਸੀ—ਪਹੁੰਚਿਆ ਪਰਮੇਸ਼ਰ ਦੀ ਕਿਰਪਾ ਨਾਲ ਹਾਂ, ਪਰ ਤੁਸੀਂ ਏਥੇ ਚੀਨ ਦੀ ਹੱਦ ਤੇ ਲੁੱਕ ਕੇ, ਭਾਰਤ ਦਾ ਚੱਜ ਚਾਲ ਪੁਛਦੇ ਓ ?

> ੩੦-੧੧-੨੦੦੧ ਨੂੰ ਬਦਾਯੂੰ ਦੀ ਸੰਗਤ ਨੇ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਬੜੀ ਧੂਮ-ਧਾਮ ਨਾਲ ਮਨਾਇਆ, ਜਿਦ੍ਹੇ ਵਾਸਤੇ ਦੂਰੋਂ ਦੂਰੋਂ ਗਿਆਨੀ, ਪ੍ਰਚਾਰਕ, ਰਾਗੀ ਜਥੇ ਮੰਗਾਏ ਹੋਏ ਸਨ।
>
> ਸ਼ਹਿਰੋਂ ਬਾਹਰਲੇ ਪਿੰਡੀਂ ਵਸਦੇ ਪੰਜਾਬੀਆਂ ਨੂੰ ਵੀ ਸੱਦੇ ਪੱਤਰ ਭੇਜੇ ਸਨ। ਇਸ ਸਮਾਗਮ ਵਿਚ ਮੈਨੂੰ ਵੀ ਪੱਚੀ-ਤੀਹ ਮਿੰਟ ਬੈਠ ਕੇ ਬੋਲਣ ਦਾ ਅਵਸਰ ਮਿਲਿਆ ਜੋ ਉਸ ਦਿਨ ਓਥੇ ਆਖਿਆ ਗਿਆ। ਅਜ ਵੇਹਲ ਮਿਲਣ ਤੇ ਅੱਖਰਾਂ ਰਾਹੀਂ ਆਪ ਦੇ ਹਜ਼ੂਰ ਹਾਜ਼ਰ ਏ। ਜੇ ਯੋਗ ਸਮਝੋ, ਵਰਿਆਮ ਦੇ ਪਾਠਕਾਂ ਨਾਲ ਸਾਂਝਾ ਕਰ ਲਓ।—ਕਿਸਾਨ

ਜਿਥੇ ਅੱਜ ਵੀ ਇਕੱਲਾ ਦੁਕੱਲਾ ਓਪਰਾ ਆਦਮੀ ਮਾਨਸ ਖਾਣੇ ਮਨੁੱਖੀ ਦਿੰਦਿਆਂ ਹੱਥੋਂ ਆਪਣਾ ਬਚਾ ਨਹੀਂ ਕਰ ਸਕਦਾ, ਉਸ ਰਸਤਿਓਂ ਗੁਰੂ ਜੀ ਦਾ ਸਿਰਫ ਦੋਹ ਸਾਥੀਆਂ ਸਣੇ ਈ, ਬਿਨਾਂ ਸ਼ਸਤਰਾਂ ਅਸਤਰਾਂ ਦੇ, ਭੁੱਖਾਂ ਤੇਹਾਂ ਸਹਾਰਦਿਆਂ। ਧੁਰ ਪੂਰਬ ਨਾਗਾਲੈਂਡ ਤੱਕ ਪੁੱਜ ਜਾਣਾ, ਕਿਸੇ ਕਰਾਮਾਤ ਤੋਂ ਘੱਟ ਨਹੀਂ ਸੀ।

ਆਦਮੀ ਨੂੰ ਜਿੰਨੀ ਸਿਆਣਪ ਸਫ਼ਰ ਚੋਂ ਮਿਲਦੀ ਏ, ਓਨੀ ਹੋਰ ਕਿਸੇ ਵੀ ਤਰੀਕੇ ਨਹੀਂ ਮਿਲ ਸਕਦੀ। ਰਾਹਾਂ 'ਚ ਹਮੇਸ਼ਾਂ ਨਵੇਂ ਤੋਂ ਨਵੇਂ ਅੰਜਾਣ-ਸਿਆਣ, ਮੂਰਖ-ਮੁਗਧ, ਕੁਚੱਜੇ-ਸੁਚੱਜੇ, ਨਾਲ ਵਾਹ ਪੈਂਦਾ ਰਹਿੰਦਾ ਏ। ਇਸ ਸਰਬ ਪ੍ਰਵਾਣਤ ਕਸਵੱਟੀ ਉੱਤੇ ਵੀ, ਗੁਰੂ ਨਾਨਕ ਦੇਵ ਜੀ ਦਾ ਸਾਰੀ ਦੁਨੀਆਂ ਤੇ ਸਭ ਤੋਂ ਪਹਿਲਾ ਨੰਬਰ ਏ, ਤਾਂ ਹੀ ਤਾਂ ਇਹਨਾਂ ਦੀ ਸੂਝ ਸਿਆਣਪ ਸਾਰਿਆਂ ਤੋਂ ਉੱਪਰ ਏ।

ਇੰਜ ਲਗਦਾ ਏ ਜਿਵੇਂ ਗੁਰੂ ਨਾਨਕ ਦੇਵ ਜੀ ਨੇ ਬਚਪਨ ਤੋਂ ਹੀ ਸੰਸਾਰ ਸਫ਼ਰ ਦੀ ਤਿਆਰੀ ਸ਼ੁਰੂ ਕਰ ਦਿੱਤੀ ਸੀ। ਹਿੰਦੀ, ਸੰਸਕ੍ਰਿਤ, ਹਿਸਾਬ-ਕਿਤਾਬ, ਅਰਬੀ-ਫ਼ਾਰਸੀ ਦਾ ਭਰਪੂਰ ਗਿਆਨ ਕੁਦਰਤਨ ਬਹੁਤ ਹੀ ਚੇਤੰਨ ਹੋਣ ਕਰਕੇ ਹੋਰ ਗੁਣਾਂ ਦੇ ਨਾਲ ਚਰਿੰਦ ਪਰਿੰਦ ਨੂੰ ਵੀ ਕੀਲਣ ਵਾਲੀ ਰਾਗ ਵਿਦਿਆ ਵਿਚ ਵੀ ਓੜਕਾਂ ਦੀ ਮੁਹਾਰਤ ਹਾਸਲ ਕਰ ਲਈ। ਜਦੋਂ ਬਾਣੀ ਉਤਰਨੀ ਮਰਦਾਨੇ ਨੂੰ ਰਬਾਬ ਛੇੜਨ ਦਾ ਹੁਕਮ ਹੋ ਜਾਣਾ, ਗੁਰੂ ਜੀ ਨੇ ਉਤਰੇ ਸ਼ਬਦ ਨੂੰ ਰਾਗ-ਤਾਲ ਵਿਚ ਲੈਅਬੱਧ ਕਰਕੇ ਹੀ ਉਚਾਰਣ ਕਰਨਾ। ਆਵਾਜ਼ ਆਪ



Sri Satguru Jagjit Singh Ji eLibrary NamdhariElibrary@gmail.com

ਜੀ ਦੀ ਕੋਇਲ ਵਾਂਗ ਮਿੱਠੀ ਤੇ ਮੋਹ ਵਾਂਗ ਭਰਵੀਂ ਦੂਰ ਦੂਰ ਤੱਕ ਮਾਰ ਕਰਨ ਵਾਲੀ ਸੀ। ਬਚਪਨ ਸਮੇਂ, ਹਿੰਦੂ-ਮੁਸਲਮਾਨਾਂ ਵਿਚ ਸਾਂਝੇ ਵਿਚਰਨ ਕਰਕੇ, ਦੋਹਾਂ ਧਰਮਾਂ ਦੀਆਂ ਰਹੁ ਰੀਤਾਂ ਅਤੇ ਧਾਰਮਿਕ ਰਸਮਾਂ ਦੇ ਪੂਰੇ ਜਾਣਕਾਰ ਹੋ ਚੁੱਕੇ ਸਨ, ਤਾਂਹੀ ਤਾਂ ਬਗਦਾਦ ਫੇਰੀ ਸਮੇਂ ਸਵੇਰ ਦੀ ਨਮਾਜ਼ ਪੜ੍ਹ ਕੇ, ਆਸਾ ਦੇ ਅਲਾਪ 'ਚ ਬਾਂਗ ਦੇਣ ਨਾਲ ਸਾਰਾ ਬਗਦਾਦ ਸੁੰਨ ਸਮਾਨ ਹੋ ਗਿਆ। ਉਥੋਂ ਦਾ ਵੱਡਾ ਪੀਰ ਹੈਰਾਨ ਕਿ ਇਸ ਤਰ੍ਹਾਂ ਦੀ ਅਜ਼ਾਨ ਤਾਂ ਅੱਜ ਤੱਕ ਸੁਣੀ ਨਹੀਂ, ਜੋ ਪੱਥਰਾਂ ਨੂੰ ਪਿਘਲਾ ਸਕਦੀ ਹੋਵੇ! ਤੇ ਫਿਰ ਜਦੋਂ ਦਸਤਗੀਰ ਨੇ ਇਮਾਨ-ਧਰਮ ਦੀ ਗੱਲ ਛੇੜੀ ਤਾਂ ਗੁਰੂ ਜੀ ਦਾ ਫੁਰਮਾਨ ਸੀ—ਸੱਚੁ ਆਚਾਰ ਬਿਨਾਂ ਸਭ ਕੂੜ ਕਬਾੜਾ ਏ।

ਦੱਖਣ ਦੇ ਸਫ਼ਰ ਸਮੇਂ ਕੰਨਿਆਂ ਕੁਮਾਰੀ ਤੋਂ ਅੱਗੇ ਲੰਕਾ ਤੇ ਲਕਸ਼ ਦੀਪ ਤਕ ਪਹੁੰਚ ਕੀਤੀ ਕਿ ਸ਼ਾਇਦ ਏਧਰੋਂ ਦੂਰ ਦੁਰਾਡਿਓਂ ਈ ਭਾਰਤੀ ਅਕਾਸ਼ ਤੇ ਛਾਏ ਹਨੇਰ ਗੁਬਾਰ ਨੂੰ ਮੇਟਣ ਵਾਸਤੇ ਕੋਈ ਰੋਸ਼ਨੀ ਦੀ ਕਿਰਨ ਦਿਸ ਪਵੇ।

ਬੱਤੀ ਪੈਂਤੀ ਸਾਲ ਦੀ ਭਰ ਜੁਆਨ ਉਮਰੇ ਗੁਰੂ ਨਾਨਕ ਦੇਵ ਜੀ ਦਿੱਲੀ ਪਧਾਰੇ। ਅਗੇ ਮੁਸਲਮਾਨ ਪੀਰਾਂ ਫਕੀਰਾਂ ਦਾ ਘੜਮੱਸ ਪਿਆ ਹੋਇਆ ਸੀ। ਇਸ ਬਹੁਤ ਹੀ ਕੋਮਲ-ਸੁਨੱਖੇ ਹਿੰਦੂ ਲਗਦੇ ਫ਼ਕੀਰ ਨੇ ਆਪਣੀ ਮਿੱਠੀ ਬੋਲੀ ਨਾਲ ਆਪਣਾ ਬਹੁਤਾ ਈ ਪਰਭਾਵ ਪਾ ਲਿਆ। ਸਥਾਨਕ ਪੀਰਾਂ ਨੇ ਆਪਣੀ ਸਾਖ ਡਿੱਗਦੀ ਵੇਖ ਬਾਦਸ਼ਾਹ ਸਿਕੰਦਰ ਲੋਧੀ ਕੋਲ ਸ਼ਿਕਾਇਤ ਕਰ ਦਿੱਤੀ, ਜਿਦ੍ਹੇ ਵਿਚ ਦਮ ਤਾਂ ਕੋਈ ਨਹੀਂ ਸੀ, ਪਰ ਕੁਦਰਤਨ ਬਾਦਸ਼ਾਹ ਦਾ ਹਾਥੀ ਮਰ ਗਿਆ। ਉਹ ਹਿੰਦੂਆਂ ਨਾਲ ਖਾਰ ਤਾਂ ਖਾਂਦਾ ਈ ਸੀ। ਬਹਾਨਾ ਮਿਲ ਜਾਣ ਕਰਕੇ ਲੋਧੀ ਨੇ ਗੁਰੂ ਜੀ ਨੂੰ ਸੰਦੇਸ਼ਾ ਭੇਜਿਆ ਕਿ ਜਾਂ ਤਾਂ ਆਪਣੀ ਕਰਾਮਾਤ ਨਾਲ ਮੇਰਾ ਹਾਥੀ ਜ਼ਿੰਦਾ ਕਰ ਦਿਓ ਵਰਨਾ...।

ਗੁਰੂ ਜੀ ਦੇ ਇਨਕਾਰ ਕਰਨ ਦੇ ਕੈਦ ਦਾ ਹੁਕਮ ਹੋ ਗਿਆ। ਅੰਦਰ ਵੀ ਗੁਰਾਂ ਦੇ ਮਨਮੋਹਣੇ ਦਰਸ਼ਨ-ਸੁਭਾ ਨੇ ਸਾਰੇ ਕੈਦੀਆਂ ਨੂੰ ਨਾਮ ਜਪਣਾ ਲਾ ਦਿੱਤਾ। ਇਤਫਾਕਨ ਇਹਨਾਂ ਈ ਦਿਨਾਂ 'ਚ ਦਿੱਲੀ ਇਕ ਜ਼ਬਰਦਸਤ ਭੁਚਾਲ ਦੀ ਮਾਰ ਹੇਠ ਆ ਗਿਆ। ਬਹੁਤ ਹੀ ਇਮਾਰਤਾਂ ਡਿੱਗ ਪਈਆਂ, ਬੜਾ ਜਾਨੀ-ਮਾਲੀ ਨੁਕਸਾਨ ਹੋ ਗਿਆ, ਪਰ ਕੈਦੀਆਂ ਨੂੰ ਅਜਾਂ ਤੱਕ ਨਾ ਆਈ। ਇਸ ਵਾਕੇ ਨਾਲ ਆਮ ਲੋਕ ਚਰਚਾ ਕਰਨ ਲੱਗ ਪਏ ਕਿ ਬਾਦਸ਼ਾਹ ਵਲੋਂ ਸੋਹਣੇ ਫਕੀਰ ਨੂੰ ਕੈਦ ਕਰਨ ਕਰਕੇ ਹੀ ਭੁਚਾਲ ਆਇਆ ਏ। ਦਿੱਲੀ ਦੇ ਕੁਝ ਸੂਫੀ ਫੱਕਰਾਂ ਨੇ ਲੋਧੀ ਨੂੰ ਸਮਝਾਇਆ ਤਾਂ ਗੱਲ ਓਹਦੇ ਖਾਨੇ ਬੈਠ ਗਈ। ਉਹਨੇ ਗੁਰੂ ਜੀ ਨਾਲ ਹੋਰ ਕੈਦੀਆਂ ਨੂੰ ਵੀ, ਗੁਰੂ ਜੀ ਦੇ ਕਹਿਣ ਤੇ ਰਿਹਾ ਕਰ ਦਿੱਤਾ। ਬਾਹਰ ਆ ਕੇ ਗੁਰਾਂ ਨੇ ਭੁਚਾਲ ਪੀੜਤਾਂ ਤੇ ਹੋਰ ਵੀ ਗਰੀਬ ਗੁਰਬੇ ਨੂੰ ਅੰਨ ਅਤੇ ਗਰਮੀਆਂ ਹੋਣ ਕਰਕੇ ਪਾਣੀ ਨਾਲ ਲਹਿਰੋ ਲਹਿਰ ਕਰ ਦਿੱਤਾ।

ਬਾਬਰ ਦੇ ਹਮਲੇ ਤੱਕ ਗੁਰੂ ਜੀ ਦਾ ਜਬਾ ਜਲਵਾ ਵੀ ਸਿਖਰਾਂ ਛੋਹ ਰਿਹਾ ਸੀ। ਹਿੰਦੁਸਤਾਨ ਦੀਆਂ ਚਾਰੇ ਕੂੰਟਾਂ ਪੈਦਲ ਗਾਹ ਕੇ, ਸਫ਼ਰ ਦੀਆਂ ਔਕੜਾਂ ਮੁਸੀਬਤਾਂ ਝਾਗ ਕੇ, ਰਾਜਿਆਂ ਫਕੀਰਾਂ ਠੱਗਾਂ ਲੁਟੇਰਿਆਂ ਨਾਲ ਭਿੜ ਭਿੜ ਕੇ, ਤਨ ਮਨ ਪਪੱਕ ਹੋਇਆ ਪਿਆ ਸੀ। ਤਾਂ ਵੀ ਏਮਨਾਬਾਦ ਵਾਲੀ ਤਬਾਹੀ ਵੇਖ ਕੇ ਗੁਰੂ ਜੀ ਏਨੇ ਦ੍ਰਵਿਤ ਹੋਏ ਕਿ ਜ਼ਿੰਦਗੀ 'ਚ ਇਕੋ ਇਕ ਵਾਰੀ ਰੱਬ ਨੂੰ ਮੇਹਣਾ ਮਾਰਿਆ ਕਿ 'ਤੈਨੂੰ ਕਿਸੇ ਦੇ ਦੁੱਖ ਦਰਦ ਨਾਲ ਕੋਈ ਸਰੋਕਾਰ ਨਹੀਂ।'

ਜਦੋਂ ਗੁਰੂ ਨਾਨਕ ਦੇਵ ਜੀ ਮਰਦਾਨੇ ਦੀ ਮਿੱਠੀ ਰਬਾਬ ਨਾਲ ਦਰਦ ਭਿੰਨੇ ਸੁਰ 'ਚ ਇਹ ਉਲਾਂਭਾ ਗਾ ਰਹੇ ਸਨ ਤਾਂ ਬਾਬਰ ਦੀਆਂ ਫੌਜਾਂ ਲਈ ਚੱਕੀਆਂ ਪੀਸ ਰਹੇ ਹਿੰਦੂ, ਮੁਸਲਮਾਨ, ਪੀਰ, ਫਕੀਰ ਸੰਤ ਮਹੰਤ ਰੋ ਕੁਰਲਾ ਰਹੇ ਸਨ। ਚੱਕੀ ਦਰੋਗਾ ਨੇ ਗੁਰੂ ਜੀ ਨੂੰ ਵੀ ਓਥੇ ਹੀ ਬੰਦ ਕਰ ਦਿੱਤਾ।

ਜਦੋਂ ਆਪ ਜੀ ਨੇ ਅੰਦਰ ਦਾ ਇਹ ਕਰੁਣਾਮਈ ਦ੍ਰਿਸ਼ ਦੇਖਿਆ ਤਾਂ ਮਨ ਜੋ ਪਹਿਲਾਂ ਹੀ ਦੁਖੀ ਹੋ ਗਿਆ ਸੀ, ਨੇ ਸੋਚਿਆ ਕਿ ਇਹ ਸਭ ਭਾਰਤ ਦੀ ਗੁਲਾਮੀ, ਮਾਨਸਿਕ ਅਤੇ ਸਰੀਰਕ ਅਧੋਗਤੀ ਦਾ ਹੀ ਨਤੀਜਾ ਏ, ਇਸ ਨੂੰ ਇਕ ਝੂਣਾ ਦੇਣ ਦੀ ਲੋੜ ਸਮਝ ਕੇ, ਸਾਰਿਆਂ ਨੂੰ ਬੜੇ ਪ੍ਰਭਾਵੀ ਅੰਦਾਜ਼ ਨਾਲ ਆਖਿਆ 'ਚੱਕੀਆਂ ਬੰਦ ਕਰ ਦਿਓ!' ਗੁਰੂ ਜੀ ਦੇ ਕਹਿਣ ਢੰਗ ਨੇ ਕਰਾਮਾਤੀ ਅਸਰ ਕੀਤਾ, ਕੋੜੇ ਵਜਦਿਆਂ ਵੀ ਸਾਰੀਆਂ ਚੱਕੀਆਂ ਬੰਦ ਹੋ ਗਈਆਂ। ਚੱਕੀ ਦਰੋਗਾ ਭੱਜਾ ਭਜਾ ਬਾਬਰ ਕੋਲ ਗਿਆ, ਸ਼ਹਿਨਸ਼ਾਹ! ਇਕ ਬੜੇ ਸੋਹਣੇ ਹਿੰਦੂ ਲਗਦੇ ਫਕੀਰ ਨੇ ਸਾਰੀ ਸਖਤੀਆਂ ਦੇ ਬਾਵਜੂਦ ਚੱਕੀਆਂ ਬੰਦ ਕਰਾ ਦਿੱਤੀਆਂ ਨੇ, ਫੌਜ ਨੂੰ ਰੋਟੀ ਕਿਵੇਂ ਮਿਲੇਗੀ।

ਬਾਬਰ ਪਤਲਾ, ਲੰਮਾ, ਉਦਮੀ, ਫੁਰਤੀਲਾ ਜਵਾਨ ਸੀ, ਓਸੇ ਵੇਲੇ ਉੱਠ ਕੇ ਤੁਰ ਪਿਆ। ਚੱਕੀ ਖਾਨੇ ਜਾਕੇ ਵੇਖਿਆ ਗੁਰੂ ਜੀ ਮਰਦਾਨੇ ਦੀ ਰਬਾਬ ਸੰਗ ਬੜੀ ਮਨਮੋਹਕ ਸੁਰ ਨਾਲ 'ਖੁਰਾਸਾਨ ਖਸਮਾਨਾਂ ਕੀਆ' ਗਾ ਰਹੇ ਸਨ। ਸ਼ਬਦ ਦੀ ਸਮਾਪਤੀ ਤੱਕ, ਬਾਬਰ ਸਣੇ ਅਹਿਲਕਾਰਾਂ ਮੰਤਰ ਮੁਗਧ ਖੜੋਤਾ ਰਿਹਾ। ਬਾਦ ਥੋੜਾ ਸੰਭਲ ਕੇ ਆਪਣੀ ਬੋਲੀ 'ਚ ਕਹਿਣ ਲੱਗਾ, ਐ ਹਿੰਦੂ ਫਕੀਰ ਇਹ ਕੀ ਗਾ ਰਿਹਾ ਏਂ! ਤਾਂ ਗੁਰੂ ਜੀ ਉਸੇ ਮਸਤੀ 'ਚ ਬੜੇ ਨਿਡਰ ਨਿਧੜਕ ਹੋ ਕੇ ਫਰਮਾਇਆ ਕਿ ਐ ਬਾਬਰ! ਖੁਰਾਸਾਨ ਤੋਂ ਨੱਠ ਕੇ ਕਾਬਲ ਵਿਚ ਪਨਾਹ ਲਈ ਤੇ ਹਿੰਦੁਸਤਾਨ ਨੂੰ ਕਮਜ਼ੋਰ ਵੇਖ, ਏਥੇ ਆਕੇ ਜ਼ੁਲਮ ਢਾਹ ਰਿਹਾ ਏਂ, ਮਾੜਿਆਂ ਨੂੰ ਸਤਾਏ ਦਾ ਬਦਲਾ ਤੈਨੂੰ ਦੇਣਾ ਪਏਗਾ, ਜੇ ਹਿੰਮਤ ਹੈ ਤਾਂ ਕਿਸੇ ਬਾਦਸ਼ਾਹ ਨਾਲ ਟੱਕਰ ਲੈ।

ਬਾਬਰ ਨੂੰ ਜ਼ਿੰਦਗੀ 'ਚ ਪਹਿਲੀ ਵਾਰ ਕੋਈ ਏਸ ਤਰ੍ਹਾਂ ਮੁਖਾਤਬ ਹੋਇਆ ਸੀ। ਸਾਰਿਆਂ ਦੀ ਰਿਹਾਈ ਦਾ ਹੁਕਮ ਦੇ ਕੇ ਗੁਰੂ ਜੀ ਨੂੰ ਬਾ-ਅਦਬ ਆਪਣੇ ਡੇਰੇ ਲੈ ਗਿਆ ਵਿਚਾਰ ਵਟਾਂਦਰਾ ਕਰਨ ਵਾਸਤੇ।

ਬੱਸ! ਇਹ ਸੀ ਗੁਰੂ ਨਾਨਕ ਦੇਵ ਜੀ ਵਲੋਂ, ਕਰਾਮਾਤਾਂ ਕਰਨ ਦਾ ਅਨੋਖਾ ਢੰਗ।

❖



Sri Satguru Jagjit Singh Ji eLibrary NamdhariElibrary@gmail.com

Gram : 'SNIPER' Hello : 431367

*Reputed Manufacturers of :*

**Superior Quality**

**SINGLE BARREL**

&

**DOUBLE BARREL**

**B. L. — 12 BORE**

**GUNS**

**MODERN GUN WORKS**

OPP. INDUSTRIAL ESTATE,
JAMMU CANTT.



Sri Satguru Jagjit Singh Ji eLibrary NamdhariElibrary@gmail.com

# ਭਾਈ ਤਾਬਾ*

—ਬਲਬੀਰ ਸਿੰਘ ਕੰਵਲ

ਭਾਈ ਮੋਤੀ ਦੀ ਸੰਗੀਤਕ ਜੋਤ ਨੂੰ ਜੇਕਰ ਕਿਸੇ ਕੀਰਤਨਕਾਰ ਨੇ ਸਹੀ ਅਰਥਾਂ ਵਿਚ ਉਨ੍ਹਾਂ ਪਿਛੋਂ ਜਗਦੀ ਰੱਖਿਆ, ਤਾਂ ਉਹ ਭਾਈ ਤਾਬਾ ਹੀ ਸਨ। ਮੁਸਲਮਾਨਾਂ ਵਿਚ ਆਪ ਤਾਬੇ ਹੁਸੈਨ ਕਰਕੇ ਜਾਣੇ ਜਾਂਦੇ ਸਨ।

ਆਪ ਦਾ ਜਨਮ ੧੮੮੫ ਦੇ ਨੇੜੇ ਤੇੜੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ। ਲਗਪਗ ੩੫ ਸਾਲ ਆਪ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਨਿਭਾਈ। ਢੇਰ ਕਰਕੇ ਆਪ ਭਾਈ ਮੋਤੀ ਜੀ ਦੀਆਂ ਹੀ ਸ਼ਬਦ-ਰੀਤਾਂ ਗਾਉਂਦੇ ਸਨ। ਭਾਈ ਸਾਈਂ ਦਿੱਤਾ ਵਾਂਗ, ਆਪ ਨੇ ਵੀ ਅਣਗਿਣਤ ਸਿੱਖ ਰਾਗੀ ਪੈਦਾ ਕੀਤੇ, ਜਿਨ੍ਹਾਂ ਵਿਚੋਂ ਬੀਬੀ ਜਸਵੰਤ ਕੌਰ ਅੰਮ੍ਰਿਤਸਰ, ਭਾਈ ਗਿਆਨ ਸਿੰਘ ਐਬਟਾਬਾਦੀ (ਕਰਤਾ ਗੁਰਬਾਣੀ ਸੰਗੀਤ), ਭਾਈ ਪ੍ਰਤਾਪ ਸਿੰਘ, ਅਰਜਣ ਸਿੰਘ ਤਰੰਗੜ ਅਤੇ ਪਿਆਰਾ ਸਿੰਘ ਦੇ ਨਾਂ ਖਾਸ ਤੌਰ ਤੇ ਲਏ ਜਾ ਸਕਦੇ ਹਨ।

ਕੋਈ ਸਮਾਂ ਸੀ ਜਦੋਂ ਅੰਮ੍ਰਿਤਸਰ ਦੇ ਰਬਾਬੀਆਂ ਵਿਚੋਂ ਇਨ੍ਹਾਂ ਦਾ ਜਥਾ ਸਰਵੋਤਮ ਮੁਕਾਮ ਰੱਖਦਾ ਸੀ। ਉਹ ਜਥਾ ਗੁਰੂ ਰਾਮਦਾਸ ਜੀ ਦਾ ਜਥਾ ਅਖਵਾਉਂਦਾ ਸੀ। ਉਸ ਜਥੇ ਵਿਚ ਇਹ ਰਬਾਬੀ ਸ਼ਾਮਲ ਹਨ—ਭਾਈ ਤਾਬਾ, ਭਾਈ ਦੇਸਾ, ਭਾਈ ਮੂਲੋ, ਭਾਈ ਗਾਮ, ਭਾਈ ਝੰਡੂ, ਭਾਈ ਫਕੀਰ ਅਤੇ ਭਾਈ ਨਸੀਰਾ ਰਬਾਬੀ। ਇਨ੍ਹਾਂ ਸਭਨਾਂ ਵਿਚੋਂ ਭਾਈ ਤਾਬਾ ਅਤੇ ਦੇਸਾ ਸ੍ਰੀ ਦਰਬਾਰ ਸਾਹਿਬ ਨਾਲ ਕੀਰਤਨ ਦੀ ਸੇਵਾ ਲਈ ਪੱਕੇ ਤੌਰ ਤੇ ਜੁੜੇ ਹੋਏ ਸਨ, ਜਦਕਿ ਇਨ੍ਹਾਂ ਦੇ ਦੂਜੇ ਸਾਥੀ ਵੀ ਏਥੇ ਗਾਹੇ-ਬਗਾਹੇ ਚੌਂਕੀ ਭਰਨ ਆ ਜਾਂਦੇ ਸਨ। ਸਰੂਪ ਸਿੰਘ ਅਲੱਗ ਜੀ ਦੇ ਕਥਨ ਅਨੁਸਾਰ, "ਜਦ ਭਾਈ ਤਾਬਾ ਜੀ ਉੱਚੀ ਸੁਰੀਲੀ ਆਵਾਜ਼ ਨਾਲ ਕੀਰਤਨ ਵਿਚ ਲੀਨ ਹੁੰਦੇ ਸਨ ਤਾਂ ਸਰੋਤਿਆਂ ਨੂੰ ਵੀ ਸੁਧ ਬੁਧ ਨਹੀਂ ਸੀ ਰਹਿੰਦੀ। ਇਵੇਂ ਲਗਦਾ ਸੀ ਜਿਵੇਂ ਉਹ ਸਰੋਤਿਆਂ ਨੂੰ ਗੁਰਬਾਣੀ ਦੁਆਰਾ ਅਕਾਲ ਪੁਰਖ ਨਾਲ ਜੋੜਨ ਦਾ ਤਰੀਕਾ ਜਾਣਦੇ ਸਨ। ਉਨ੍ਹਾਂ ਦੇ ਪ੍ਰੋਗਰਾਮ ਵਿਚ ਦੂਰ-ਦੂਰ ਤੋਂ ਲੋਕੀਂ ਬਿਖੜੇ ਪੈਂਡੇ ਮਾਰ ਕੇ ਵੀ ਪਹੁੰਚਦੇ ਅਤੇ ਗੁਰਬਾਣੀ ਦੇ ਮਨੋਹਰ ਕੀਰਤਨ ਦੁਆਰਾ ਮਨ ਤੇ ਆਤਮਾ ਨੂੰ ਤ੍ਰਿਪਤ ਕਰਦੇ। ਨਾ ਸੁਣਨ ਵਾਲੇ ਥੱਕਦੇ ਤੇ ਨਾ ਸੁਣਾਨ ਵਾਲੇ।"

ਹਿਜ਼ ਮਾਸਟਰਜ਼ ਵੌਇਸ ਕੰਪਨੀ ਵਾਲਿਆਂ ਨੇ ਪਹਿਲੀਆਂ 'ਚ ਸ਼ਬਦ ਕੀਰਤਨ ਦੇ ਜਿਹੜੇ ਦੋ ਤਵੇ (ਐਚ. ਐਮ. ਵੀ.) ੫੭੯੦ ਅਤੇ P ੫੭੦੭) ਭਰਵਾਏ ਸਨ। ਉਨ੍ਹਾਂ ਉੱਪਰ ਸਿਰਫ ਇਹ ਲਿਖਿਆ ਹੋਇਆ ਹੈ, 'ਅੰਮ੍ਰਿਤਸਰ ਰਬਾਬੀਜ਼।' ਖਿਆਲ ਕੀਤਾ ਜਾਂਦਾ ਹੈ ਕਿ ਇਹ ਦੋਵੇਂ ਤਵੇ ਇਸ ਜਥੇ ਦੇ ਹੀ ਹਨ। ਇਕ ਦੇ ਇਕ ਪਾਸੇ "ਕਲਗੀ ਵਾਲਿਆਂ ਦਰਸ ਦਿਖਾ ਦੇ" ਅਤੇ ਦੂਜੇ ਪਾਸੇ "ਤੇਰੇ ਦਰਸ਼ਨ ਨੂੰ ਦਸ਼ਮੇਸ਼ ਪਿਤਾ ਸਭ ਖਲਕਤ" ਜਦਕਿ ਦੂਜੇ ਤਵੇ ਤੇ "ਹਰਿ ਦਰਸ਼ਨ ਕੋ ਮੇਰਾ ਮਨ ਬਹੁਤ ਤੜਪਤ ਹੈ" ਅਤੇ "ਕਲਗੀ ਵਾਲੇ ਸੇ ਲਾਗੇ ਮੇਰੇ ਨੈਣ" ਗਾਇਆ ਗਿਆ ਹੈ। ਖੁਸ਼ੀ ਦੀ ਗੱਲ ਹੈ ਕਿ ਇਹ ਦੋਵੇਂ ਤਵੇ ਸਾਡੇ ਪਾਸ ਬੜੀ ਅੱਛੀ ਹਾਲਤ ਵਿਚ ਸੁਰੱਖਿਅਤ ਹਨ।

ਦੇਸ਼ ਦੀ ਵੰਡ ਤੋਂ ਥੋੜ੍ਹਾ ਜਿਹਾ ਸਮਾਂ ਪਹਿਲਾਂ ਆਪ ਲਾਹੌਰ ਜਾ ਵਸੇ ਅਤੇ ਉਥੇ ਚੂਨਾ ਮੰਡੀ ਬਸੇਰਾ ਬਣਾ ਲਿਆ। ੧੯੫੬ ਵਿਚ ਇਨ੍ਹਾਂ ਦੇ ਇਕ ਸ਼ਾਗਿਰਦ ਭਾਈ ਪ੍ਰਤਾਪ ਸਿੰਘ ਰਾਗੀ ਦਿੱਲੀ ਵਾਲਿਆਂ ਨੇ ਇਨ੍ਹਾਂ ਨੂੰ ਦਿੱਲੀ ਸੱਦਿਆ ਅਤੇ ਕੁਝ ਕੀਰਤਨ ਦਰਬਾਰ ਕਰਵਾਏ। ਇਸ ਤੋਂ ਅਗਲੇ ਸਾਲ ਵੀ ਉਨ੍ਹਾਂ ਨੂੰ ਭਾਰਤ ਸੱਦਿਆ ਗਿਆ ਅਤੇ ਦਿੱਲੀ ਦੇ ਰਾਗੀਆਂ ਨੇ ਪੈਸੇ ਇਕੱਠੇ ਕਰ ਕੇ ਆਪ ਨੂੰ ੭੦੦੦ ਰੁਪਏ ਦਾ ਸਿਰੋਪਾਓ ਦਿੱਤਾ। ਜਿਹੜਾ ਉਸ ਸਮੇਂ ਅਨੁਸਾਰ ਇਕ ਬੜੀ ਵੱਡੀ ਰਕਮ ਸੀ। ਏਸੇ ਦੌਰਾਨ, ਭਾਵ ਕਿ ੧੯੫੬ ਅਤੇ ਫਿਰ ਦੁਬਾਰਾ ੧੯੫੭ ਵਿਚ ਵੀ ਪੰਥ ਦੇ ਪ੍ਰਸਿੱਧ ਸੇਵਕ ਭਾਈ ਗਿਆਨ ਸਿੰਘ ਐਬਟਾਬਾਦੀ ਨੇ ਉਨ੍ਹਾਂ ਨੂੰ ਆਪਣੇ ਘਰ ਦਿੱਲੀ ਵਿਖੇ ਦੋ-ਦੋ ਮਹੀਨੇ ਮਹਿਮਾਨ ਰੱਖ ਕੇ, ਉਨ੍ਹਾਂ ਤੋਂ ਨਾਯਾਬ ਤੋਂ-ਨਾਯਾਬ ਸ਼ਬਦ ਰੀਤਾਂ, ਜਿਹੜੀਆਂ ਵੀ ਰਬਾਬੀਆਂ ਵਲੋਂ ਹਰਿਮੰਦਰ ਸਾਹਿਬ ਵਿਚ ਗਾਈਆਂ ਜਾਂਦੀਆਂ ਰਹੀਆਂ ਸਨ....। ਜੋ ਵੀ ਇਸ ਥਾਂ ਸਦੀਆਂ ਤੋਂ ਚਲਦੀਆਂ ਆ ਰਹੀਆਂ ਸਨ। ਉਹਨਾਂ ਤੋਂ ਲਿਖਵਾ ਕੇ ਆਪਣੀ ਅਦੁੱਤੀ ਕਿਤਾਬ, "ਗੁਰਬਾਣੀ ਸੰਗੀਤ" (੧੯੬੧) ਦੋ ਸੈਂਚੀਆਂ ਵਿਚ ਛਾਪ ਦਿੱਤੀ। ਸਰਦਾਰ ਜੀ ਵਲੋਂ ਸਿੱਖ ਪੰਥ ਲਈ ਇਹ ਇਕ ਇਤਿਹਾਸਕ ਦੇਣ ਸੀ ਕਿ ਸਾਡਾ ਇਹ ਐਨਾ ਅਮੀਰ ਅਤੇ ਪੁਰਾਤਨ ਵਿਰਸਾ ਉਨ੍ਹਾਂ ਦੀ ਦੂਰ ਅੰਦੇਸ਼ੀ ਸਦਕਾ ਸਾਂਭਿਆ ਗਿਆ। ਆਪਣੀਆਂ ਦੋਵਾਂ ਭਾਰਤ ਫੇਰੀਆਂ ਸਮੇਂ ਆਪ ਭੈਣੀ ਸਾਹਿਬ ਵੀ ਕੀਰਤਨ ਦਰਬਾਰਾਂ ਵਿਚ ਭਾਗ ਲੈਣ ਆਏ ਸਨ। ਆਖਰ ੧੩ ਅਕਤੂਬਰ ੧੯੬੩ ਨੂੰ ਲਾਹੌਰ ਵਿਖੇ ਆਪ ਦਾ ਦਿਹਾਂਤ ਹੋ ਗਿਆ।

ਭਾਈ ਸਾਹਿਬ ਦਾ ਇਕ ਬੜਾ ਲੜਕਾ ਉਸਤਾਦ ਕਾਲੇ ਖਾਂ ਰੇਡੀਓ ਪਾਕਿਸਤਾਨ ਲਾਹੌਰ ਵਿਖੇ ਬਤੌਰ ਮਿਊਜ਼ਿਕ ਡਾਇਰੈਕਟਰ ਕੰਮ ਕਰ ਰਿਹਾ ਹੈ, ਜਿਸ ਨੇ ਉਥੇ ਅੱਸੀ ਤੋਂ ਵੀ ਵੱਧ ਫਿਲਮਾਂ ਨੂੰ ਸੰਗੀਤ ਦਿੱਤਾ ਹੈ। ਪੰਜਾਬੀ ਦੇ ਪ੍ਰਸਿੱਧ ਸ਼ਾਇਰ ਡਾ. ਜਮਾਲ-ਉਦੀਨ ਦੀ ਸ਼ਾਇਰਾ ਬੀਵੀ ਬੇਗਮ ਸ਼ਕੀਲਾ ਨੇ ਕੀਰਤਨ ਦੀ ਜਿਹੜੀ ਇਕ ਟੇਪ ਤਿਆਰ ਕੀਤੀ ਹੈ, ਉਸ ਵਿਚ ਵੀ ਸੰਗੀਤ ਉਸਤਾਦ ਕਾਲੇ ਖਾਂ ਦਾ ਹੀ ਹੈ। ਭਾਈ ਤਾਬਾ ਦੇ ਪੋਤੇ ਵਰਿਆਮ ਨੂੰ ਕੀਰਤਨ ਨਾਲ ਕੋਈ ਸਰੋਕਾਰ ਨਹੀਂ।

* *ਵੇਖੋ : ਸੀਸ ਗੰਜ, ਦਿੱਲੀ-ਅਗਸਤ ੧੯੭੭ ਵਿਚ ਉਨ੍ਹਾਂ ਦਾ ਲੇਖ, "ਪਾਕਿਸਤਾਨ ਵਿਚ ਮੁਸਲਮਾਨ ਰਬਾਬੀ" ਸਫ਼ਾ ੩੯, ੪੦*



Sri Satguru Jagjit Singh Ji eLibrary NamdhariElibrary@gmail.com

## ਸੰਤ ਹਰਨਾਮ ਸਿੰਘ ਬਗਲੀ ਵਾਲੇ ਦਾ ਕਿੱਸਾ

# ਸੰਤ ਖਾਲਸਾ ਅਰਥਾਤ ਤਵਾਰੀਖ਼ ਨਾਮਧਾਰੀ

—ਸੁਵਰਨ ਸਿੰਘ ਵਿਰਕ

ਪੰਜਾਬ ਦੇ ਇਤਿਹਾਸ ਦਾ ਜੇ ਗਹੁ ਨਾਲ ਡੂੰਘਾ ਅਧਿਐਨ ਕੀਤਾ ਜਾਵੇ ਤਾਂ ਸਹਿਜੇ ਹੀ ਸਪਸ਼ਟ ਹੋ ਜਾਂਦਾ ਹੈ ਕਿ ਹਜ਼ਾਰਾਂ ਸਾਲ ਤਬਾਹੀ ਅਤੇ ਲਗਾਤਾਰ ਮੁੜ ਉਸਾਰੀ ਦਾ ਅਮਲ ਹੀ ਪੰਜਾਬ ਦੇ ਇਤਿਹਾਸ ਦਾ ਦੂਸਰਾ ਨਾਂ ਹੈ। ਅਜਿਹੀ ਇਤਿਹਾਸਕ ਸਥਿਤੀ ਵਿਚ ਪੱਲਰਦੀ ਮਾਨਸਿਕਤਾ ਦੀ ਹੋਂਦ, ਵਿਧੀ ਅਤੇ ਸੁਭਾਅ ਦੇ ਵਿਰੋਧੀ ਪਾਸਾਰਾਂ, ਗ਼ਲਬਾ, ਤਬਾਹੀ, ਨਾਬਰੀ ਅਤੇ ਪੁਨਰ-ਉਸਾਰੀ ਦੀ ਦੁਅੰਦਾਤਮਕ ਏਕਤਾ ਤੇ ਹੀ ਨਿਰਭਰ ਕਰ ਸਕਦੀ ਸੀ। ਨਿਰੰਤਰ ਦਬਾਉ ਥੱਲੇ ਪਲਣ ਵਾਲੀ ਮਾਨਸਿਕਤਾ ਜਾਂ ਤਾਂ ਬੀਮਾਰ, ਬੌਣੀ ਅਤੇ ਅਵਿਕਸਿਤ ਸ਼ਖ਼ਸੀਅਤ ਦੀ ਸਿਰਜਣਾ ਕਰਦੀ ਹੈ ਜਾਂ ਜੇ ਇਸ ਦਬਾਉ ਦੇ ਵਿਰੁੱਧ ਉਸ ਦਾ ਹੁੰਗਾਰਾ ਨਾਬਰੀ ਵਾਲਾ ਹੋਵੇ ਤਾਂ ਇਕ ਤੰਦਰੁਸਤ, ਸਿਰਜਣਾਤਮਕ ਸ਼ਕਤੀਸ਼ਾਲੀ ਅਤੇ ਇਨਕਲਾਬੀ ਸੁਭਾਅ ਦੀ ਸ਼ਖ਼ਸੀਅਤ ਦੀ ਉਸਾਰੀ ਦਾ ਆਧਾਰ ਬਣਦੀ ਹੈ। ਪੰਜਾਬੀ ਮਾਨਸਿਕਤਾ ਨੇ ਨਿਰੰਤਰ ਇਤਿਹਾਸਕ ਦਬਾਉ ਪ੍ਰਤੀ ਮੁੱਖ ਤੌਰ ਤੇ ਦੂਸਰੀ ਕਿਸਮ ਦਾ ਹੁੰਗਾਰਾ ਹੀ ਭਰਿਆ ਹੈ। ਭਾਵੇਂ ਵੱਖ-ਵੱਖ ਇਤਿਹਾਸਕ ਪੜਾਵਾਂ ਵਿਚ ਇਸ ਦਾ ਸੁਭਾਅ ਵੱਖਰਾ-ਵੱਖਰਾ ਅਤੇ ਬਦਲਦਾ ਰਿਹਾ ਹੈ। ਨਿਰੰਤਰ ਇਤਿਹਾਸਕ ਦਬਾਉ ਪ੍ਰਤੀ ਅਜਿਹੇ ਹੁੰਗਾਰੇ ਨੇ ਹੀ ਇਕ ਪਾਸੇ ਪੰਜਾਬੀ ਸੁਭਾਅ ਨੂੰ ਜ਼ਿਆਦਾ ਵਿਹਾਰਕ, ਵਰਤਮਾਨ-ਕੇਂਦ੍ਰਿਤ, ਪ੍ਰਗਤੀ ਮੁਖੀ, ਇਹ ਲੋਕਵਾਦੀ, ਖਾਉ-ਹੰਢਾਉ ਵਾਦੀ, ਜਲਦੀ ਭੜਕ ਪੈਣ ਵਾਲਾ ਬਣਾਇਆ ਅਤੇ ਦੂਜੇ ਪਾਸੇ ਤਬਾਹੀ ਪ੍ਰਤੀ ਪੁਨਰ ਉਸਾਰੀ ਦੇ ਹੁੰਗਾਰੇ ਨੇ ਇਸੇ ਸੁਭਾਅ ਨੂੰ, ਸੰਸਲੇਸ਼ਣਾਤਮਕ, ਨਵੇਂ ਹਾਲਾਤ ਤੋਂ ਭੱਜਣ ਦੀ ਥਾਂ ਜੂਝਣ ਵਾਲਾ, ਮੁਕਾਬਲਤਨ ਜਮਹੂਰੀ, ਨਾਬਰ, ਗੰਭੀਰ ਮਾਨਸਿਕ ਗ੍ਰੰਥੀਆਂ ਤੋਂ ਮੁਕਤ ਅਤੇ ਹਰ ਖੇਤਰ ਵਿਚ ਆਪਣੇ ਆਪ ਨੂੰ ਜਨੂੰਨ ਦੀ ਹੱਦ ਤਕ ਖ਼ਚਤ ਕਰਨ ਵਾਲਾ ਰੂਪ ਦਿੱਤਾ ਹੈ।



"ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਲੋਕ-ਚੇਤਨਾ ਦੇ ਇਸ ਗੁੰਝਲਦਾਰ ਸੁਭਾਅ ਵਿਚੋਂ ਨਾਬਰੀ ਦਾ ਪਹਿਲੂ ਪੰਜਾਬੀ ਕਿੱਸਾ-ਕਾਵਿ ਦੇ ਸਾਹਿਤਕ ਚਿਤਰਾਂ ਦਾ ਇਕ ਹੋਰ ਬੁਨਿਆਦੀ ਅੰਗ ਹੈ। ਸਰਲ ਅਰਥ ਦੀ ਪੱਧਰ ਤੇ ਭਾਵੇਂ ਇਹ ਨਾਬਰੀ ਸਾਧਾਰਣ ਹੋਵੇ, ਪਰ ਸਾਹਿਤਕ ਚਿਤਰਾਂ ਦੇ ਨਿਖੇੜੇ ਵਿਚ, ਇਹੋ ਨਾਬਰੀ ਸਮਕਾਲੀ ਯਥਾਰਥ ਵਿਚ ਉੱਭਰ ਰਹੀਆਂ ਇਤਿਹਾਸਕ ਸ਼ਕਤੀਆਂ, ਨਿਮਨ ਵਰਗ ਦੀ ਵਿਚਾਰਧਾਰਾ ਅਤੇ ਅਧਿਕ ਮਾਨਵੀ ਕੀਮਤਾਂ ਦੇ ਸੁਭਾਅ ਦੀ ਧਾਰਣੀ ਹੋ ਨਿਬੜਦੀ ਹੈ।" .............*(ਡਾ. ਰਵਿੰਦਰ ਸਿੰਘ ਰਵੀ, ਪੁਸਤਕ "ਰਵੀ-ਚੇਤਨਾ" ਸਫਾ ੮੯-੯੦)*

ਪੰਜਾਬੀ ਕਿੱਸਾਕਾਰੀ ਦਾ ਮੁੱਢ ਭਾਵੇਂ ਦਮੋਦਰ ਦੁਆਰਾ "ਹੀਰ ਰਾਂਝੇ" ਦੀ ਪ੍ਰੀਤ ਕਥਾ ਦੇ ਵਰਨਣ ਨਾਲ ਬੱਝਿਆ ਬਿਆਨਿਆ ਜਾਂਦਾ ਹੈ, ਭਾਵੇ ਇਹ ਪੀਲੂ ਸ਼ਾਇਰ ਦਾ ਕਿੱਸਾ "ਮਿਰਜ਼ਾ ਸਾਹਿਬਾਂ" ਹੈ ਜਾਂ ਮੁਕਬਲ, ਅਹਿਮਦ, ਵਾਰਿਸ, ਕਿਸ਼ਨ ਸਿੰਘ, ਭਗਵਾਨ ਸਿੰਘ ਆਦਿ ਤੋਂ ਲੈ ਕੇ ਸੂਬਾ ਸਿੰਘ 'ਸਾਹਿਬ' ਤੱਕ ਹੀਰ ਕਾਵਿ ਹੈ, ਜਾਂ ਹਾਸ਼ਮ ਦੀ ਸੱਸੀ, ਕਾਦਰ ਯਾਰ ਦਾ ਪੂਰਨ ਭਗਤ, ਫਜ਼ਲ ਸ਼ਾਹ ਦੀ ਸੋਹਣੀ ਹੈ—ਇਹਨਾਂ ਸਾਰੀਆਂ ਪ੍ਰੀਤ ਕਹਾਣੀਆਂ ਦੇ ਨਾਇਕ ਨਾਇਕਾਵਾਂ ਪੰਜਾਬੀ ਜੀਵਨ ਵਿਚ ਸੂਰਮਿਆਂ ਵਾਂਗ ਵਿਚਰਦੇ, ਸਥਾਪਿਤ ਸਮਾਜੀ, ਸਦਾਚਾਰਕ ਕਦਰਾਂ ਕੀਮਤਾਂ ਵਿਰੁੱਧ ਬਗ਼ਾਵਤ ਦੀ ਹੱਦ ਤਕ ਜਾਂਦੇ ਵਿਦਰੋਹੀ ਹਨ, ਇਉਂ ਉਹ ਪੰਜਾਬੀ ਸੁਭਾਅ ਦੇ ਅੰਗ ਬਣਕੇ ਕਬੂਲੇ ਗਏ ਹਨ। ਇਸਲਾਮੀ ਅਤੇ ਭਾਰਤੀ ਮਿਥਿਹਾਸ ਵੀ ਸਾਡੇ ਬਹੁਤ ਸਾਰੇ ਕਿੱਸਾਕਾਰਾਂ ਨੇ ਆਪਣੇ ਕਲੇਵਰ ਵਿਚ ਲਿਆ। ਜੰਗਨਾਮੇ ਅਤੇ ਵਾਰਾਂ ਵੀ ਪੰਜਾਬੀ ਵੀਰ ਪਰੰਪਰਾ ਦੇ ਅਨੁਰੂਪ ਹਨ। ਗਿਆਨੀ ਕਰਤਾਰ ਸਿੰਘ ਕਲਾਸਵਾਲੀਆ, ਵਿਧਾਤਾ ਸਿੰਘ ਤੀਰ ਆਦਿ ਨੇ ਸਿੱਖ ਗੁਰੂਆਂ, ਸਿੱਖ ਯੋਧਿਆਂ, ਸ਼ਹੀਦਾਂ, ਮਿਸਲਦਾਰਾਂ ਅਤੇ ਰਾਜਿਆਂ ਦੇ ਜੀਵਨ ਚਰਿੱਤਰਾਂ ਨੂੰ ਆਪਣੀ ਕਲਮ ਨਾਲ ਸ਼ਿੰਗਾਰ ਕੇ, ਪੰਜਾਬੀ ਕਿੱਸਾ ਕਾਵਿ ਦੇ ਖੇਤਰ ਨੂੰ ਹੋਰ ਵਿਸ਼ਾਲਤਾ ਪ੍ਰਦਾਨ



Sri Satguru Jagjit Singh Ji eLibrary NamdhariElibrary@gmail.com

ਕੀਤੀ। ਇਸੇ ਲੜੀ ਵਿਚ ਹੀ ਆਉਂਦਾ ਹੈ, ਸੰਤ ਹਰਨਾਮ ਸਿੰਘ ਬਗਲੀ ਦੁਆਰਾ ਰਚਿਤ ਕਿੱਸਾ "ਸੰਤ ਖਾਲਸਾ" ਅਰਥਾਤ "ਤਵਾਰੀਖ਼ ਨਾਮਧਾਰੀ"। ਜਦੋਂ ਅੰਗ੍ਰੇਜ਼ੀ ਰਾਜ ਸਮੇਂ ਪਹਿਲੀ ਵਾਰ ੧੯੩੪ ਈ. ਵਿਚ ਛਪੀ ਤਾਂ ਇਸਨੂੰ ਛਾਪਣ ਵਾਲੇ "ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ" ਸ੍ਰੀ ਭੈਣੀ ਸਾਹਿਬ, ਜਿੱਥੋਂ ਨਾਮਧਾਰੀ ਦਰਬਾਰ ਦਾ ਹਫ਼ਤਾਵਾਰੀ ਅਖ਼ਬਾਰ 'ਸਤਿਜੁਗ' ਛਪਦਾ ਸੀ, ਉਸਦੀ ਜ਼ਮਾਨਤ ਮੰਗ ਲਈ ਗਈ ਸੀ। ਅਜਿਹਾ ਇਸ ਕਵਿਤਾ ਦੀ ਸ਼ਕਤੀ ਕਾਰਨ ਸੀ ਜਿਸ ਤੋਂ ਬਰਤਾਨਵੀ ਸਰਕਾਰ ਲੋਕਾਂ ਦੇ ਉਤੇਜਿਤ ਹੋ ਉੱਠਣ ਦੇ ਡਰੋਂ ਭੈ-ਭੀਤ ਹੋ ਗਈ ਸੀ। ਇਸੇ ਲਈ ਇਸ ਪੁਸਤਕ ਨੂੰ ਅੰਗ੍ਰੇਜ਼ ਸਰਕਾਰ ਨੇ ਜ਼ਬਤ ਵੀ ਕਰ ਲਿਆ ਸੀ।

ਇਸ ਕਾਵਿ ਗ੍ਰੰਥ ਦਾ ਆਕਾਰ ਭਾਵੇਂ ਬਹੁਤ ਵੱਡਾ ਨਹੀਂ, ਪਰ ਇਸਦੀ ਮਹਿਮਾ ਬਹੁਤ ਵੱਡੀ ਹੈ। ਸਿੱਧੇ ਸਾਦੇ ਸ਼ਬਦਾਂ, ਠੇਠ ਪੰਜਾਬੀ ਬੈਂਤਾਂ ਵਿਚ ਰਚੀਆਂ ਇਸਦੀਆਂ ਤੁਕਾਂ ਸਰੋਤਿਆਂ/ਪਾਠਕਾਂ ਦੇ ਦਿਲਾਂ ਦੀਆਂ ਧੁਰ ਡੂੰਘਾਣਾਂ ਵਿਚ ਉਤਰ ਜਾਂਦੀਆਂ ਹਨ। ਤਕਰੀਬਨ ਪੌਣੀ ਸਦੀ ਤੋਂ ਇਹ ਕਵਿਤਾ ਨਾਮਧਾਰੀ ਦੀਵਾਨਾਂ ਵਿਚ ਗੂੰਜਦੀ ਰਹੀ ਹੈ। ਹਰਨਾਮ ਸਿੰਘ ਬਗਲੀ ਨੇ ਭਾਵੇਂ ਹੋਰ ਵੀ ਕਾਵਿ ਪੁਸਤਕ ਲਿਖੇ—ਜਿਹਾ ਕਿ "ਮਹੀਂਵਾਲ ਸੋਹਣੀ", "ਹੁਸਨ ਕਟਾਰ", ਅਕਾਲੀ ਲਹਿਰ ਬਾਰੇ "ਖ਼ੂਨ ਖਾਲਸਾ" ਅਤੇ "ਤਾਜ ਦਿੱਲੀ" ਆਦਿ—ਪ੍ਰੰਤੂ ਉਸਨੂੰ ਨਾਮਧਾਰੀ ਪੰਥ ਅਤੇ ਪੰਜਾਬੀ ਸਾਹਿਤ ਵਿਚ ਚਿਰਜੀਵੀ ਸਥਾਨ ਦੁਆਉਣ ਦਾ ਸੱਬਬ ਬਣਨ ਵਾਲੀ ਉਸ ਦੀ ਰਚਨਾ "ਸੰਤ ਖਾਲਸਾ" ਹੀ ਸਿੱਧ ਹੋਈ ਹੈ। ਇਸ ਪੁਸਤਕ ਦੀ ਉਸਾਰੀ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਚਰਿੱਤਰ ਅਤੇ ਉਹਨਾਂ ਦੁਆਰਾ ਸਾਜੇ ਸੰਤ ਖਾਲਸੇ ਦੀਆਂ ਸ਼ਹੀਦੀਆਂ ਅਤੇ ਮਹਾਨ ਕੁਰਬਾਨੀਆਂ ਉਤੇ ਕੀਤੀ ਗਈ ਹੈ। ਹਰਨਾਮ ਸਿੰਘ ਦਾ ਪਿੰਡ ਬਗਲੀ ਜ਼ਿਲ੍ਹਾ ਲੁਧਿਆਣਾ ਦੇ ਰੇਲਵੇ ਸਟੇਸ਼ਨ ਚਾਵਾ ਪਾਇਲ ਦੇ ਲਾਗੇ ਹੀ ਲੱਗਦਾ ਹੈ। ਕਵੀ ਟਕਸਾਲੀ ਨਾਮਧਾਰੀ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਇਸ ਲਈ ਇਹਨਾਂ ਇਤਿਹਾਸਕ ਘਟਨਾਵਾਂ ਸੰਬੰਧੀ ਉਸਦੀ ਜਾਣਕਾਰੀ ਹੋਰ ਇਤਿਹਾਸਕ ਸੋਮਿਆਂ ਤੋਂ ਇਲਾਵਾ ਬਜ਼ੁਰਗਾਂ ਤੋਂ ਸੁਣੀਆਂ ਸੀਨਾ-ਬਸੀਨਾ ਤੁਰੀਆਂ ਆਉਂਦੀਆਂ ਸਾਖੀਆਂ ਵੀ ਹਨ। ਉਸਦੇ ਪਿਤਾ ਸੁੱਧ ਸਿੰਘ ਦਾ ਜ਼ਿਕਰ ਸਰਕਾਰ ਦੁਆਰਾ ਜਾਰੀ ੧੮੮੧ ਈ. ਦੀ ਮਹੱਤਵਪੂਰਨ ਕੂਕਿਆਂ ਦੀ ਲਿਸਟ ਵਿਚ ਲੁਧਿਆਣਾ ਜ਼ਿਲ੍ਹੇ ਦੇ ੧੦੬ ਨੰਬਰ ਤੇ ਆਉਂਦਾ ਹੈ। ਉਸਦੇ ਤਾਇਆ ਬੁੱਧ ਸਿੰਘ ਨੇ ਵੀ ਸਰਕਾਰੀ ਰੀਕਾਰਡ ਮੁਤਾਬਿਕ ਆਪਣੀ ਸਾਰੀ ਜ਼ਮੀਨ ਜਾਇਦਾਦ ਵੇਚ ਕੇ ਡੇਰਾ ਭੈਣੀ ਸਾਹਿਬ ਦੇ ਲੰਗਰ ਵਿਚ ਪਾ ਦਿੱਤੀ ਅਤੇ ਆਪਣੇ ਪੰਥ ਦੇ ਵਿਰੋਧੀਆਂ ਨਾਲ ਮਰਨ ਮਾਰਨ ਵਾਸਤੇ ਸਦਾ ਤਿਆਰ ਰਹਿੰਦਾ ਸੀ। ਇਸ ਲਿਸਟ ਵਿਚ ਬਗਲੀ ਕਲਾਂ ਪਿੰਡ ਦੇ ਛੇ ਕੂਕਿਆਂ ਦੇ ਨਾਮ ਦਰਜ ਹੋਣੇ, ਨਾਮਧਾਰੀ ਇਤਿਹਾਸ ਵਿਚ ਬਗਲੀ ਕਲਾਂ ਦੇ ਸਥਾਨ ਦੀ ਨਿਸ਼ਾਨ ਦੇਹੀ ਕਰਦੇ ਹਨ। ਕਵੀ ਜੀ ਦੇ ਦਾਦੇ ਦਾ ਨਾਂ ਸੁੱਖਾ ਸਿੰਘ ਸੀ ਅਤੇ ਉਪਰੋਕਤ ਰੀਕਾਰਡ ਮੁਤਾਬਿਕ ਸੁੱਖਾ ਸਿੰਘ ਦਾ ਵੱਡਾ ਪੁੱਤਰ ਵਜੀਰ ਸਿੰਘ ਸੀ, ਜੋ ਰਿਆਸਤ ਪਟਿਆਲਾ ਵਿਚ ਦੋਰਾਹਾ ਦੇ ਨੇੜੇ ਗੜ੍ਹ ਥਾਣਾ ਪਿੰਡ ਵਿਚ ਜਾ ਵੱਸਿਆ ਸੀ। ਕਵੀਸ਼ਰ ਜੀ ਆਪਣੀ ਜ਼ੁਬਾਨੀ ਆਪਣੇ ਪਰਿਵਾਰਿਕ ਪਿਛੋਕੜ ਦਾ ਵੇਰਵਾ ਗ੍ਰੰਥ ਸਮਾਪਤੀ ਸਮੇਂ ਇਉਂ ਦਿੰਦੇ ਹਨ—

"ਸਾਡੇ ਪਿਤਾ ਜੀ ਤੇ ਦੋਨੋਂ ਤਾਏ ਚਾਚੇ,
ਸਤਿਗੁਰ ਹਰੀ ਸਿੰਘ ਦੇ ਤਾਬਿਆਦਾਰ ਹੋਏ।
ਮਨੋ ਤਨੋ ਤੇ ਧਨੋ ਕੁਰਬਾਨ ਹੋ ਕੇ,
ਭੈਣੀ ਸਾਹਿਬ ਜਾ ਕੇ ਸੇਵਾਦਾਰ ਹੋਏ।
ਕੜੀਆਂ ਕੋਠੇ ਦੀਆਂ ਘਰ ਜ਼ਮੀਨ ਸਾਰੀ,
ਲੰਗਰ ਪਾਇਕੇ ਸ਼ੁਕਰ ਗੁਜ਼ਾਰ ਹੋਏ।
ਚਰਨਾਂ ਸਤਿਗੁਰਾਂ ਵਿਚ ਹੀ ਉਮਰ ਕੱਟੀ,
ਓਹਨਾਂ ਨਾਲ ਸਤਿਗੁਰਾਂ ਦੇ ਪਿਆਰ ਹੋਏ।
ਸੁੱਧ ਸਿੰਘ ਦੀ ਅਸੀਂ ਉਲਾਦ ਸਮਝੋ,
ਭੈਣਾਂ ਦੋ ਭਾਈ ਅਸੀਂ ਚਾਰ ਹੋਏ।
ਵੱਡੇ ਭਾਈ ਗੁਰਮੁਖ ਸਿੰਘ ਬਿਸ਼ਨ ਸਿੰਘ ਥੇ,
ਕਰਮ ਸਿੰਘ ਜੀ ਸਵਰਗ ਸਿਧਾਰ ਹੋਏ।
ਇਕ ਭੈਣ ਸਾਡੀ ਕੋਟ ਗੰਗੂ ਰਾਇ ਦੇ,
ਚੰਗੇ ਭੈਣ ਦੇ ਅੱਗੋਂ ਪਰਵਾਰ ਹੋਏ।
ਦੂਜੀ ਭੈਣ ਦੁਆਬੇ ਗੜ੍ਹੀ ਪਿੰਡ ਸਾਡੀ,
ਹਰ ਕੁਰ ਨਾਮ ਦੇ ਨਾਲ ਉਚਾਰ ਹੋਏ।
ਰਿਆਸਤ ਨਾਹਣ ਬਰਾਲ ਹੈ ਪਿੰਡ ਬੱਸਦਾ,
ਦੇਵਾ ਸਿੰਘ ਓਥੇ ਨੰਬਰਦਾਰ ਹੋਏ।
ਲੜਕੀ ਓਸ ਦੀ ਅਸਾਂ ਦੀ ਧਰਮ ਪਤਨੀ,
ਸੰਤ ਕੌਰ ਜੀ ਨਾਮ ਬਿਚਾਰ ਹੋਏ।
ਅੱਗੇ ਦਾਸ ਦੇ ਭੀ ਪੁੱਤਰ ਚਾਰ ਹੈਣ ਜੇ,
ਸਾਰੇ ਨਹੀਂ ਮੇਰੇ ਆਗਿਆਕਾਰ ਹੋਏ।
ਮਹਿੰਦਰ ਸਿੰਘ ਰਘਬੀਰ ਸਿੰਘ ਨਾਲ ਸਾਡੇ,
ਬੇਟੇ ਬੜੇ ਦੋ ਖੁਦ ਮੁਖਤਿਆਰ ਹੋਏ।



Sri Satguru Jagjit Singh Ji eLibrary NamdhariElibrary@gmail.com

ਭਰਥ ਸਿੰਘ ਗੁਰਦਿਆਲ ਸਿੰਘ ਨਾਮ ਉਨੇ,
ਜੰਗੀ ਖਾਲਸੇ ਤਿਆਰ ਬਰ ਤਿਆਰ ਹੋਏ।
ਛੋਟੀ ਨੂੰਹ ਪ੍ਰਕਾਸ਼ ਕੌਰ ਨਾਮ ਜਿਸਕਾ,
ਸੂੰਡ ਪਿੰਡ ਵਿਚੋਂ ਰਿਸ਼ਤੇਦਾਰ ਹੋਏ।
ਜਸਵੰਤ ਕੌਰ ਵੱਡੀ ਲੜਕੀ ਅਸਾਂ ਦੀ ਹੈ,
ਪਤੀ ਜਿਹਨਾਂ ਦੇ ਨੇ ਸੂਬੇਦਾਰ ਹੋਏ।
ਛੋਟੀ ਬੀਬੀ ਗੁਰਦਿਆਲ ਕੌਰ ਨਾਮ ਜਿਸਦਾ,
ਪਤੀ ਇਹਨਾਂ ਦੇ ਭੀ ਅਹੁਦੇਦਾਰ ਹੋਏ।''

ਸੰਖੇਪ ਵਿਚ ਪਰਿਵਾਰ ਦੀ ਸਾਰੀ ਅਗੇਤਰ ਪਛੇਤਰ ਦੀ ਜਾਣਕਾਰੀ ਨੂੰ, ਕਵੀ ਵਿਰਕਤਤਾ ਦੇ ਭਾਵ ਨਾਲ ਇੰਜ ਸਮੇਟਦਾ ਹੈ—

''ਨਾ ਕੋਈ ਧੀ ਨਾ ਪੁੱਤ ਨਾ ਭੈਣ ਭਾਈ,
'ਕੱਠੇ ਬ੍ਰਹਮ ਦੀ ਮਾਇਆ ਅਨੁਸਾਰ ਹੋਏ।
ਟੱਬਰ ਟੀਹਰ ਘਰ ਬਾਰ ਹਰਨਾਮ ਸਿੰਘਾ!
ਸਾਰੇ ਮਿੱਥਿਆ ਵਿਚ ਸੰਸਾਰ ਹੋਏ।

ਕਵੀ ਜੀ ਦਾ ਪਰਿਵਾਰ ਬਗਲੀ ਕਲਾਂ ਅਤੇ ਰਿਆਸਤ ਨਾਹਣ ਦੇ ਪਿੰਡ ਬਰਾਲ, ਨੇੜੇ ਪਾਉਂਟਾ ਸਾਹਿਬ, ਦੋਹਾਂ ਥਾਈਂ ਰਹਿੰਦਾ ਰਿਹਾ ਹੈ। ਉਹ ਸਵੈਚ ਗੋਤ ਦੇ ਕਿਸਾਨ ਪਰਿਵਾਰ ਨਾਲ ਸੰਬੰਧਿਤ ਸਨ। ਪਹਿਲੀ ਉਮਰ ਵਿਚ ਰਾਜਾ ਨਾਹਣ (ਸਿਰਮੌਰ) ਦੇ ਡਰਾਇਵਰ ਵੀ ਰਹੇ। ਆਪ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵੱਡੇ ਸ਼ਰਧਾਵਾਨ ਸਿੱਖ ਸਨ। ਇਹਨਾ ਦੇ ਪੁੱਤਰ ਅਤੇ ਪੋਤਰੇ ਅਮਰਜੀਤ ਸਿੰਘ ਹੁਣ ਇਸੇ ਪਿੰਡ ਬਰਾਲ ਜਾਂ ਬਹਿਰਾਲ (ਹਿਮਾਚਲ ਪ੍ਰਦੇਸ਼) ਵਿਚ ਵੱਸਦੇ ਹਨ। ਸੰਤ ਖਾਲਸੇ ਦੀ ਤੀਜੀ ਛਾਪ, ਜੋ ਕੱਤਕ ੨੦੫੩ ਬਿਕ੍ਰਮੀ ਵਿਚ ਛਪੀ ਹੈ, ਵਿਚ ਉਪਲਬਧ ਫੋਟੋ ਮੁਤਾਬਿਕ ਹਰਨਾਮ ਸਿੰਘ ਦਾ ਦਾਹੜਾ ਤੇ ਮੁਛਿਹਰੇ ਸਿੱਧੇ ਸੰਘਣੇ ਦਰਮਿਆਨੇ, ਰੰਗ ਸਾਫ਼, ਮਸਤਕ ਵਿਸ਼ਾਲ, ਨੇਤਰ ਚੌੜੇ, ਨੱਕ ਉੱਚਾ ਤੇ ਤਿੱਖਾ, ਸਰੀਰ ਗਠਿਆ ਹੋਇਆ ਫੁਰਤੀਲਾ, ਉੱਜਲ ਗੁਰਮੁਖੀ ਬਾਣਾ ਅਤੇ ਸਫੈਦ ਜਟਕਾ ਦਸਤਾਰਾ, ਸਮੁੱਚੀ ਦਿੱਖ ਨੂੰ ਮਨਮੋਹਣਾ ਅਤੇ ਪ੍ਰਭਾਵਸ਼ਾਲੀ ਬਣਾਉਣ ਵਾਲਾ ਹੈ।

ਮੱਧਕਾਲੀ ਕਿੱਸਾ ਸਾਹਿਤ ਦੇ ਅਰੰਭ ਵਿਚ ਕਵੀ ਪ੍ਰਮਾਤਮਾ ਦੀ ਸਿਫ਼ਤ ਸਲਾਹ ਨਾਲ ਆਪਣੀ ਗੱਲ ਕਰਦਾ ਹੈ। ਸਾਡਾ ਚੋਟੀ ਦਾ ਕਿੱਸਾਕਾਰ ਵਾਰਿਸਸ਼ਾਹ ਆਪਣੀ ਹੀਰ ਨੂੰ ਇਉਂ ਅਰੰਭ ਕਰਦਾ ਹੈ—

''ਅਵੱਲ ਹਮਦ ਖੁਦਾਇ ਦਾ ਵਿਰਦ ਕੀਜੈ,
ਇਸ਼ਕ ਕੀਤਾ ਸੂ ਜੱਗ ਦਾ ਮੂਲ ਮੀਆਂ।
ਪਹਿਲੋਂ ਆਪ ਹੈ ਰੱਬ ਨੇ ਇਸ਼ਕ ਕੀਤਾ,
ਮਾਸ਼ੂਕ ਨੇ ਨਬੀ ਰਸੂਲ ਮੀਆਂ।''

ਭਾਵੇਂ ਅਜੋਕੇ ਵਿਗਿਆਨਿਕ ਸੋਚ ਨੂੰ ਪ੍ਰਣਾਏ ਸ਼ਾਇਰ ਨੇ ਇਉਂ ਵੀ ਲਿਖਿਆ ਹੈ—

''ਜਿੱਥੇ ਜਾ ਕੇ ਮਰ ਗਿਆ ਹੈ ਹੌਸਲਾ ਇਨਸਾਨ ਦਾ,
ਰੱਬ ਪੈਦਾ ਹੋ ਗਿਆ ਏ ਬੰਦਗੀ ਦੇ ਵਾਸਤੇ।''

*—ਹਰਿਭਜਨ ਸਿੰਘ ਰੈਣੂੰ*

ਪ੍ਰਸਿੱਧ ਰੂਸੀ ਲੇਖਕ ਗੋਰਕੀ ਕਹਿੰਦਾ ਹੈ ਕਿ ਗ਼ਰੀਬ ਰੱਬ ਨੂੰ ਇਸ ਲਈ ਮੰਨਦਾ ਹੈ ਕਿ ਉਸਦੇ ਪਾਸ ਰੱਬ ਤੋਂ ਬਿਨਾਂ ਕੁਝ ਵੀ ਤੇ ਹੁੰਦਾ ਨਹੀਂ ਤੇ ਅਮੀਰ ਇਸ ਲਈ ਮੰਨਦਾ ਹੈ ਕਿ ਹੋਰ ਸਭ ਕੁਝ ਉਹਦੇ ਪਾਸ ਹੈ, ਇਸ ਰੱਬ ਤੇ ਵੀ ਕਿਤੇ ਗ਼ਰੀਬਾਂ ਦਾ ਹੀ ਕਬਜ਼ਾ ਨਾ ਹੋਵੇ। ਇਸ ਵਰਗ-ਵੰਡ ਤੋਂ ਕਬੀਰ ਜੀ ਵੀ ਜਾਣੂੰ ਸਨ—

''ਉਨ ਘਰ ਲਾਖ ਕਰੋੜੋਂ ਹਸਤੀ
ਹਮ ਘਰ ਏਕ ਮੁਰਾਰੀ।''

ਰੱਬ ਦਾ ਤਸੱਵਰ, ਵਰਗ-ਵੰਡ ਵਾਲੇ ਸਮਾਜ ਦਾ ਮੁੱਢ ਬੱਝਣ ਤੋਂ ਲੈ ਕੇ ਤੁਰਿਆ ਆਉਂਦਾ ਹੈ। ਇਹ ਵਿਚਾਰ ਬੰਦਾ ਮਾਂ ਦੇ ਦੁੱਧ ਨਾਲ ਹੀ ਗ੍ਰਹਿਣ ਕਰ ਲੈਂਦਾ ਹੈ। ਇਸ ਲਈ ਉਹਨਾਂ ਤੋਂ ਮੁਕੰਮਲ ਤੌਰ ਤੇ ਮੁਕਤ ਹੋਣ ਲਈ ਉਚੇਰੀਆਂ ਸਮਾਜਿਕ ਆਰਥਿਕ ਹਾਲਤਾਂ ਵਾਲੇ ਸਮਾਜ ਦੀ ਸਿਰਜਣਾ ਦੀ ਲੋੜ ਹੈ। ਸਾਡਾ ਕਿੱਸਾਕਾਰ ਭਾਈ ਹਰਨਾਮ ਸਿੰਘ ਵੀ ਆਪਣੀ ਇਸ ਇਤਿਹਾਸਕ ਰਚਨਾ ਦਾ ਅਰੰਭ ਪ੍ਰਚਲਿਤ ਢੰਗ ਨਾਲ ਇਉਂ ਕਰਦਾ ਹੈ—

''ਸਕਲ ਸ੍ਰਿਸ਼ਟ ਕੇ ਸਾਜਨੇਹਾਰ ਜਿਹੜਾ,
ਨਿਰਾਕਾਰ ਹੈ ਪੁਰਖ ਅਕਾਲ ਓਹੀ।
ਜਲਾਂ ਥਲਾਂ ਬ੍ਰਹਿਮੰਡਾਂ ਦੇ ਰਚਣ ਵਾਲਾ,
ਜੀਵ ਜੀਵ ਸੰਦਾ ਪ੍ਰਤਿਪਾਲ ਓਹੀ।
ਪੂਰਣ ਪੁਰਖ ਪ੍ਰਮਾਤਮਾ ਰੱਬ ਸੱਚਾ,
ਦੀਨਾ ਨਾਥ ਅਕਾਲ ਦਿਆਲ ਓਹੀ।
ਜ਼ਰਰੇ ਜ਼ਰਰੇ ਦੇ ਵਿਚ ਹਰਨਾਮ ਸਿੰਘਾ,
ਬਿਆਪ ਰਿਹੈ ਕ੍ਰਿਪਾਲ ਗੋਪਾਲ ਓਹੀ।

(ਸੰਤ ਖਾਲਸਾ, ਸਫਾ ੧)

ਰੱਬ ਤੋਂ ਬਾਦ ਸਾਡੇ ਕਿੱਸਾਕਾਰ ਆਪਣੇ ਇਸ਼ਟ ਦੇਵ ਦੀ ਅਰਾਧਨਾ ਕਰਿਆ ਕਰਦੇ ਸਨ। ਇੱਥੇ ਇਸ਼ਟ ਦੇਵ ਵੀ ਓਹੀ ਹੈ ਤੇ ਰਚਨਾ ਦਾ ਕੇਂਦਰੀ ਪਾਤਰ ਵੀ—ਸਤਿਗੁਰੂ ਰਾਮ ਸਿੰਘ। ਨਾਮਧਾਰੀ ਸਿੰਘਾਂ ਦੇ ਅਕੀਦੇ ਮੁਤਾਬਿਕ ਉਹਨਾਂ ਦਾ, ਗੁਰੂ ਨਾਨਕ ਦੀ, ਗੁਰੂ ਬੰਸਾਵਲੀ ਮੁਤਾਬਿਕ ਬਾਰਵਾਂ ਗੁਰੂ। ਕਵੀ



Sri Satguru Jagjit Singh Ji eLibrary NamdhariElibrary@gmail.com

ਜੀ ਮੰਗਲਾਚਾਰ ਵਜੋਂ ਲਿਖਦੇ ਹਨ—

"ਸੱਚੇ ਪਾਤਸ਼ਾਹ ਸਤਿਗੁਰੂ ਰਾਮ ਸਿੰਘ ਜੀ,
ਤੇਰਾ ਨਾਮ ਲੈ ਕਲਮ ਉਠਾਂਵਦਾ ਹਾਂ।
ਤੇਰੇ ਪੰਥ ਪਿਆਰੇ ਦਾ ਹਾਲ ਦੂਲੋ,
ਛੰਦਾ ਬੰਦੀ ਦੇ ਵਿਚ ਬਣਾਂਵਦਾ ਹਾਂ।
ਆਪਣੇ ਕਾਜ ਤੂੰ ਆਪ ਹੀ ਸਿਰੇ ਚਾਹੜੀਂ,
ਜੱਸ ਆਪਦਾ ਹੀ ਦੂਲੋ ਗਾਂਵਦਾ ਹਾਂ।
ਤਾਕਤ ਲਿਖਣ ਦੀ ਬਖਸ਼ ਹਰਨਾਮ ਸਿੰਘ ਨੂੰ,
ਤੇਰੇ ਚਰਨਾਂ ਤੇ ਸੀਸ ਝੁਕਾਂਵਦਾ ਹਾਂ।"

(.....ਉਹੀ ਸਫਾ ੧)

ਸਤਿਗੁਰੂ ਜੀ ਦੇ ਪ੍ਰਗਟ ਹੋਣ ਦਾ ਹਾਲ, ਸਮਾਂ ਸਥਾਨ ਅਤੇ ਖ਼ਾਨਦਾਨ ਦਾ ਵੇਰਵਾ ਸੰਖੇਪ ਵਿਚ ਹੀ ਕਵੀ ਜੀ ਦੇ ਰਹੇ ਹਨ—

"ਸੰਮਤ ਬਾਰਾਂ ਸੌ ਸਾਲ ਬਹੱਤਰੇ ਦੀ,
ਮਾਘ ਪੰਚਮੀ ਸੁਦੀ ਪ੍ਰਧਾਨ ਸਮਝੋ।
ਭੈਣੀ ਸਾਹਿਬ ਨਗਰ ਜ਼ਿਲ੍ਹਾ ਲੁਦੇਹਾਣਾ,
ਰਾਮਗੜੀਆਂ ਦਾ ਖਾਨਦਾਨ ਸਮਝੋ।
ਜੱਸਾ ਸਿੰਘ ਪਿਤਾ ਸਦਾ ਕੌਰ ਮਾਤਾ,
ਪ੍ਰਗਟ ਹੋਈ ਏ ਜੋਤ ਭਗਵਾਨ ਸਮਝੋ।
ਜਾਮਾਂ ਬਾਰ੍ਹਵਾਂ ਧਾਰਿਆ ਸਤਿਗੁਰਾਂ ਨੇ,
ਹੋਈ ਰੋਸ਼ਨੀ ਚਮਕ ਜਹਾਨ ਸਮਝੋ।
ਬਾਲ ਲੀਲ੍ਹਾ ਸਤਿਗੁਰਾਂ ਦੀ ਬਹੁਤ ਭਾਰੀ,
ਕਿਵੇਂ ਲਿਖਾਂ ਸਾਰਾ ਦਾਸਤਾਨ ਸਮਝੋ।
ਬੀਸ ਬਰਸ ਦੇ ਹੋਏ ਹਰਨਾਮ ਸਿੰਘਾ,
ਪੂਰੇ ਜੁਆਨ ਭਾਰੇ ਬਲੀਵਾਨ ਸਮਝੋ।

(......ਉਹੀ ਸਫਾ ੧-੨)

ਸਤਿਗੁਰੂ ਜੀ ਦਾ ਬਹਿਨੋਈ ਕਾਬਲ ਸਿੰਘ ਲਾਹੌਰ ਦਰਬਾਰ ਦੇ ਤੋਪਖਾਨੇ ਵਿਚ ਨੌਕਰੀ ਕਰਦਾ ਸੀ। ੧੮੯੨ ਬਿਕ੍ਰਮੀ ਵਿਚ ਉਹ ਸਤਿਗੁਰੂ ਜੀ ਨੂੰ ਵੀ ਆਪਣੇ ਨਾਲ ਲਾਹੌਰ ਲੈ ਗਿਆ। ਤਕਰੀਬਨ ੯ ਸਾਲ ਆਪ ਨੇ ਲਾਹੌਰ ਦਰਬਾਰ ਦੀ ਸੈਨਾ ਵਿਚ ਨੌਕਰੀ ਕੀਤੀ। ਆਪ ਦੇ ਅਸਰ ਨਾਲ ਉਸ ਪਲਟਨ ਦਾ ਨਾਮ ਹੀ "ਭਗਤਾਂ ਵਾਲੀ ਪਲਟਨ" ਪੈ ਗਿਆ। ਸਾਡਾ ਕਿੱਸਾਕਾਰ ਇਸ ਸਾਰੀ ਕਿਰਿਆ ਨੂੰ ਥੋਹੜੇ ਸ਼ਬਦਾਂ ਵਿਚ ਹੀ ਬਿਆਨਦਾ ਹੈ—

"ਸੰਮਤ ਠਾਰਾਂ ਸੌ ਬਾਨਵੇਂ ਸਾਲ ਅੰਦਰ,
ਪਹੁੰਚੇ ਗੁਰੂ ਲਹੌਰ ਮੇਂ ਜਾਇ ਬੇਲੀ।
ਕਾਬਲ ਸਿੰਘ ਨੇ ਸਤਿਗੁਰੂ ਰਾਮ ਸਿੰਘ ਦਾ,
ਦਿਤਾ ਫੌਜ ਮੈ ਨਾਮ ਲਿਖਾਇ ਬੇਲੀ।
ਭਜਨ ਬੰਦਗੀ ਰਾਤ ਦਿਨ ਗੁਰੂ ਕਰਦੇ,
ਬਿਰਤੀ ਫ਼ੱਕਰਾਂ ਵਾਂਗ ਬਣਾਇ ਬੇਲੀ।

. . . . . . . . . . . . . . . . . . . . . . .

ਸਾਰੇ ਕਾਰਨਾਮੇ ਜੇਕਰ ਯਹਾਂ ਦੱਸਾਂ,
ਬਹੁਤ ਗ੍ਰੰਥ ਦਾ ਹੋਊ ਵਧਾਇ ਬੇਲੀ।
ਮਸਤ ਸਤਿਗੁਰੂ ਰਹਿਣ ਹਰਨਾਮ ਸਿੰਘਾ!
ਚੋਜ ਲੋਕਾਂ ਨੂੰ ਰਹੇ ਦਿਖਾਇ ਬੇਲੀ।

(.....ਉਹੀ ਸਫ਼ਾ ੩)

ਨਾਮਧਾਰੀ ਸਿੰਘਾਂ ਦੀ ਰਵਾਇਤ ਮੁਤਾਬਿਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਬਾਲਕ ਸਿੰਘ, ਹਜਰੋਂ ਜ਼ਿਲ੍ਹਾ ਅਟਕ (ਪੱਛਮੀ ਪੰਜਾਬ) ਵਾਸੀ ਨੂੰ ਦਰਸ਼ਨ ਦੇ ਕੇ ਗੁਰਤਾ ਅਰਪਨ ਕੀਤੀ ਸੀ ਅਤੇ ਇਹ ਕਿਹਾ ਸੀ ਕਿ ਮੈਂ ਰਾਮ ਸਿੰਘ ਦੇ ਰੂਪ ਵਿਚ ਆ ਕੇ ਆਪਣੀ ਵਸਤ ਤੁਹਾਥੋਂ ਪ੍ਰਾਪਤ ਕਰ ਲਵਾਂਗਾ। ਫੌਜੀ ਸੇਵਾ ਸਮੇਂ ਗੁਰੂ ਰਾਮ ਸਿੰਘ ਜੀ ਨੂੰ ੧੮੪੧ ਈਸਵੀ ਵਿਚ ਹਜਰੋਂ ਜਾਣ ਦਾ ਸਬੱਬ ਬਣਿਆ ਤਾਂ ਉਸ ਇਤਿਹਾਸਕ ਘਟਨਾ ਨੂੰ ਇਉਂ ਕਾਨੀਬੰਦ ਕੀਤਾ ਗਿਆ ਹੈ—

"ਬਾਲਕ ਸਿੰਘ ਬਾਬਾ ਗੁਰੂ ਗਿਆਰ੍ਹਵਾਂ ਜੋ,
ਕਰਦਾ ਸਤਿਗੁਰਾਂ ਦੀ ਇੰਤਜਾਰ ਹਜਰੋਂ।
ਏਧਰ ਗੁਰੂ ਲਾਹੌਰ ਦੀਆਂ ਛੌਣੀਆਂ ਤੋਂ
ਜਾਣ ਲਈ ਹੋ ਗਏ ਤਿਆਰ ਹਜਰੋਂ।

. . . . . . . . . . . . . . . . . . . . . . .

ਮਿਲੇ ਦੂਰ ਆ ਕੇ ਰਾਮ ਸਿੰਘ ਜੀ ਨੂੰ,
ਬਾਲਕ ਸਿੰਘ ਜੀ ਰੂਪ ਕਰਤਾਰ ਹਜਰੋਂ।
ਦਸਮ ਪਾਤਸ਼ਾਹ ਦੀ ਚੀਜ਼ ਸੌਂਪ ਦਿੱਤੀ,
ਭਾਰੀ ਲਾਇਕੇ ਇਕ ਦਰਬਾਰ ਹਜਰੋਂ।

. . . . . . . . . . . . . . . . . . . . . . .

ਸਤਿਗੁਰੂ ਰਾਮ ਸਿੰਘ ਦੇ ਉਥੇ ਜਾਣ ਕਰਕੇ,
ਮਸ਼ਹੂਰ ਹੋ ਗਈ ਸੰਸਾਰ ਹਜਰੋਂ।
ਪੁਸਤਕ ਵਧੂਗਾ ਬਹੁਤ ਹਰਨਾਮ ਸਿੰਘਾ!
ਜੇਕਰ ਲਿਖਾਂ ਸਾਰੇ ਸਮਾਚਾਰ ਹਜਰੋਂ।"

(.....ਉਹੀ ਸਫ਼ਾ ੬)

ਸਿਖ ਸੈਨਾ ਵਿਚ, ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਦ, ਵੱਡੀ ਗਿਣਤੀ ਵਿਚ ਬੁਰਛਾਗਰਦੀ ਹੋਣ



Sri Satguru Jagjit Singh Ji eLibrary NamdhariElibrary@gmail.com

ਲੱਗੀ। ਸ਼ਾਹ ਮੁਹੰਮਦ ਦੇ ਸ਼ਬਦਾਂ ਵਿਚ—

**"ਸਿਰ ਫੌਜ ਦੇ ਰਿਹਾ ਨਾਂ ਕੋਈ ਕੁੰਡਾ,**
**ਹੋਏ ਸ਼ੁਤਰ ਜਿਉਂ ਬਾਝ ਮੁਹਾਰ ਮੀਆਂ।"**

ਫੌਜੀਆਂ ਦੀਆਂ ਵਧੀਕੀਆਂ ਤੋਂ ਆਮ ਲੋਕ ਦੁੱਖੀ ਸਨ। ਉਹ ਆਪਣੀ ਤਨਖਾਹ ਨਿੱਤ ਨਵੇਂ ਦਿਨ ਵਧਾਉਣ ਦੇ ਮੁਤਾਲਬੇ ਕਰਦੇ ਅਤੇ ਇਹ ਪੈਸਾ ਜੁੱਤੀ ਨਾਲ ਵਸੂਲਦੇ। ਸੈਨਾਪਤੀ ਦੁਸ਼ਮਣਾਂ ਨਾਲ ਮਿਲੇ ਹੋਏ ਸਨ। ਮੁੱਦਕੀ ਦੀ ਜੰਗ ਸਮੇਂ ਸਿਖ ਸੈਨਾ ਦੀ ਸਥਿਤੀ ਦਰਸਾਉਂਦੇ ਨਕਸ਼ੇ ਇਹਨਾਂ ਗੱਦਾਰਾਂ ਦੀ ਕ੍ਰਿਪਾ ਨਾਲ ਪਹਿਲਾਂ ਹੀ ਅੰਗ੍ਰੇਜ਼ਾਂ ਪਾਸ ਪੁੱਜ ਗਏ ਸਨ। ਇਸ ਲਈ ਖਾਲਸਾ ਫੌਜ ਦੀ ਗੱਦਾਰਾਂ ਦੀ ਵਜ੍ਹਾ ਕਾਰਨ, ਜਿੱਤ ਨੂੰ ਹਾਰ ਵਿਚ ਯਕੀਨੀ ਤੌਰ ਤੇ ਬਦਲਣ ਦਾ ਆਭਾਸ, ਸਤਿਗੁਰੂ ਜੀ ਵਾਂਗ, ਹੋਰ ਸਿਆਣਿਆਂ ਨੂੰ ਵੀ ਪਹਿਲੋਂ ਹੀ ਹੋ ਗਿਆ ਸੀ; ਤਾਂ ਹੀ ਉਹ ਆਪਣੀ ਬੰਦੂਕ ਦਰਿਆ ਵਿਚ ਸੁੱਟ ਕੇ ਘਰ ਨੂੰ ਚਾਲੇ ਮਾਰ ਗਏ ਸਨ। ਨਾਲ ਦੇ ਸਿਪਾਹੀਆਂ ਦੇ ਕਹਿਣ ਤੇ ਕਿ "ਮਸਤਾਨਿਆ ਇਹ ਕੀ ਕੀਤਾ ਈ", ਆਪ ਨੇ ਜੁਆਬ ਦਿੱਤਾ ਸੀ, "ਮੈਂ ਅੱਜ ਸੁੱਟੀ ਹੈ ਤੁਸੀਂ ਭਲਕੇ ਸੁੱਟ ਦਿਓਗੇ।" ਸਤਿਗੁਰੂ ਜੀ ਸਮਝਦੇ ਸਨ ਕਿ ਹੁਣ ਗੱਦਾਰਾਂ ਵਾਸਤੇ ਲੜਨ ਦਾ ਕੀ ਫਾਇਦਾ ਹੈ। ਆਪ ਦੀ ਸਮਝ ਕਿਵੇਂ ਖਰੀ ਉੱਤਰੀ, ਸਾਡਾ ਕਿੱਸਾਕਾਰ ਲਿਖਦਾ ਹੈ—

**"ਬਚਨ ਸਤਿਗੁਰਾਂ ਦੇ ਪੂਰੇ ਕੁੱਲ ਹੋਏ,**
**ਮੱਚੇ ਮੁੱਦਕੀ ਮੇਂ ਘੱਲੂਘਾਨ ਵੀਰੋ।**
**ਭਾਰਾ ਨਾਲ ਅੰਗ੍ਰੇਜ਼ ਦੇ ਯੁੱਧ ਹੋਇਆ,**
**ਰਿਹਾ ਬਹੁਤ ਦਿਨ ਗਰਮ ਮੈਦਾਨ ਵੀਰੋ।**

. . . . . . . . . . . . . . . . . . .

**ਸਰਸੋਂ ਜਗ੍ਹਾ ਬਾਰੂਦ ਦੀ ਆਉਣ ਲੱਗੀ,**
**ਜਥੇਦਾਰ ਹੋ ਗਏ ਬੇਈਮਾਨ ਵੀਰੋ।**
**ਤੇਜਾ ਸਿੰਘ ਬਾਹਮਣ ਬੇਈਮਾਨੀ ਹੋਇਆ,**
**ਏਸ ਜੰਗ ਦਾ ਵਹੀ ਪ੍ਰਧਾਨ ਵੀਰੋ।**
**ਜਦ ਵਾੜ ਹੀ ਖੇਤ ਨੂੰ ਖਾਣ ਲੱਗੀ,**
**ਦੱਸ ਫੇਰ ਕੀ ਕਰੂ ਕਿਰਸਾਨ ਵੀਰੋ।**
**ਯਾਦ ਰਹੂ ਅੰਗਰੇਜ਼ਾਂ ਨੂੰ ਮੁੱਦਕੀ ਵੀ,**
**ਵਾਹੀ ਪੰਥ ਨੇ ਬਹੁਤ ਕਿਰਪਾਨ ਵੀਰੋ।**
**ਫੌਜਾਂ ਜਿੱਤ ਕੇ ਅੰਤ ਨੂੰ ਹਾਰ ਗਈਆਂ,**
**ਲਿਆ ਕੇ ਤੇਗ ਦਾ ਗ਼ਜਬ ਤੂਫ਼ਾਨ ਵੀਰੋ।**
**ਲਿਖਿਆ ਸ਼ਾਹ ਮੁਹੰਮਦ ਨੇ ਦੇਖ ਅੱਖੀਂ,**
**ਪੜ੍ਹੋ ਮੁਦਕੀ ਦਾ ਦਾਸਤਾਨ ਵੀਰੋ।**
**ਪੂਰੇ ਗੁਰਾਂ ਦੇ ਬਚਨ ਹਰਨਾਮ ਸਿੰਘਾ,**
**ਪੰਜ ਸਾਲ ਪਿੱਛੋਂ ਹੋਏ ਆਨ ਵੀਰੋ।**

(....ਉਹੀ ਸਫ਼ਾ ੪)

ਇਸ ਜੰਗ ਦੇ ਸਮਕਾਲੀ ਮਟਕ ਕਵੀ ਵੀ ਲਾਹੌਰ ਦਰਬਾਰ ਦੇ ਪ੍ਰਧਾਨ ਮੰਤਰੀ ਮਿਸਰ ਲਾਲ ਸਿੰਘ ਅਤੇ ਪ੍ਰਧਾਨ ਸੈਨਾਪਤੀ ਤੇਜ ਸਿੰਘ ਬਾਰੇ ਲਿਖਿਆ ਸੀ—

**"ਲਾਲੂ ਦੀ ਲਾਲੀ ਗਈ, ਤੇਜੂ ਦਾ ਗਿਆ ਤੇਜ।**
**ਰਣ ਵਿਚ ਪਿੱਠ ਦਿਖਾਇਕੇ, ਮੋੜਾ ਆਏ ਫੇਰ।"**

ਇਹ ਮੁੱਦਕੀ ਦੀ ਲੜਾਈ ਹੀ ਸੀ ਜਿਸ ਵਿਚ ਸਾਧਾਰਨ ਸਿਖ ਸੈਨਿਕਾਂ ਦੀ ਵੀਰਤਾ ਦੇ ਕਿੱਸੇ ਪੰਜਾਬ ਦੇ ਇਤਿਹਾਸ ਨੂੰ ਚਾਰ ਚੰਨ ਲਾ ਗਏ ਹਨ। ਅੰਗ੍ਰੇਜ਼ ਮੂੰਹ ਵਿਚ ਘਾਹ ਲੈ ਕੇ, ਗਊ ਪੁੱਤਨਾਂ ਤੋਂ ਉਚਾਰੀ ਨਹੀਂ ਸੀ ਜਾਂਦੀ, "ਡਊ ਡਊ" ਕਹਿ ਕੇ ਜਾਨ ਦੀ ਭੀਖ ਮੰਗਦੇ ਸਨ। ਕਨਿੰਘਮ ਲਿਖਦਾ ਹੈ ਕਿ ਜੇ ਇਕ ਵੀ ਸ਼ਾਮ ਸਿੰਘ ਅਟਾਰੀ ਵਾਲਾ ਸਿੱਖਾਂ ਪਾਸ ਹੋਰ ਹੁੰਦਾ ਤਾਂ ਪੰਜਾਬ ਅਤੇ ਈਸਟ ਇੰਡੀਆ ਕੰਪਨੀ ਦਾ ਇਤਿਹਾਸ ਹੋਰ ਹੁੰਦਾ। ਕਨਿੰਘਮ ਵੀ ਇਸ ਲੜਾਈ ਵਿਚ ਲੜਿਆ ਸੀ ਅੰਗ੍ਰੇਜ਼ਾਂ ਵੱਲੋਂ। ਸੱਚਾ ਸਿੱਖ ਇਤਿਹਾਸ ਇਹਨਾਂ ਜੰਗਾਂ ਦੇ ਬਾਰੇ ਲਿਖਣ ਕਰਕੇ ਉਹਦੀ ਨੌਕਰੀ ਅਤੇ ਪੈਨਸ਼ਨ ਵੀ ਗਈ। ਭਾਈ ਹਰਨਾਮ ਸਿੰਘ ਹੋਰਾਂ ਨੇ ਥੋਹੜੀਆਂ ਜਿਹੀਆਂ ਤੁਕਾਂ ਵਿਚ ਇਸ ਲਾਸਾਨੀ ਯੁੱਧ ਦਾ ਜੋ ਵਰਣਨ ਕੀਤਾ ਹੈ ਉਹ ਸ਼ਾਹ ਮੁਹੰਮਦ ਦੇ ਸਤਰ ਨੂੰ ਜਾ ਛੂੰਹਦਾ ਹੈ। ਇਕ ਪ੍ਰਸਿੱਧ ਆਲੋਚਕ ਨੇ ਭਾਈ ਹਰਨਾਮ ਸਿੰਘ ਦੀ ਇਸ ਕਿੱਸੇ ਵਿਚਲੀ ਕਵਿਤਾ ਨੂੰ ਸਾਧਾਰਨ ਆਖ ਕੇ ਜੋ ਤੁਹਮਤ ਲਾਈ ਹੈ ਉਸ ਦਾ ਮੂੰਹ ਤੋੜਵਾਂ ਜੁਆਬ ਤਾਂ ਸਾਰਾ ਕਿੱਸਾ ਹੀ ਦੇ ਰਿਹਾ ਹੈ, ਪਰ ਇਸ ਇੱਕੋ ਤੁਕ ਦਾ ਪਾਠ ਵਾਰ ਵਾਰ ਮੇਰੇ ਜ਼ਿਹਨ ਵਿਚ ਉਭਰ ਕੇ ਇਤਿਹਾਸ ਦੀ ਤਲਖ਼ ਹਕੀਕਤ ਨੂੰ ਜਿਵੇਂ ਬਿਆਨ ਕਰਦਾ ਹੈ, ਉਹ ਮਹਾਨ ਕਵਿਤਾ ਤੋਂ ਉਰ੍ਹਾਂ ਦੀ ਕੋਈ ਗੱਲ ਨਹੀਂ—

**"ਯਾਦ ਰਹੂ ਅੰਗ੍ਰੇਜ਼ਾਂ ਨੂੰ ਮੁੱਦਕੀ ਵੀ,**
**ਵਾਹੀ ਪੰਥ ਨੇ ਬਹੁਤ ਕ੍ਰਿਪਾਨ ਵੀਰੋ"**

ਇੱਥੇ ਮੇਵਾ ਸਿੰਘ ਤੇ ਮਾਖੇ ਖਾਂ (ਪ੍ਰਸਿੱਧ ਤੋਪਖਾਨੇ ਦੇ ਦੋਵੇਂ ਜਰਨੈਲ) ਪੰਥ ਦੇ ਕਲੇਵਰ ਵਿਚ ਲੈ ਆਂਦੇ ਹਨ। ਜਦੋਂ ਇਸ ਕਵਿਤਾ ਦਾ ਚਿੰਨ੍ਹ ਵਿਗਿਆਨਕ ਅਧਿਐਨ ਹੋਇਆ ਤਾਂ ਬਹੁਤ ਨਵੀਆਂ ਗੁੱਥੀਆਂ ਖੁੱਲਣਗੀਆਂ।

ਕਿੱਸਾਕਾਰੀ ਦੇ ਵਿਚ ਜਿੱਥੇ ਪ੍ਰਸੰਗ ਦੀ ਲੜੀ ਚਲਦੀ ਰਹਿੰਦੀ ਹੈ ਉੱਥੇ ਇਸ ਵਿਚ ਪ੍ਰਸੰਗ ਤੋਂ ਲਾਂਭੇ ਜਾ ਕੇ ਆਪਣੇ



Sri Satguru Jagjit Singh Ji eLibrary NamdhariElibrary@gmail.com

ਸੁਤੰਤਰ ਵਿਚਾਰ ਵਿਅਕਤ ਕਰਨ ਲਈ ਕਿੱਸਾਕਾਰ "ਵਾਕ ਕਵੀ" ਦਾ ਸਹਾਰਾ ਲਿਆ ਕਰਦੇ ਸਨ। ਇਸ ਵਿਚ ਦਾਰਸ਼ਨਿਕ ਵਿਚਾਰ ਵੀ ਜਿਹੋ ਜਿਹੇ ਉਸ ਯੁੱਗ ਦੇ ਹੁੰਦੇ ਹਨ, ਅਗਰਗਾਮੀ ਜਾਂ ਪ੍ਰਤੀਗਾਮੀ ਉਹ ਪ੍ਰਗਟਾਏ ਜਾਂਦੇ ਹਨ। ਭਾਵੇਂ ਸਾਡਾ ਅਜੋਕਾ ਕਵੀ ਬਾਵਾ ਬਲਵੰਤ ਇਉਂ ਲਿਖਦਾ ਹੈ—

"ਜਗਤ ਕੁਝ ਨਹੀਂ ਇਹ ਗੱਲ ਕਹਿਣ ਵਾਲਾ,  
ਪੈਗੰਬਰ ਹੋਵੇ ਜਾਂ ਕੋਈ ਅੱਲਾ ਤਾਅਲਾ,  
ਉਹ ਜਾਣੇ ਅਣਜਾਣੇ ਹੈ ਸ਼ਾਹਾਂ ਦਾ ਬੇਲੀ  
ਗ਼ਰੀਬੀ ਗ਼ੁਲਾਮੀ ਵਧੀ ਏਸ ਥੀਂ ਹੀ।"

ਪ੍ਰੰਤੂ ਇਹ ਵੀ ਇਕ ਹਕੀਕਤ ਹੈ ਕਿ ਸਮਾਂ ਪ੍ਰੀਵਰਤਨਸ਼ੀਲ ਹੈ, ਇਹ ਤਬਦੀਲੀ ਨਿਮਨ ਤੋਂ ਉੱਚਤਰ ਸਤਰਾਂ ਵੱਲ ਵਾਪਰਦੀ ਹੈ। ਬਿਹਤਰੀ ਵਾਸਤੇ ਤਬਦੀਲੀ। ਸਿੱਖ ਰਾਜ ਦੇ ਪਤਨ ਤੇ ਸਾਡੇ ਕਵੀ ਦਾ ਹਿਰਦਾ ਇਉਂ ਟੰਬਿਆ ਜਾਂਦਾ ਹੈ ਕਿ ਉਹ ਕਾਲ ਦੀ ਗਤੀ ਦਾ ਅਨੁਰੂਪ ਹੋਣ ਵਾਲੀਆਂ ਤਬਦੀਲੀਆਂ ਦੀ ਗੱਲ ਕਰਕੇ ਹਾਰੀ ਕੌਮ ਨੂੰ ਢਾਰਸ ਬੰਨ੍ਹਾਉਂਦਾ ਹੈ—

"ਸਦਾ ਰਹੇ ਨਾ ਕਿਸੇ ਦੀ ਬਾਦਸ਼ਾਹੀ,  
ਸਦਾ ਰਹਿਣ ਨਾ ਫ਼ੀਲ ਤੁਰੰਗ ਲੋਕੋ।  
ਸਦਾ ਜ਼ੋਰ ਇਕਬਾਲ ਭੀ ਨਹੀਂ ਰਹਿੰਦੇ,  
ਸਦਾ ਨਹੀਂ ਰਹਿੰਦੇ ਭੁੱਖ ਨੰਗ ਲੋਕੋ।  
ਸਦਾ ਅਮਨ ਅਮਾਨ ਭੀ ਨਹੀਂ ਰਹਿੰਦੇ,  
ਸਦਾ ਨਹੀਂ ਰਹਿੰਦੇ ਲੱਗੇ ਜੰਗ ਲੋਕੋ।"

. . . . . . . . . . . . . . . . . . .

ਮਿਲਦੇ ਵਿਛੜਦੇ ਯਾਰ ਹਮੇਸ਼ਾ ਰਹਿੰਦੇ,  
ਸਦਾ ਨਹੀਂ ਰਹਿੰਦੇ ਸਾਥੀ ਸੰਗ ਲੋਕੋ।  
ਪੈਂਦਾ ਵਕਤ ਆਇ ਰਾਜੇ ਰਾਣਿਆਂ ਤੇ,  
ਬਾਦਸ਼ਾਹ ਭੀ ਹੋਣ ਮਲੰਗ ਲੋਕੋ।  
ਚੱਕਰ ਹਲਟ ਸੰਸਾਰ ਦੀ ਪਿਆ ਘੁੰਮਦਾ,  
ਸਮੇਂ ਬਦਲਦੇ ਰੰਗ ਬਰੰਗ ਲੋਕੋ।

(.....ਉਹੀ ਸਫ਼ਾ ੫)

ਕਵੀ ਦੇ ਪਾਸ ਇਕ ਸੰਵੇਦਨਸ਼ੀਲ ਕਵੀ ਹਿਰਦਾ ਹੈ। ਉਹ ਨਾਮਧਾਰੀ ਇਤਿਹਾਸ ਨੂੰ ਕਾਨੀਬੱਧ ਕਰਦਾ ਹੋਇਆ ਸਿੱਖ ਇਤਿਹਾਸ ਦੀਆਂ ਦਰਦ ਫਿਰਾਕ ਦੀਆਂ ਬਾਤਾਂ ਪਾਉਣ ਤੋਂ ਗੁਰੇਜ਼ ਨਹੀਂ ਕਰਦਾ। ਜਦੋਂ ਸੂਬਾ ਮਾਨ ਸਿੰਘ ਅਤੇ ਹੁਕਮਾ ਸਿੰਘ ਹੋਰਾਂ ਨੂੰ ਸਤਿਗੁਰੂ ਰਾਮ ਸਿੰਘ ਦੀ ਜਲਾਵਤਨੀ ਤੋਂ ਬਾਦ ਇਲਾਹਾਬਾਦ ਦੇ ਕਿਲੇ, ਪਰਿਆਗ ਰਾਜ ਹਿੰਦੂ ਤੀਰਥ ਉਤੇ ਉਸਰੇ ਚੁਨਾਰ ਦੇ ਕਿਲੇ ਵਿਚ ਕੈਦ ਕਰਨ ਦਾ ਜ਼ਿਕਰ ਕਰਦਾ ਹੈ, ਤਾਂ ਉਸਦੇ ਜ਼ਿਹਨ ਵਿਚੋਂ 'ਸ਼ੇਰੇ ਪੰਜਾਬ' ਦੀ ਵਿਧਵਾ ਮਹਾਰਾਣੀ ਜਿੰਦ ਕੌਰ ਦਾ ਇਸੇ ਕਿਲੇ ਵਿਚ ਕੈਦ ਹੋਣ ਅਤੇ ਇੱਥੋ ਨੱਸਣ ਦਾ ਬਿੰਬ ਉਭਰਦਾ ਹੈ। ਜਿੰਦ ਕੌਰ ਅਤੇ ਉਸਦੇ ਪੁੱਤਰ ਆਖਰੀ ਸਿਖ ਮਹਾਰਾਜਾ ਦਲੀਪ ਸਿੰਘ ਦਾ ਦੁਖਾਂਤ ਸਾਰੀ ਪੰਜਾਬੀ ਕੌਮ ਦਾ ਦੁਖਾਂਤ ਹੋ ਨਿੱਬੜਦਾ ਹੈ। ਸੰਤ ਸਿੰਘ ਸੇਖੋਂ ਹੋਰਾਂ ਲਿਖਿਆ ਹੈ ਕਿ ਪੂਰਨ ਭਗਤ ਦੀ ਵੇਦਨਾ ਨੂੰ ਜਿਵੇਂ ਕੋਈ ਪੰਜਾਬੀ ਹਿਰਦਾ ਮਹਿਸੂਸ ਕਰਦਾ ਹੈ ਹੋਰ ਲੋਕ ਤਾਂ ਨਹੀਂ ਕਰ ਸਕਦੇ। ਇਵੇਂ ਹੀ ਜਿੰਦਾਂ ਦੀ ਹੋਣੀ ਨਾਲ, ਕੂਕਿਆਂ ਦੀ ਕੁਰਬਾਨੀ ਅਤੇ ਆਪਣੀ ਕੌਮੀ ਅਣਖ ਨੂੰ ਆਤਮਘਾਤ ਕਰਦਿਆਂ ਸਾਡਾ ਕਿੱਸਾਕਾਰ ਇਤਿਹਾਸ ਦੀਆਂ ਪੈੜਾਂ ਇਉਂ ਲੱਭਣ ਦੀ ਕੋਸ਼ਿਸ਼ ਕਰਦਾ ਹੈ—

"ਕਿਲੇ ਵਿਚ ਚੁਨਾਰ ਗੜ੍ਹ ਕੈਦ ਕੀਤੇ,  
ਪੰਥ ਰਤਨ ਦੋਨੋਂ ਸੂਬੇਦਾਰ ਵੀਰੋ।  
ਭਰ ਨੀਰ ਆਇਆ ਮੇਰੀਆਂ ਅੱਖੀਆਂ 'ਚ,  
ਕਿਲਾ ਯਾਦ ਆ ਗਿਆ ਚੁਨਾਰ ਵੀਰੋ।  
ਏਸੇ ਕਿਲੇ ਅੰਦਰ ਜਿੰਦਾ ਮਹਾਰਾਣੀ,  
ਹੋਈ ਕੈਦ ਸਾਡੀ ਤਾਜਦਾਰ ਵੀਰੋ।  
ਭੱਜ ਜਾਣਾ ਅੰਗਰੇਜ਼ਾਂ ਦੀ ਕੈਦ ਵਿਚੋਂ,  
ਏਥੇ ਰਾਣੀ ਦੀ ਹੋਈ ਵੀਚਾਰ ਵੀਰੋ।  
ਦਰਦ ਭਰਿਆ ਇਕ ਛੰਦ ਵੈਰਾਗ ਰਸ ਦਾ,  
ਅੱਗੇ ਆਪਦੇ ਦਵਾਂ ਉਚਾਰ ਵੀਰੋ।  
ਅੱਧੀ ਰਾਤ ਵੇਲੇ ਜਿੰਦਾਂ ਮਹਾਰਾਣੀ,  
ਕੈਦਣ ਕਿਲੇ ਚੋਂ ਹੋਈ ਫਰਾਰ ਵੀਰੋ।  
ਨੇਰ੍ਹੀ ਰਾਤ ਪਾਣੀ ਠਾਠਾਂ ਮਾਰਦੇ 'ਚੋਂ,  
ਟੱਪ ਗਈ ਦਰਿਆ ਦੀ ਧਾਰ ਵੀਰੋ।  
ਸਿਰੋਂ ਨੰਗੀ ਪੈਰੋਂ ਨੰਗੀ ਮਹਾਰਾਣੀ,  
ਰੋਂਦੀ ਉੱਚੀ ਉੱਚੀ ਭੁੱਬਾਂ ਮਾਰ ਵੀਰੋ।  
ਬਣ ਗਈ ਸਾਧਣੀ ਸਿਰ ਵਿਚ ਖਾਕ ਪਾਕੇ,  
ਦੇਖੋ ਗੌਰ ਸੇ ਰੰਗ ਕਰਤਾਰ ਵੀਰੋ।  
ਜਿਨ੍ਹਾਂ ਵਾਲਾਂ ਵਿਚ ਅਤਰ ਫੁਲੇਲ ਪਾ ਕੇ,  
ਲਾਉਂਦੀਆਂ ਗੋਲੀਆਂ ਸੋਲਾਂ ਸ਼ਿੰਗਾਰ ਵੀਰੋ।  
ਓਹਨਾਂ ਵਾਲਾਂ ਵਿਚ ਬੈਠ ਕੇ ਖਾਕ ਪਾਈ,  
ਲਾਈ ਰਾਖ ਸਮਾਰ ਸਮਾਰ ਵੀਰੋ।

. . . . . . . . . . . . . . . . . .



Sri Satguru Jagjit Singh Ji eLibrary NamdhariElibrary@gmail.com

ਬਲੀ ਸ਼ੇਰ ਪੰਜਾਬ ਦੀ ਮਹਾਰਾਣੀ,
ਜੀਹਤੇ ਕੰਬਦੇ ਕਾਬਲ ਕੰਧਾਰ ਵੀਰੋ।
ਉਹ ਅਜ ਬਣ ਗਈ ਫਕੀਰਨੀ ਹੈ,
ਕੁਦਰਤ ਰੱਬ ਦੀ ਭਾਗਾਂ ਦੀ ਹਾਰ ਵੀਰੋ।
. . . . . . . . . . . . . . . . . . . . .
ਰਾਣੀ ਮੰਗਦੀ ਖਾਂਦੀ ਹਰਨਾਮ ਸਿੰਘਾ!
ਪਹੁੰਚ ਗਈ ਨੇਪਾਲ ਦਰਬਾਰ ਵੀਰੋ।''

(......ਉਹੀ ਸਫ਼ਾ ੫੬)

ਹਰਨਾਮ ਸਿੰਘ ਦਾ ਇਹ ਕਿੱਸਾ ਨੀਤੀ ਬਚਨਾਂ ਨਾਲ ਭਰਪੂਰ ਹੈ। ਉਸਨੇ ਲੜਾਈ ਝਗੜੇ ਦੁਸ਼ਮਣੀ ਦੇ ਵੀ ਅਸੂਲ ਲਿਖੇ ਹਨ ਅਤੇ ਚੋਰੀ ਕਰਨ ਵਾਲਿਆਂ ਵਾਸਤੇ ਵੀ ਕੁਝ ਅਸੂਲ ਤਹਿ ਕੀਤੇ ਹਨ, ਜਿਸ ਤਰ੍ਹਾਂ—

''ਚੋਰੀ ਨਹੀਂ ਕਰੀਏ ਰੰਡੀ ਇਸਤਰੀ ਦੇ,
ਪਾੜ ਬ੍ਰਾਹਮਣਾਂ ਦੇ ਕਦੇ ਲਾਈਏ ਨਾ।
ਮੰਗ ਮੰਗ ਟੁਕੜੇ ਧਨ ਜੋੜਿਆਂ ਜੋ,
ਉਸ ਮਾਇਆ ਨੂੰ ਹੱਥ ਲਗਾਈਏ ਨਾ।
ਧਨ ਪੂਜਾ ਜ਼ਹਿਰ ਨੂੰ ਲੁੱਟੀਏ ਨਾ,
ਮਸਜਿਦ ਮੰਦਰਾਂ ਵੱਲ ਤਕਾਈਏ ਨਾ।
ਸਾਧੂ ਸੰਤ ਡਕੈਂਤ ਤੇ ਬ੍ਰਹਮਚਾਰੀ,
ਮਾਇਆ ਇਹਨਾਂ ਦੀ ਕਿਤੇ ਲਜਾਈਏ ਨਾ।
ਨਾਈ ਧੋਬੀਆਂ ਦਾ ਧਨ ਲੁੱਟੀਏ ਨਾ,
ਖੁਸਰੇ ਗੌਣ ਵਾਲੇ ਘਰ ਜਾਈਏ ਨਾ।
ਜਾਤ ਗੋਤ ਦੀ ਭੈਣ ਗਰੀਬ ਹੋਵੇ,
ਬੁੱਢੇ ਬੁੱਢੀ ਦੀ ਧ੍ਹੀ ਖਿਸਕਾਈਏ ਨਾ।
ਸਿਖਿਆ ਯਾਦ ਕਰ ਲਈਂ ਹਰਨਾਮ ਸਿੰਘਾ!
ਭੁੱਲ ਬਚਨ ਸਾਡੇ ਕਦੇ ਜਾਈਏ ਨਾ।''

ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਿਖੀ ਦੀ ਪੁਨਰ ਸਾਜਣਾ ਤੋਂ ਪਹਿਲਾਂ ਸਿੱਖ—ਸਾਧੂਆਂ, ਮਹੰਤਾਂ, ਸੰਤਾਂ, ਨਿਹੰਗ ਸਿੰਘਾਂ ਦੀ ਬਹੁ ਗਿਣਤੀ—ਗੁਰਸਿੱਖੀ ਦੇ ਉੱਚ ਅਸੂਲਾਂ ਤੋਂ ਥਿੜਕ ਕੇ ਮਨਮੱਤ ਵਿਚ ਗ਼ਲਤਾਨ ਸਨ। ਹਰਨਾਮ ਸਿੰਘ ਹੋਰਾਂ ਨੇ ਆਦਰਸ਼ ਸਾਧੂ ਕੈਸਾ ਹੋਵੇ ਇਹ ਵੀ ਵਰਣਨ ਕੀਤਾ ਹੈ—

''ਸਾਧੂ ਸੰਤ ਮਹੰਤ ਬਿਹੰਗਮਾਂ ਨੂੰ,
ਕਰਨਾ ਤੜਕਿਉਂ ਉੱਠ ਇਸ਼ਨਾਨ ਚਾਹੀਏ।
ਬਹਿੰਦੇ ਉਠਦਿਆਂ ਫਿਰਦਿਆਂ ਖਾਂਦਿਆਂ ਭੀ,
ਸਦਾ ਰੱਬ ਦੇ ਵੱਲ ਧਿਆਨ ਚਾਹੀਏ।
ਡੇਰਾ ਲਾਵੇ ਨਾ ਗ੍ਰਹਿਸਤੀਆਂ ਵਿਚ ਸਾਧੂ,
ਡੇਰੇ ਸਾਧੂਆਂ ਦੇ ਸੁੰਨਸਾਨ ਚਾਹੀਏ।
ਨਸ਼ਾ ਕੋਈ ਭੀ ਸਾਧ ਨਾ ਮੂਲ ਵਰਤੇ,
ਖਾਣਾ ਸਾਧ ਨੂੰ ਕਦੇ ਨਾ ਪਾਨ ਚਾਹੀਏ।
ਭੋਜਨ ਤਾਮਸੀ ਕੋਈ ਨਾ ਸਾਧ ਖਾਵੇ,
ਦੇਣਾ ਗ੍ਰਹਿਸਤੀਆਂ ਨੂੰ ਨਾਮਦਾਨ ਚਾਹੀਏ।
ਧਨ ਦੌਲਤਾਂ ਨੂੰ ਸਾਧੂ ਜ਼ਹਿਰ ਸਮਝੇ,
ਸੋਨਾ ਮਿੱਟੀ ਭੀ ਇਕ ਸਮਾਨ ਚਾਹੀਏ।
ਕਾਮ ਕ੍ਰੋਧ ਤੇ ਲੋਭ ਨੂੰ ਸਾਧ ਤਿਆਗੇ,
ਹੋਣਾ ਬ੍ਰਹਮ ਦੀ ਮਾਇਆ ਦਾ ਗਿਆਨ ਚਾਹੀਏ।
ਪੈਸਾ ਇਕ ਭੀ ਸਾਧ ਨਾ ਕੋਲ ਰੱਖੇ,
ਕਿਤੇ ਸਾਧ ਦਾ ਨਹੀਂ ਮਕਾਨ ਚਾਹੀਏ।
ਸਾਧੂ ਬੱਸੇ ਨਾ ਕਿਤੇ ਹਰਨਾਮ ਸਿੰਘਾ!
ਸਾਧੂ ਚੱਲਦੇ ਭਲੇ ਜਹਾਨ ਚਾਹੀਏ।''

(....ਉਹੀ ਸਫ਼ਾ ੯-੧੦)

ਭਾਰਤੀ ਦਰਸ਼ਨ ਪਰੰਪਰਾ ਅਤੇ ਰਾਜਨੀਤੀ ਦੇ ਬਾਰੇ ਕਿੱਸਾਕਾਰ ਦਾ ਅਨੁਭਵ ਬੜਾ ਵਿਸ਼ਾਲ ਹੈ। ਉਸਨੇ ਆਪਣੇ ਜੀਵਨ ਦਾ ਪਹਿਲਾ ਹਿੱਸਾ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਖੇ ਗੁਰੂ ਹਰੀ ਸਿੰਘ ਅਤੇ ਸਤਿਗੁਰੂ ਪ੍ਰਤਾਪ ਸਿੰਘ ਦੇ ਦਰਬਾਰ ਵਿਚ ਵੀ ਬਤੀਤ ਕੀਤਾ ਹੈ। ਬਾਅਦ ਵਿਚ ਉਹ ਰੋਟੀ ਰੋਜ਼ੀ ਲਈ ਕਾਫੀ ਘੁੰਮਿਆ ਫਿਰਿਆ ਹੈ। ਉਸ ਨੂੰ ਭਲੇ ਬੁਰੇ ਅਤੇ ਠੀਕ ਗਲਤ ਦੀ ਪੂਰੀ ਪਛਾਣ ਹੈ। ਇਸ ਲਈ ਜੀਵਨ ਦਾ ਸੱਚ ਉਸਦੀ ਕਵਿਤਾ ਦਾ ਜਾਦੂ ਹੈ, ਜੋ ਪਾਠਕ ਦੇ ਸਿਰ ਚੜ੍ਹ ਕੇ ਇਉਂ ਬੋਲਦਾ ਹੈ—

''ਤਜੋ ਪੂਤ ਕਪੂਤ ਬਿਭਚਾਰ ਨਾਰੀ,
ਤਜੋ ਮੀਤ ਘਾਤੀ ਬੇਈਮਾਨ ਜਿਹੜਾ।
ਤਜੋ ਦੇਸ਼ ਜਿੱਥੇ ਦੁਸ਼ਮਣ ਹੋਣ ਸਾਰੇ,
ਤਜੋ ਬੇਇਨਸਾਫ ਸੁਲਤਾਨ ਜਿਹੜਾ।
ਤਜੋ ਮਾੜਾ ਪੜੋਸ ਤੇ ਚੋਰ ਨੌਕਰ,
ਮਾਲਕ ਤਜੋ ਕੰਜੂਸ ਇਨਸਾਨ ਜਿਹੜਾ।
ਤਜੋ ਕੋੜਮਾਂ ਰੋਜ ਕਲੇਸ਼ ਜਿੱਥੇ,
ਪੇਸ਼ਾ ਤਿਆਗ ਦੇ ਦਵੇ ਨੁਕਸਾਨ ਜਿਹੜਾ।
ਲੀਡਰ ਲੋਭੀ ਨੂੰ ਤਜੋ ਹਰਨਾਮ ਸਿੰਘਾ!
ਬੋਲੇ ਮੁਫ਼ਤ ਹੀ ਝੂਠ ਤੂਫਾਨ ਜਿਹੜਾ।''

(.....ਉਹੀ ਸਫ਼ਾ ੧੦)

ਸਿੱਖ ਰਾਜ ਦੀ ਸੈਨਾ ਵਿਚੋਂ ਆਉਣ ਤੋਂ ਬਾਦ ਵਾਹੀ



Sri Satguru Jagjit Singh Ji eLibrary NamdhariElibrary@gmail.com

ਖੇਤੀ, ਰਾਜ ਮਿਸਤਰੀ ਦਾ ਕੰਮ ਕਰਦੇ ਕਈ ਥਾਵਾਂ ਤੇ ਭਰਮਣ ਕਰਦੇ ਹੋਏ, ਸਤਿਗੁਰੂ ਜੀ ਆਪਣੇ ਜੱਦੀ ਪਿੰਡ ਰਾਈਆਂ ਦੇ ਗੁਆਂਢ ਭੈਣੀ ਸਾਹਿਬ ਵਿਚ ਆ ਟਿਕੇ। ਇੱਥੇ ਹੀ ੧੮੫੭ ਈ. ਦੀ ਵੈਸਾਖੀ ਨੂੰ ਨਾਮਧਾਰੀ ਸੰਤ ਖਾਲਸਾ ਦੀ ਸਾਜਨਾ ਕੀਤੀ। ਉਹਨਾਂ ਦੇ ਸ਼ੁਭ ਉਪਦੇਸ਼ ਅਤੇ ਨਾਮ ਬਾਣੀ ਦੇ ਪ੍ਰਤਾਪ ਨਾਲ ਇਹ ਨਵਾਂ ਪੰਥ ਬੜੀ ਤੇਜ਼ੀ ਨਾਲ ਫੈਲਿਆ। ਇਸਦੀ ਚੜ੍ਹਦੀ ਕਲਾ ਦਾ ਵਰਣਨ ਕਵੀ ਇਉਂ ਕਰਦਾ ਹੈ–

"ਦਿੱਤੇ ਭਜਨ ਜਦ ਸਤਿਗੁਰੂ ਰਾਮ ਸਿੰਘ ਜੀ,
ਤੁਰਤ ਲੋਕ ਸਾਰੇ ਸ਼ਕਤੀਵਾਨ ਹੋਏ।
ਵੱਡੇ ਵੱਡੇ ਕੁਰਹਿਤੀਏ ਮਹਾਂ ਪਾਪੀ,
ਸਾਰੇ ਦੇਵਤੇ ਪੁਰਖ ਇਨਸਾਨ ਹੋਏ।
ਨਾਮ ਰੂਪੀ ਸ਼ਕਤੀ ਭਰੀ ਗਈ ਅੰਦਰ,
ਗਿੱਦੜ ਲੋਕ ਭੀ ਸ਼ੇਰ ਸਮਾਨ ਹੋਏ।
ਨਸ਼ੇ ਨਾਮ ਦੇ ਵਿਚ ਵੈਰਾਗ ਕਰਕੇ,
ਕੂਕਾਂ ਮਾਰਦੇ ਮਸਤ ਮਸਤਾਨ ਹੋਏ।
ਕੂਕਾਂ ਮਾਰਨੇ ਤੇ ਹੀ ਹਰਨਾਮ ਸਿੰਘਾ!
ਕੂਕੇ ਨਾਮ ਮਸ਼ਹੂਰ ਜਹਾਨ ਹੋਏ।"

(....ਉਹੀ ਸਫ਼ਾ ੧੨)

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਚਾਰ ਦੇ ਸਦਕਾ ਸਿਖੀ ਬਾਗ ਮੁੜ ਹਰਾ ਭਰਾ ਹੋ ਗਿਆ। ਬਹੁਤ ਸਾਰੇ ਲੋਕਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਆਪ ਦੀ ਕ੍ਰਿਪਾ ਨਾਲ ਕਲਿਜੁਗ ਵਿਚ ਸਤਿਜੁਗ ਲੱਗ ਗਿਆ ਹੈ। ਭਾਵੇਂ ਉਹਨਾਂ ਦੇ ਉਪਕਾਰਾਂ ਦੀ ਲਿਸਟ ਤਾਂ ਬਹੁਤ ਲੰਮੀ ਹੈ, ਪਰ ਸਿੱਖਾਂ ਵਿਚ ਵੀ ਮਾਈਆਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਪੁਰਖ ਸਮਾਜ ਵਿਚ ਬਰਾਬਰੀ ਦਾ ਦਰਜਾ ਦੇਣਾ ਅਤੇ ਅਨੰਦ ਕਾਰਜ ਦੀ ਮਰਿਆਦਾ ਅਰੰਭ ਕੇ ਸਿੱਖਾਂ ਨੂੰ ਬ੍ਰਾਹਮਣੀ ਕਰਮ-ਕਾਂਡਾਂ ਦੀ ਜਿੱਲ੍ਹਣ ਵਿਚੋਂ ਕੱਢਣਾ ਕਿੱਸਾਕਾਰ ਨੂੰ ਦੋ ਵੱਡੇ ਪਰਿਵਰਤਨ ਨਜ਼ਰ ਆਉਂਦੇ ਹਨ, ਜੋ ਆਪਣੇ ਦੂਰਗਾਮੀ ਸਿੱਟਿਆਂ ਕਰਕੇ ਵਿਲੱਖਣ ਦਰਜਾ ਰੱਖਦੇ ਹਨ–

"ਕਿਸੇ ਗੁਰਾਂ ਨੇ ਨਾ ਇਹ ਰੀਤ ਤੋਰੀ,
ਤੋਰੀ ਬਾਰ੍ਹਵੇਂ ਗੁਰੂ ਅਵਤਾਰ ਦੇਖੋ।
ਅਸਾਂ ਪੜ੍ਹੇ ਇਤਿਹਾਸ ਸਭ ਖਾਲਸੇ ਦੇ,
ਸੁਣੇ ਕੁੱਲ ਕੌਮੀ ਸਮਾਚਾਰ ਦੇਖੋ।
ਅੰਮ੍ਰਿਤ ਮਾਈਆਂ ਨੂੰ ਦੂਆ ਅਨੰਦ ਕਾਰਜ,
ਤੋਰੇ ਗੁਰਾਂ ਨੇ ਨਵੇਂ ਵਿਹਾਰ ਦੇਖੋ।
ਤਰੱਕੀ ਪੰਥ ਨੇ ਕੀਤੀ ਹਰਨਾਮ ਸਿੰਘਾ!
ਗੁਰੂ ਬਾਰ੍ਹਵੇਂ ਨੇ ਮਿਹਰਧਾਰ ਦੇਖੋ।"

(....ਉਹੀ ਸਫ਼ਾ ੧੩)

ਸਤਿਗੁਰੂ ਜੀ ਦੇ ਆਉਣ ਤੋਂ ਪਹਿਲਾਂ ਸ੍ਰੀ ਦਸਮੇਸ਼ ਜੀ ਦੀ ਸਿੱਖੀ ਤਾਂ ਬਿਲਕੁਲ ਅਲੋਪ ਹੋ ਚੁੱਕੀ। ਸਿੱਖੀ ਤੋਂ ਦੂਰ ਜਾਣ ਕਾਰਨ ਹੀ ਸਿੱਖਾਂ ਦਾ ਰਾਜ-ਭਾਗ ਗੁਆਚਣ ਦਾ ਕਾਰਨ ਗਿਆਨੀ ਕਰਤਾਰ ਸਿੰਘ ਕਲਾਸਵਾਲੀਏ ਦੱਸਦੇ ਸਨ–

**"ਚੱਲਕੇ ਕੁਪੰਥ ਪੰਥ ਰਾਜ ਭਾਗ ਹਾਰਾ ਸੀ"**

ਸਤਿਗੁਰੂ ਜੀ ਨੇ ਜਿਸ ਤਰ੍ਹਾਂ ਸਿੱਖੀ ਨੂੰ ਪੁਨਰ ਸੁਰਜੀਤ ਕੀਤਾ ਉਹ ਕੋਈ ਛੋਟੀ ਗੱਲ ਨਹੀਂ ਸੀ। ਉਹਨਾਂ ਦੀ ਸਿੱਖਿਆ ਦੇ ਸਾਰ ਨੂੰ ਕਵੀਸ਼ਰ ਇਉਂ ਕਲਮਬੰਦ ਕਰਦਾ ਹੈ–

"ਬੁੱਤ ਪੀਰਖਾਨਾ ਭੈਰੋਂ ਅਤੇ ਗੁੱਗਾ,
ਕੋਈ ਪੂਜਣੀ ਮੜ੍ਹੀ ਮੁਨਾਰ ਨਾਹੀਂ।
ਭਵਾਂ ਮਿਲਣ ਹਕੂਮਤਾਂ ਬੜੇ ਅਹੁਦੇ,
ਕਰਨੀ ਨੌਕਰੀ ਵਿਚ ਸਰਕਾਰ ਨਾਹੀਂ।
ਲੀੜਾ ਨਾ ਬਦੇਸੀ ਕਦੇ ਭੁੱਲ ਪਾਉਣਾ,
ਰੰਗੀ ਬੰਨ੍ਹਣੀ ਕਦੇ ਦਸਤਾਰ ਨਾਹੀਂ।
ਕਾਮੀ ਬਹੁਤ ਲੋਭੀ ਬੰਦਾ ਕੌਮ ਘਾਤੀ,
ਬੇਈਮਾਨ ਬਨਾਵਣਾ ਯਾਰ ਨਾਹੀਂ।
ਨਹੀਂ ਮਾਸ ਸ਼ਰਾਬ ਨਜਾਇਜ਼ ਪੀਣੀ,
ਨੜੀ ਮਾਰ ਕਰਨਾ ਰਿਸ਼ਤੇਦਾਰ ਨਾਹੀਂ।
ਰਾਮ ਰਾਈਏ ਮਸੰਦੀਏ ਧੀਰ ਮੱਲੀਏ,
ਕਰਨਾ ਇਹਨਾਂ ਦੇ ਨਾਲ ਵਿਹਾਰ ਨਾਹੀਂ।
ਅਪਨੀ ਇਸਤਰੀ ਤੋਂ ਬਿਨਾਂ ਗੈਰ ਤਿਰਿਆ,
ਸੁਪਨੇ ਵਿਚ ਭੀ ਭੋਗਣੀ ਨਾਰ ਨਾਹੀਂ।
ਨਾਮਧਾਰੀਆ ਸਿੰਘ ਹਰਨਾਮ ਸਿੰਘਾ!
ਕਰੇ ਕੋਈ ਭੀ ਵਿਸ਼ਾ ਵਿਕਾਰ ਨਾਹੀਂ।"

(.....ਉਹੀ ਸਫ਼ਾ ੧੩)

ਬਦੇਸੀ ਕੱਪੜੇ ਦਾ ਬਾਈਕਾਟ, ਬਦੇਸੀ ਮਾਲ ਦਾ ਬਾਈਕਾਟ, ਅੰਗੇਜ਼ ਦੀ ਸਰਕਾਰੀ ਨੌਕਰੀ ਦਾ ਬਾਈਕਾਟ ਇਉਂ ਮਹਾਤਮਾ ਗਾਂਧੀ ਦੇ ਅਸਹਿਯੋਗ ਅੰਦੋਲਨ ਤੋਂ ਕੋਈ ੬੫ ਵਰ੍ਹੇ ਪਹਿਲਾਂ ਸਤਿਗੁਰੂ ਜੀ ਨੇ ਬਰਤਾਨਵੀ ਸਰਕਾਰ ਨਾਲ ਆਪਣਾ ਨਾ-ਮਿਲਵਰਤਨ ਅੰਦੋਲਨ ਅਰੰਭ ਦਿਤਾ ਸੀ। ਭਾਰਤ ਦੇ ਇਤਿਹਾਸ ਵਿਚ ਇਸੇ ਅੰਦੋਲਨ ਦੀ ਕਾਢ ਦੇ ਸਿਰ ਤੇ ਗਾਂਧੀ ਜੀ 'ਕੌਮ ਦੇ ਬਾਪੂ' ਦਾ ਸਨਮਾਨ ਹਾਸਲ ਕਰ ਬੈਠੇ ਹਨ, ਪ੍ਰੰਤੂ ਹੁਣ ਬਹੁਤ ਸਾਰੇ ਸਿਆਣਿਆਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ 'ਕੌਮ ਦੇ ਬਾਪੂ' ਦੇ ਇਸ ਸਨਮਾਨ 'ਤੇ ਗਾਂਧੀ ਜੀ ਤੋਂ ਪਹਿਲਾ ਹੱਕ ਸਤਿਗੁਰੂ ਰਾਮ ਸਿੰਘ ਜੀ ਦਾ


Sri Satguru Jagjit Singh Ji eLibrary NamdhariElibrary@gmail.com

ਬਣਦਾ ਹੈ।

ਇਸ ਸ਼ਾਂਤਮਈ ਅਹਿੰਸਕ ਅਸਹਿਯੋਗ ਅੰਦੋਲਨ ਨੂੰ ਅਰੰਭਣ ਲਈ ਆਪ ਨੇ ਆਪਣੇ ਸਿੰਘਾਂ ਨੂੰ ਤਲਵਾਰ ਦੀ ਜਗ੍ਹਾ ਮਾਲਾ ਗ੍ਰਹਿਣ ਕਰਵਾਈ। ਕਵੀ ਦੇ ਪੂਰਵਜ ਪਹਿਲੇ ਪੂਰ ਦੇ ਨਾਮਧਾਰੀਆਂ ਵਿਚ ਸ਼ੁਮਾਰ ਹੋ ਗਏ—

**"ਸੁੱਚ ਸੋਧ ਵਾਲੇ ਮੱਤ ਵੈਸ਼ਨੂੰ ਦੇ,**
**ਦਿਤੇ ਖਾਲਸੇ ਨਵੇਂ ਸਜਾਇ ਬਹੁਤੇ।**
**ਸਿੰਘ ਪਿੰਡਾਂ ਦੇ ਪਿੰਡ ਸਜਾਇ ਦਿਤੇ,**
**ਨਾਮ ਦਾਨ ਤੇ ਸ਼ਕਤ ਦਿਖਾਇ ਬਹੁਤੇ।**
**ਮੇਰੇ ਪਿਤਾ ਚਾਚੇ ਤਾਏ ਸਣੇ ਟੱਬਰ,**
**ਪਹਿਲੇ ਪੂਰ ਹੀ ਪਾਰ ਲੰਘਾਏ ਬਹੁਤੇ।**
**ਮਾਲਾ ਤੇਗ ਦੀ ਜਗ੍ਹਾ ਹਰਨਾਮ ਸਿੰਘਾ!**
**ਭੂਸ਼ਨ ਸਤਿਜੁਗੀ ਦੀਏ ਪਹਿਨਾਇ ਬਹੁਤੇ।"**

(....ਉਹੀ ਸਫ਼ਾ ੧੪)

੧੯੧੯ ਬਿਕ੍ਰਮੀ ਮੁਤਾਬਿਕ ੧੮੬੨ ਈਸਵੀ ਦੀ ਦੀਵਾਲੀ ਨੂੰ ਸਤਿਗੁਰੂ ਜੀ ਨੇ ੧੫-੨੦ ਹਜ਼ਾਰ ਦੇ ਕਰੀਬ ਸੰਗਤ ਨਾਲ ਸ੍ਰੀ ਅੰਮ੍ਰਿਤਸਰ ਦੇ ਗੁਰ-ਧਾਮਾਂ ਦੇ ਦਰਸ਼ਨ ਕੀਤੇ। ਇਥੇ ਕਾਬਜ ਪੁਜਾਰੀਆਂ ਮਹੰਤਾਂ ਨੇ (ਹਰਮੰਦਰ ਸਾਹਿਬ ਦੇ ਪੁਜਾਰੀ ਬਾਦ ਵਿਚ ਸਤਿਗੁਰੂ ਜੀ ਦਾ ਪ੍ਰਸ਼ਾਦ ਭੇਟਾ ਲੈਣਾ ਅਤੇ ਅਰਦਾਸ ਕਰਨੀ ਮੰਨ ਗਏ ਸਨ) ਕਾਫੀ ਤਕਰਾਰ ਕੀਤਾ ਕਿ ਕੂਕਿਆਂ ਦਾ ਤੁਸੀਂ ਸਿੱਖਾਂ ਤੋਂ ਵੱਖਰਾ ਪੰਥ ਤੋਰ ਲਿਆ ਹੈ। "ਵਖਰੇਵਾਂ ਕੀ ਹੈ ?" ਜਦੋਂ ਪੁੱਛਿਆ ਗਿਆ ਤਾਂ ਉਹਨਾਂ ਕਿਹਾ ਕਿ ਤੁਹਾਡੇ ਸਿੱਖ ਸ਼ਬਦ ਪੜ੍ਹਦੇ ਪੜ੍ਹਦੇ ਸਿਰ ਮਾਰਦੇ ਹਨ ਜਿਸ ਤੇ ਦਸਤਾਰ ਅਤੇ ਕੇਸਾਂ ਦਾ ਅਦਬ ਨਹੀਂ ਰਹਿੰਦਾ। ਸਤਿਗੁਰੂ ਜੀ ਨੇ ਜੁਆਬ ਦਿਤਾ ਕਿ ਇਹ ਸ਼ਬਦ ਦੀ ਮਸਤੀ ਹੈ। ਇਸ ਮਸਤੀ ਤੇ ਮੇਰਾ ਜਾਂ ਕਿਸੇ ਹੋਰ ਦਾ ਵੀ ਕੋਈ ਨਿਯੰਤਰਣ ਨਹੀਂ ਹੋ ਸਕਦਾ। ਗੁਰਬਾਣੀ ਸ਼ਬਦ ਦੀ ਮਸਤੀ ਦੀਆਂ ਅਨੇਕਾਂ ਮਿਸਾਲਾਂ ਨਾਲ ਓਤਪੋਤ ਹੈ। ਗੁਰੂ ਕੇ ਪਵਿੱਤਰ ਨਾਮ ਨੂੰ ਉਹ ਕਲਾਮ ਦੱਸਦੇ ਸਨ ਜਿਸਦੀ ਪੁਸ਼ਟੀ ਗਿਆਨੀ ਗਿਆਨ ਸਿੰਘ ਆਪਣੇ ਗ੍ਰੰਥ 'ਪੰਥ ਪ੍ਰਕਾਸ਼' ਵਿਚ ਕਰ ਚੁੱਕੇ ਹਨ—

**"ਕੋਊ ਜੋ ਕਹਿਤ ਥੇ ਕਲਾਮ ਦੀਨੀ ਸੱਯਦਾਨੀ,**
**ਸੋਈ ਸਭਿ ਕੂਰ ਹਮ ਪੇਖਯੋ ਅਜਮਾਇ ਕੈ।"**

ਭਾਈ ਹਰਨਾਮ ਸਿੰਘ ਜੀ ਲਿਖਦੇ ਹਨ ਕਿ ਮੰਦੇ ਕਰਮ ਕਰਨ ਅਤੇ ਅਭੱਖ ਖਾਣ ਪੀਣ ਵਾਲਿਆਂ ਨੂੰ ਤਾਂ ਸਤਿਗੁਰੂ ਜੀ ਦੀ ਸਿਖਿਆ ਜ਼ਹਿਰ ਵਰਗੀ ਲੱਗਦੀ ਸੀ, ਤਦੇ ਹੀ ਉਹਨਾਂ ਨਾਮਧਾਰੀਆਂ ਦੇ ਖਿਲਾਫ ਸਿੰਗ ਮਿੱਟੀ ਚੁੱਕੀ ਹੋਈ ਸੀ। ਕਵੀਸ਼ਰ ਦੇ ਸ਼ਬਦਾਂ ਵਿਚ ਪੁਜਾਰੀਆਂ ਦੀ ਖੋਟੀ ਨੀਤ ਨੂੰ ਭਾਂਪ ਕੇ, ਉਹਨਾਂ ਦੇ ਹੋਣ ਵਾਲੇ ਹਸ਼ਰ ਬਾਰੇ ਵੀ, ਸਤਿਗੁਰੂ ਜੀ ਨੇ ਇਹ ਬਚਨ ਕਹਿ ਕੇ ਗੁਰਦੁਆਰਾ ਸੁਧਾਰ ਲਹਿਰ ਦੇ ਬੀਜ, ਬੀਜ ਦਿੱਤੇ ਸਨ—

**"ਮੰਤਰ ਸਤਿਗੁਰਾਂ ਦਾ ਪੜ੍ਹਦੇ ਭਜਨ ਕਰਦੇ,**
**ਛੱਡਿਆ ਸਿੱਖਾਂ ਦਾ ਨਹੀਂ ਅਸੂਲ ਕੋਈ।**
**ਸੰਤ ਖਾਲਸਾ ਦੇਵਤੇ ਸਿੰਘ ਸਾਡੇ,**
**ਕਰਦਾ ਸਿੰਘ ਕੁਰਹਿਤ ਨਾ ਮੂਲ ਕੋਈ।**
**ਥੋਨੂੰ ਪੰਥ ਕੱਢੂ ਧੱਕੇ ਮਾਰ ਏਥੋਂ,**
**ਯਾਦ ਰੱਖਣਾ ਬਚਨ ਮਾਕੂਲ ਕੋਈ।**
**ਆਉਣ ਵਾਲਾ ਹੈ ਸਮਾਂ ਹਰਨਾਮ ਸਿੰਘਾ!**
**ਥੋਡੇ ਕੱਢਣੇ ਦਾ ਬਣੂ ਰੂਲ ਕੋਈ।"**

(....ਉਹੀ ਸਫ਼ਾ ੧੫)

੧੮੬੧ ਈ. ਵਿਚ ਹਰਦੁਆਰ ਦੀ ਅਰਧ ਕੁੰਭੀ ਤੇ ਜਾਣ ਸਮੇਂ ਦੇ ਨਾਮਧਾਰੀ ਇਤਿਹਾਸਕਾਰਾਂ ਜਾਂ ਸਾਖੀਕਾਰਾਂ ਦੀਆਂ ਰਵਾਇਤਾਂ ਮੁਤਾਬਿਕ ਜਿਹੜੇ ਪ੍ਰਸੰਗ ਵਾਪਰੇ ਉਹ ਵੀ ਕਿੱਸਾਕਾਰ ਨੇ ਦਰਜ ਕੀਤੇ ਹਨ। ਕਿਸੇ ਮਹਾਨ ਸਖਸ਼ੀਅਤ ਦੀ ਮਿਕਨਾਤੀਸੀ ਖਿੱਚ ਵਿਚ ਆਕੇ ਜਦੋਂ ਹਜ਼ਾਰਾਂ ਲੱਖਾਂ ਲੋਕ ਉਸਦੇ ਪ੍ਰਭਾ-ਮੰਡਲ ਵਿਚ ਸਮਾ ਜਾਂਦੇ ਹਨ ਤਾਂ ਇਸ ਤਰ੍ਹਾਂ ਦੇ ਬੇਅੰਤ ਕੌਤਕ ਅਤੇ ਸਾਖੀਆਂ ਉਹਨਾਂ ਨਾਲ ਜੁੜ ਜਾਂਦੀਆਂ ਹਨ। ਗੁਰਬਾਣੀ ਵਿਚ ਕਰਾਮਾਤਾਂ ਦਾ ਰੁਤਬਾ ਬਹੁਤ ਵੱਡਾ ਨਹੀਂ ਹੈ। ਬਚਿੱਤਰ ਨਾਟਕ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਫੁਰਮਾਉਂਦੇ ਹਨ—

**"ਨਾਟਕ ਚੇਟਕ ਕੀਏ ਕੁਕਾਜਾ॥**
**ਪ੍ਰਭ ਲੋਗਨ ਕਹ ਆਵਤ ਲਾਜਾ॥"**

ਦੁਰਾਹੇ ਦੇ ਪਾਸ ਬਿਸ਼ਨਪੁਰਾ ਪਿੰਡ ਵਿਚ ਸਤਿਗੁਰੂ ਜੀ ਦਾ ਦਰਬਾਰ ਲੱਗਾ ਹੋਇਆ ਸੀ। ਇੱਕ ਘੰਟੇ ਵਾਸਤੇ ਸੂਬਾ ਲੱਖਾ ਸਿੰਘ ਅਤੇ ਗ੍ਰੰਥ ਕਰਤਾ ਦੇ ਪਿਤਾ ਸੁੱਧ ਸਿੰਘ ਨੂੰ ਹੁਕਮ ਹੋਇਆ ਕਿ ਪਹਿਰੇ ਤੇ ਖਲੋ ਜਾਓ ਕਿਸੇ ਨੂੰ ਅੰਦਰ ਨਹੀਂ ਆਉਣ ਦੇਣਾ। ਕਈ ਵੱਡੇ ਵੱਡੇ ਰਾਈਸ, ਜਗੀਰਦਾਰ, ਰਜਵਾੜੇ ਵੀ ਮੇਲਾ ਵੇਖਣ ਆਏ ਸਨ ਉਹ ਅੰਦਰ ਜਾਣ ਲਈ ਜਿੱਦ ਕਰਨ ਲੱਗੇ ਕਿ ਇਹ ਕੋਈ ਰਾਜਾ ਹੈ ਜਿਹੜਾ ਇਸ ਤਰ੍ਹਾਂ ਪਹਿਰੇ ਲੁਆ ਕੇ ਬੈਠਦਾ ਹੈ। ਇਸ ਤੇ ਸੁੱਧ ਸਿੰਘ ਨੇ ਤਲਵਾਰ ਮਿਆਨ ਵਿਚੋਂ ਕੱਢ ਲਈ ਅਤੇ ਕਿਹਾ ਕਿ ਜਿਹੜਾ ਅੱਗੇ ਵਧਿਆ ਉਹਦਾ ਸਿਰ ਕੱਟ ਦਿਆਂਗਾ। ਰੌਲਾ



Sri Satguru Jagjit Singh Ji eLibrary NamdhariElibrary@gmail.com

ਰੌਲਾ ਸੁਣ ਕੇ ਸਤਿਗੁਰੂ ਜੀ ਵੀ ਬਾਹਰ ਆ ਗਏ ਅਤੇ ਆਪਣੀ ਸਰਦਾਰੀ ਦਾ ਰੋਹਬ ਵਖਾਉਣ ਵਾਲਿਆਂ ਨੂੰ ਇਉਂ ਸੰਬੋਧਿਤ ਹੋਏ—

"ਮੈਂ ਤਾਂ ਨਹੀਂ ਰਾਈਸ ਸਰਦਾਰ ਰਾਜਾ,
ਪਰ ਮੈਂ ਰਾਜਿਆਂ ਨੂੰ ਦਊਂ ਗਾਲ ਪਹਿਲਾਂ।
ਆਟਾ ਪੀਸ ਦੂੰ ਰਾਜੇ ਮਹਾਰਾਜਿਆਂ ਦਾ,
ਬਚਿਆਂ ਖੁਚਿਆਂ ਦੀ ਕਰਦੂੰ ਦਾਲ ਪਹਿਲਾਂ।
ਰਾਜ ਭਾਗ ਖੋ ਦੂੰ ਰਾਜੇ ਰਾਣਿਆਂ ਦਾ,
ਬਾਦਸ਼ਾਹਾਂ ਨੂੰ ਕਰੂੰ ਕੰਗਾਲ ਪਹਿਲਾਂ।
ਪਿੱਛੋਂ ਹੋਣਗੇ ਜੰਗ ਹਰਨਾਮ ਸਿੰਘਾ,
ਖੂਨ ਨਾਲ ਧਰਤੀ ਹੋ ਜੂ ਲਾਲ ਪਹਿਲਾਂ।"

ਸਾਡੇ ਕਿੱਸਾਕਾਰ ਦੇ ਅਚੇਤ ਮਨ ਵਿਚ "ਸੌ ਸਾਖੀ" ਦੇ ਉਹ ਵਾਕ ਗੂੰਜਦੇ ਪ੍ਰਤੀਤ ਹੁੰਦੇ ਹਨ—

"ਪ੍ਰਗਟ ਭਇਓ ਰਾਮ ਸਿੰਘ ਦੂਲੋ।
ਸਭ ਰਾਜਨ ਕੋ ਪੱਟ ਦੇ ਮੂਲੋ।"

ਨਾਮਧਾਰੀ ਲਹਿਰ ਜਿੱਥੇ ਤਖ਼ਤਾਂ ਤੇ ਕਾਬਜ ਮਲੇਛ ਸਿੱਖੀ ਦੇ ਪ੍ਰਚਾਰਕਾਂ, ਸਾਮਰਾਜੀ ਬਸਤੀਵਾਦੀਆਂ ਦੀ ਵਿਰੋਧੀ ਸੀ, ਉਥੇ ਉਹ ਸਮਤਾ ਮੂਲਕ ਸਮਾਜ ਦੀ ਸਥਾਪਨਾ ਲਈ ਜਗੀਰਦਾਰੀ ਨਿਜ਼ਾਮ ਦੀ ਵੀ ਵਿਰੋਧੀ ਸੀ। ੧੮੬੨ ਈ. ਦੀ ਮਾਘੀ ਦੇ ਮੇਲੇ ਤੇ ਮੁਕਤਸਰ ਦੇ ਪੁਜਾਰੀਆਂ ਵੀ ਸਤਿਗੁਰੂ ਜੀ ਦੀ ਭੇਟਾ ਪ੍ਰਵਾਨ ਨਾ ਕੀਤੀ। ਕਵੀ ਜੀ ਲਿਖਦੇ ਹਨ—

"ਗੁਰਾਂ ਆਪੇ ਹੀ ਸੋਧ ਅਰਦਾਸ ਲਈ,
ਦੇਗ ਵੰਡ ਦਿਤੀ ਇਕੋ ਸਾਰ ਭਾਈ।
ਲੋਕ ਦੇਖ ਜਲਦੇ ਰਹੇ ਸਤਿਗੁਰਾਂ ਨੂੰ,
ਪਾਪੀ ਸੱਕੇ ਨਾਂ ਤੇਜ ਸ਼ਹਾਰ ਭਾਈ।
ਨਾਮ ਦਾਨ ਭਗਤੀ ਬਖਸ਼ ਸਤਿਗੁਰਾਂ ਨੇ,
ਪਾਪੀ ਜੀਵਾਂ ਦਾ ਕੀਆ ਉਧਾਰ ਭਾਈ।
ਵੱਡੇ ਵੱਡੇ ਪਾਪੀ ਆਕੜ ਖਾਨ ਭਾਰੇ,
ਜਪਣ ਲਾ ਦੀਏ ਨਾਮ ਕਰਤਾਰ ਭਾਈ।
ਸਾਰਾ ਮਾਲਵਾ ਦੇਸ ਹਰਨਾਮ ਸਿੰਘਾ!
ਸੱਚੇ ਸਾਹਿਬਾਂ ਨੇ ਦਿਤਾ ਤਾਰ ਭਾਈ।"

(....ਉਹੀ ਸਫਾ ੨੦)

੧੮੬੩ ਈ. ਤੋਂ ੧੮੬੭ ਈ. ਤੱਕ ੪ ਵਰ੍ਹੇ ਬਰਤਾਨਵੀ ਸਰਕਾਰ ਨੇ ਗੁਰੂ ਰਾਮ ਸਿੰਘ ਜੀ ਦੀਆਂ ਵਧ ਰਹੀਆਂ ਸਰਗਰਮੀਆਂ ਅਤੇ ਲੋਕਾਂ ਵਿਚੋਂ ਬਣਨ ਵਾਲੇ ਨਵੇਂ ਕੂਕਿਆਂ ਦੀ ਗਿਣਤੀ ਤੋਂ ਭੈ-ਭੀਤ ਹੋ ਕੇ ਉਹਨਾਂ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੀ ਨਜ਼ਰਬੰਦ ਕਰ ਦਿੱਤਾ। ਉਹ ਕਿਤੇ ਵੀ ਸਰਕਾਰੀ ਆਗਿਆ ਤੋਂ ਬਿਨਾਂ ਜਾ ਨਹੀਂ ਸਨ ਸਕਦੇ। ਇਹ ਸਮਾਂ ਉਹਨਾਂ ਨੇ ਆਪਣੇ ਮਿਸ਼ਨ, ਜਥੇਬੰਦੀ ਬਾਰੇ ਚਿੰਤਨ ਮਨਨ ਕਰਨ ਅਤੇ ਛੋਟੀਆਂ ਮੋਟੀਆਂ ਪ੍ਰਬੰਧਕੀ ਕਮਜ਼ੋਰੀਆਂ ਨੂੰ ਦੂਰ ਕਰਨ ਲਈ ਵਰਤਿਆ। ਸੂਬੇ, ਨਾਇਬ ਸੂਬੇ, ਜਥੇਦਾਰ, ਮਹੰਤ, ਸੰਤ, ਹੇਠਲੇ ਨਗਰਾਂ ਦੀਆਂ ਸੰਗਤਾਂ ਇਹ ਨਾਮਧਾਰੀ ਪੰਥ ਦਾ ਜਥੇਬੰਦਕ ਢਾਂਚਾ ਸੀ ਜਿਸ ਵਿਚ ਸਿਰਮੌਰ ਸਥਾਨ ਸਤਿਗੁਰੂ ਜੀ ਦਾ ਸੀ। ਬਹੁਤ ਸਾਰੇ ਪੁਰਾਣੇ ਲਾਹੌਰ ਦਰਬਾਰ ਦੇ ਸੈਨਿਕ ਅਤੇ ਉਦਾਸੀ, ਨਿਰਮਲੇ, ਬੈਰਾਗੀ ਆਦਿ ਮੱਤਾਂ ਦੇ ਪ੍ਰਸਿੱਧ ਸੰਤ ਸਤਿਗੁਰੂ ਜੀ ਦੀ ਸੰਗਤ ਵਿਚ ਸ਼ਾਮਲ ਹੋ ਕੇ, ਨਾਮਧਾਰੀ ਪੰਥ ਦੇ ਪ੍ਰਸਾਰ ਦੇ ਸਾਧਨ ਬਣੇ। ਪਾਬੰਦੀ ਦੇ ਵਰ੍ਹੇ ਚੁੱਪ ਚਾਪ ਕੱਟਣ ਤੋਂ ਬਾਅਦ ੧੮੬੭ ਈ. ਦੀ ਮਾਘੀ ਦੇ ਮੇਲੇ ਤੇ ਮੁਕਤਸਰ ਜਾਣ ਦੀ ਮਨਜ਼ੂਰੀ ਸਰਕਾਰ ਦੇ ਨਾ ਦੇਣ ਤੇ ਉਹ ਬਿਨਾਂ ਮਨਜ਼ੂਰੀ ਤੋਂ ਹੀ ਪੁੱਜ ਗਏ। ਇਉਂ ਹੀ ਨਜ਼ਰਬੰਦੀ ਦੇ ਇਸ ਹੁਕਮ ਦੀਆਂ ਧੱਜੀਆਂ ਉਡਾਉਣ ਲਈ ਉਹ ੧੮੬੭ ਈ. ਦੇ ਹੋਲੇ ਮਹੱਲੇ ਦੇ ਸਮੇਂ ਅਨੰਦਪੁਰ ਸਾਹਿਬ ਪੁੱਜ ਗਏ। ਪੁਜਾਰੀ ਕੁਝ ਤਾਂ ਵੈਸੇ ਹੀ ਨਾਮਧਾਰੀ ਸਿੰਘਾਂ ਦੇ ਵਿਰੁੱਧ ਸਨ ਇਹ ਵੀ ਹੋ ਸਕਦਾ ਹੈ ਕਿ ਸਰਕਾਰ ਦੀ ਮਿਲੀ-ਭੁਗਤ ਨਾਲ ਵੀ ਉਨ੍ਹਾਂ ਤੋਂ ਇਹ ਦਰਖਾਸਤ ਸਰਕਾਰ ਨੇ ਆਪੇ ਦੁਆ ਲਈ ਹੋਵੇ ਕਿ ਕੂਕੇ ਤਖਤ ਕੇਸਗੜ੍ਹ ਤੇ ਕਬਜ਼ਾ ਕਰਨ ਆ ਰਹੇ ਹਨ। ਗ੍ਰੰਥ ਕਰਤਾ ਇਸ ਅਪੂਰਵ ਦ੍ਰਿਸ਼ ਦਾ ਇਉਂ ਚਿਤਰਣ ਕਰਦਾ ਹੈ—

"ਮੁੜਕੇ ਕਿਲ੍ਹਾ ਅਨੰਦਪੁਰ ਦੇਖਣੇ ਨੂੰ,
ਗੁਰੂ ਬਾਰ੍ਹਵੇਂ ਜਾਮੇ ਨੂੰ ਧਾਰ ਚੱਲੇ।
ਸਜ ਧਜ ਕੇ ਸੰਗਤਾਂ ਨਾਲ ਸਤਿਗੁਰ,
ਉੱਤੇ ਘੋੜਿਆਂ ਹੋਇ ਅਸਵਾਰ ਚੱਲੇ।
ਭੀੜ ਭਾੜ ਭਾਰੀ ਸੰਗਤ ਪੈਦਲਾਂ ਦੀ,
ਘੋੜ ਚੜ੍ਹੇ ਭੀ ਕਈ ਹਜ਼ਾਰ ਚੱਲੇ।
ਸੋਢੀ ਸਾਹਿਬ ਮਹੰਤ ਅਨੰਦਪੁਰ ਦੇ,
ਡਿਪਟੀ ਸਾਹਿਬ ਨੂੰ ਦੇਵਣੇ ਤਾਰ ਚੱਲੇ।
ਕੂਕੇ ਚਲੇ ਆਉਂਦੇ ਕਿਲ੍ਹਾ ਲੁੱਟਣੇ ਨੂੰ,
ਬਾਗੀ ਲੋਕ ਚਲਾਉਣ ਹਥਿਆਰ ਚੱਲੇ।
ਡਿਪਟੀ ਸਾਹਿਬ ਅੰਬਾਲੇ ਤੋਂ ਫੌਜ ਲੈਕੇ,
ਬੰਦੋਬਸਤ ਦੇ ਲੀਏ ਸਰਕਾਰ ਚੱਲੇ।
ਲੈ ਕੇ ਫੌਜਾਂ ਦੇ ਜਥੇ ਅਨੰਦਪੁਰ ਨੂੰ,
ਪੁਲਸ ਫੌਜ ਦੇ ਸਿਪਾਹ ਸਲਾਰ ਚੱਲੇ।
ਪਹੁੰਚੇ ਮੇਲੇ ਤੇ ਗੁਰੂ ਹਰਨਾਮ ਸਿੰਘਾ,
ਰੋਪੜ ਪਿੰਡਾਂ ਨੂੰ ਬਖਸ਼ ਦੀਦਾਰ ਚੱਲੇ।

(ਉਹੀ ਸਫਾ ੨੦-੨੧)



Sri Satguru Jagjit Singh Ji eLibrary NamdhariElibrary@gmail.com

ਅੰਗਰੇਜ਼ ਅਫ਼ਸਰ ਡਿਪਟੀ ਇਨਸਪੈਕਟਰ ਜਨਰਲ ਪੁਲੀਸ ਮਿਸਟਰ ਮੈਕ ਐਂਡਰੀਓ, ਹੁਸ਼ਿਆਰਪੁਰ ਦਾ ਡਿਪਟੀ ਕਮਿਸ਼ਨਰ ਮਿਸਟਰ ਪਰਕਿਨਜ਼ ਅਤੇ ਜਲੰਧਰ ਦਾ ਕਮਿਸ਼ਨਰ ਫੋਰਸਾਇਥ ਤ੍ਰੈਵੇ ਇਸ ਮੇਲੇ ਤੇ ਨਾਮਧਾਰੀਆਂ ਦੀ ਕਿਸੇ ਸੰਭਾਵੀ ਕਾਰਵਾਈ ਤੇ ਨਿਗਰਾਨੀ ਕਰ ਰਹੇ ਸਨ। ਇਹਨਾਂ ਅਧਿਕਾਰੀਆਂ ਨਾਲ ਸਤਿਗੁਰੂ ਜੀ ਦੀ ਗੱਲਬਾਤ ਨੂੰ ਵੀ ਭਾਈ ਹਰਨਾਮ ਸਿੰਘ ਨੇ ਡੂੰਘੇ ਦਾਰਸ਼ਨਿਕ ਰੰਗ ਵਿਚ ਰੰਗ ਕੇ ਪੇਸ਼ ਕੀਤਾ ਹੈ—

"ਅਫ਼ਸਰ ਲੋਕ ਸਤਿਗੁਰਾਂ ਨੂੰ ਕਹਿਣ ਲੱਗੇ,
ਬਾਬਾ ਸਾਹਿਬ ਜੀ ਕਹਾਂ ਸਮਾਨ ਥੋੜਾ।
..................................
ਕਬਜ਼ਾ ਤੁਸੀਂ ਕਰਨਾ ਚਾਹੁੰਦੇ ਕਿਲੇ ਉੱਤੇ,
ਲੈਣਾ ਚਾਹੁੰਦੇ ਅਸੀਂ ਬਿਆਨ ਥੋੜਾ।
ਗੁਰਾਂ ਹੱਸ ਕੇ ਮੁੱਖ ਤੋਂ ਬਚਨ ਕੀਤਾ,
ਗਲਤ ਕੁੱਲ ਦਾ ਕੁੱਲ ਫਰਮਾਨ ਥੋੜਾ।
ਦਿੱਤੀ ਗ਼ਲਤ ਰਪੋਟ ਪੁਜਾਰੀਆਂ ਨੇ,
ਐਵੇਂ ਮੁਫ਼ਤ ਮੇਂ ਕੀਆ ਨੁਕਸਾਨ ਥੋੜਾ।
ਸੰਤ ਖਾਲਸਾ ਦੇਵਤੇ ਰੂਪ ਸਾਰੇ,
ਮੱਤ ਵੈਸ਼ਨੋ ਦਾ ਬ੍ਰਹਮ ਗਿਆਨ ਸਾਡਾ।
ਸ਼ਸਤਰ ਇਕ ਨਾ ਹੈ ਕੋਲ ਕਿਸੇ ਦੇ ਭੀ,
ਦੇਖ ਲਵੋ 'ਕੱਲਾ 'ਕੱਲਾ ਜੁਆਨ ਸਾਡਾ।
ਕੀੜੀ ਮਾਰਨਾ ਤੱਕ ਹੈ ਪਾਪ ਸਾਨੂੰ,
ਸੰਤ ਖਾਲਸਾ ਹੈ ਦਇਆਵਾਨ ਸਾਡਾ।
ਸਾਡੀ ਨਹੀਂ ਤਾਲੀਮ ਤਸ਼ੱਦਦਾਂ ਦੀ,
ਸ਼ਾਂਤਮਈ ਦਾ ਹਈ ਐਲਾਨ ਸਾਡਾ।
ਕਬਜ਼ੇ ਕਰਨੇ ਕੀ ਦਿੱਤੇ ਨੇ ਛੱਡ ਕਬਜ਼ੇ,
ਦੁਨੀਆਂ ਆਵਨਾਂ ਵਾਂਗ ਮਹਿਮਾਨ ਸਾਡਾ।
..................................
ਮਾਲਾ ਤੋਪ ਹੈ ਸਾਡੀ ਹਰਨਾਮ ਸਿੰਘਾ,
ਜਿਸਦਾ ਉੱਕਦਾ ਨਹੀਂ ਨਿਸ਼ਾਨ ਸਾਡਾ।"

(ਉਹੀ ਸਫਾ ੨੧)

ਇਸ ਹੋਲੇ ਦੀ ਸਮਾਪਤੀ ਬਾਦ ਸਤਿਗੁਰੂ ਜੀ ਅਤੇ ਸੰਗਤ ਵਾਪਸ ਸ੍ਰੀ ਭੈਣੀ ਸਾਹਿਬ ਨੂੰ ਚਾਲੇ ਮਾਰ ਗਏ ਸਨ। ਪਿੱਛੇ ਗ੍ਰੰਥ ਕਰਤਾ ਦਾ ਪਿਤਾ ਸੁੱਧ ਸਿੰਘ ਆਦਿਕ ਦੋ ਕੁ ਸਿੰਘ ਸਮਾਨ ਇਕੱਠਾ ਕਰਨ ਲਈ ਰਹਿ ਗਏ। ਉਹਨਾਂ ਨਾਲ ਪੰਥਕ ਮੱਤਭੇਦਾਂ ਕਾਰਨ ਮਹੰਤਾਂ ਤੇ ਪੁਜਾਰੀਆਂ ਨੇ ਕੁਝ ਤਕਰਾਰ ਕਰ ਲਿਆ। ਭਾਈ ਸੁੱਧ ਸਿੰਘ ਡਾਂਗ ਬਹਾਦੁਰ ਸੀ। ਆਪਣੇ ਪਿਤਾ ਦੀ ਬੀਰਤਾ ਦਾ ਵਰਣਨ ਕਿੱਸਾਕਾਰ ਇਉਂ ਕਰਦਾ ਹੈ—

"ਨਿੰਦਿਆ ਗੁਰਾਂ ਦੀ ਪਿਤਾ ਨਾ ਝੱਲਦੇ ਥੇ,
ਮਰਨ ਮਾਰਨੇ ਨੂੰ ਹੋਏ ਤਿਆਰ ਪਿੱਛੋਂ।
ਡਾਂਗਾਂ ਸੋਟੇ ਬਰਸਾਏ ਪੁਜਾਰੀਆਂ ਨੇ,
ਰਿਹਾ ਰੋਕਦਾ ਸੁੱਧ ਸਿੰਘ ਵਾਰ ਪਿੱਛੋਂ।
ਸੁੱਧ ਸਿੰਘ ਗੱਤਕੇਬਾਜ ਭਾਰਾ,
ਕੁੱਦਦਾ ਮਿਰਗ ਵਾਂਗੂ ਲਾਠੀ ਮਾਰ ਪਿਛੋਂ।
ਜਦੋਂ ਲੜ੍ਹ ਰਿਹਾ ਸੀ 'ਕੱਲਾ ਬਲੀ ਜੋਧਾ,
ਕਾਹਨ ਸਿੰਘ ਆ ਗਿਆ ਸਰਦਾਰ ਪਿਛੋਂ।
ਪਿੱਠਾਂ ਜੋੜ ਲਈਆਂ ਦੋਨੋਂ ਜੋਧਿਆਂ ਨੇ,
ਬਿਜਲੀ ਵਾਂਗ ਘੁੰਮਦੇ ਲਗਾਤਾਰ ਪਿਛੋਂ।
ਹੱਡ ਭੰਨ ਦਿੱਤੇ ਮਾਰ ਮਾਰ ਡਾਂਗਾਂ,
ਹੋਇਆ ਬਹੁਤ ਭਾਰੀ ਘੱਲੂਘਾਰ ਪਿਛੋਂ।
ਫੱਟੜ ਤੀਹ ਕੁ ਪੁਜਾਰੀ ਮਹੰਤ ਹੋ ਗਏ,
ਭੱਜ ਗਈ ਸੀ ਗਾੜ੍ਹਮੀਂ ਧਾੜ ਪਿਛੋਂ।
ਕੁਝ ਨਾ ਹਾਕਮਾਂ ਕਿਹਾ ਹਰਨਾਮ ਸਿੰਘਾ!
ਕੀਤਾ ਬੜਾ ਇਨਸਾਫ ਸਰਕਾਰ ਪਿਛੋਂ।

ਰਵਾਇਤ ਹੈ ਕਿ ਸ੍ਰੀ ਦਸਮੇਸ਼ ਜੀ ਦੀ ਸਿੱਖੀ ਦੀ ਸੁਰੱਖਿਅਤ ਰਹਿਤ ਮਰਿਆਦਾ ਸਿਰਫ ਹਜ਼ੂਰ ਸਾਹਿਬ ਵਿਚ ਰਹਿ ਜਾਣ ਸਦਕਾ, ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਰਾਇ ਸਿੰਘ ਜੀ ਨੂੰ ਉੱਥੇ ਭੇਜਿਆ ਸੀ। ਉਸ ਦੇ ਮਾਰਗ ਵਿਚ ਆਉਣ ਵਾਲੀਆਂ ਤਕਲੀਫਾਂ ਦਾ, ਸਤਿਗੁਰੂ ਜੀ ਦਾ ਗੁਰੂ ਬਾਲਕ ਸਿੰਘ ਜੀ ਦੇ ਦਰਸ਼ਨਾਂ ਲਈ ਆਖਰੀ ਵੇਰ ੧੯੬੨ ਈ. ਵਿਚ ਹਜਰੋਂ ਸਾਹਿਬ ਜਾਣ ਸਮੇਂ ਝਨਾ ਦਰਿਆ ਪਾਰ ਕਰਨ ਦਾ, ਮਾਨਾਂ ਵਾਲੇ ਹੋਲੇ ਦੇ ਪਰਸੰਗ, ਅੰਮ੍ਰਿਤਸਰ ਬੁੱਚੜ ਬੱਧ ਦਾ ਪ੍ਰਸੰਗ, ਰਾਇਕੋਟ ਅਤੇ ਮਲੇਰ ਕੋਟਲਾ ਬੁੱਚੜ ਬੱਧ ਦੇ ਪ੍ਰਸੰਗ ਵੀ ਕਾਵਿਬੱਧ ਕੀਤੇ ਹਨ ਅਤੇ ਸਤਿਗੁਰੂ ਰਾਮ ਸਿੰਘ ਜੀ ਦਾ ਪਰਦੇਸ ਗਵਨ, ੧੯੫੬ ਬਿਕਰਮੀ ਸਮੇਂ ਗੁਰੂ ਹਰੀ ਸਿੰਘ ਅਤੇ ਮਾਤਾ ਜੀਵਣ ਕੌਰ ਜੀ ਦੁਆਰਾ ਬਾਗੜ ਤੱਕ ਦੇ ਕਾਲ ਪੀੜਤਾਂ ਦੀ ਬਾਂਹ ਫੜਨੀ, ਗੁਰੂ ਹਰੀ ਸਿੰਘ ਜੀ ਦਾ ਅੰਤਿਮ ਸਮਾਂ, ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਗੱਦੀ-ਨਸ਼ੀਨ ਦਾ ਮੇਲਾ ਅਤੇ ਉਹਨਾਂ ਦੀ ਚੜ੍ਹਦੀ ਕਲਾ ਦੇ ਹੋਰ ਵਰਣਨ ਇਸ ਗ੍ਰੰਥ ਦੇ ਵਿਸ਼ੇ ਵਸਤੂ ਵਿਚ ਸਮਾਏ ਲੱਭਦੇ ਹਨ। ਕਵੀ ਜੀ ਦੀ ਉਮਰ ਦੇ ਬਾਰੇ ਮੇਰਾ ਅਨੁਮਾਨ ਹੈ ਕਿ



Sri Satguru Jagjit Singh Ji eLibrary NamdhariElibrary@gmail.com

ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮਕਾਲੀ ਸਨ ਦੋ ਚਾਰ ਸਾਲ ਵੱਡੇ ਜਾਂ ਛੋਟੇ ਹੋ ਸਕਦੇ ਹਨ। ਉਂਝ ਇਸ ਸੰਬੰਧ ਵਿਚ ਖੋਜ ਕਰਕੇ ਹਾਲੇ ਸਹੀ ਤਾਰੀਖਾਂ ਪਰਿਵਾਰਿਕ ਸੂਤਰਾਂ ਤੋਂ ਲੱਭੀਆਂ ਜਾ ਸਕਦੀਆਂ ਹਨ। ਹਰਨਾਮ ਸਿੰਘ ਬਗਲੀ ਵਾਲਾ ਸਿਰਫ ਨਾਮਧਾਰੀ ਸਾਹਿਤ ਦਾ ਹੀ ਨਹੀਂ ਸਗੋਂ ਸਮੁੱਚੇ ਪੰਜਾਬੀ ਸਾਹਿਤ ਦਾ ਇਕ ਸਿਰਕੱਢ ਕਿੱਸਾਕਾਰ ਹੈ। ਲੋੜ ਉਸਦੀ ਰਚਨਾ ਦੀਆਂ ਗਹਿਰਾਈਆਂ ਵਿਚ ਡੂੰਘਾ ਉਤਰਨ ਦੀ ਹੈ। ਪੰਜਾਬ ਦੇ ਇਤਿਹਾਸ ਅਤੇ ਇਸ ਵਿਚ ਬਣਦੇ ਨਾਮਧਾਰੀ ਸਿੰਘਾਂ ਦੇ ਯੋਗਦਾਨ ਦੀ ਇਹ ਕਿੱਸਾ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ। ਪੰਜਾਬੀਆਂ ਦੇ ਖਾੜਕੂ ਸੁਭਾਉ, ਦੀਨ ਦੁਖੀ ਗਊ ਗਰੀਬ ਲਈ ਆਪਾ ਵਾਰਨ ਦੀ ਦਲੇਰੀ, ਜੂਝਣ ਕੇ ਚਾਓ ਨੂੰ ਜਾਨਣ ਲਈ ਨਾਮਧਾਰੀ ਸ਼ਹੀਦਾਂ ਦੇ ਪ੍ਰਸੰਗ ਬਹੁਤ ਦਿਲਚਸਪ ਹਨ। ਇਹ ਪ੍ਰਸੰਗ ਉਸ ਨਾਬਰੀ ਵਾਲੇ ਸੁਭਾਉ ਨੂੰ ਮੂਰਤੀਮਾਨ ਕਰਦੇ ਹਨ, ਜਿਹਨਾਂ ਬਾਰੇ ਵਿਦਵਾਨ ਦਿਵੰਗਤ ਅਲੋਚਕ ਦੀ ਟਿੱਪਣੀ ਮੁੱਢ ਵਿਚ ਦੇ ਕੇ ਕਿੱਸਾ ਸਾਹਿਤ ਦੀ ਸੀਮਾ ਨਿਰੂਪਣ ਦਾ ਛੋਟਾ ਜਿਹਾ ਯਤਨ ਕੀਤਾ ਗਿਆ ਸੀ। ਇਹ ਉਸ ਗੰਗ ਕਵੀ ਦੀ ਪ੍ਰੰਪਰਾ ਹੈ, ਜਿਹਨੇ ..ਤ ਕਬੂਲਣ ਲੱਗਿਆਂ ਵੀ ਅੱਖ ਨਹੀਂ ਸੀ ਨਿਵਾਈ, ਸਗੋਂ ਵੈਰੀ ਦੀ ਅੱਖ ਵਿਚ ਅੱਖ ਪਾ ਕੇ ਕਿਹਾ ਸੀ—

**"ਕਬਹੂੰ ਨਾ ਭੰਡਵਾ ਰਨ ਚੜ੍ਹੈ, ਕਬਹੂੰ ਨਾ ਬਾਜੈ ਬੰਬ।**
**ਸਕਲ ਸਭਾ ਪ੍ਰਨਾਮ ਕਰ, ਵਿਦਾ ਹੋਤ ਕਵਿ ਗੰਗ।"**

ਭਾਰਤੀ ਸਮਾਜ ਵਿਚ ਗੌਤਮ ਬੁੱਧ ਤੋਂ ਪਹਿਲਾਂ ਖੇਤੀਬਾੜੀ ਨਹੀਂ ਸੀ ਹੁੰਦੀ। ਕਿਉਂ ਜੁ ਲੋਹੇ ਦੀ ਖੋਜ ਅਜੇ ਨਹੀਂ ਸੀ ਹੋਈ, ਜਿਸ ਕਾਰਨ ਹਲ ਚਲਾਉਣਾ ਸੰਭਵ ਨਹੀਂ ਸੀ। ਪਹਿਲਾਂ ਪਸ਼ੂ ਪਾਲਕਾਂ ਦਾ ਵਾਰਾ ਪਹਿਰਾ ਸੀ ਪਸ਼ੂਆਂ ਦਾ ਬੱਧ ਵੀ ਵੱਡੀ ਪੱਧਰ ਤੇ ਹੁੰਦਾ ਸੀ। ਹੁਣ ਖੇਤੀ ਤਾਂ ਹੀ ਪਰਫੁੱਲਤ ਹੋ ਸਕਦੀ ਸੀ ਜੇ ਗਊਆਂ ਅਤੇ ਉਹਨਾਂ ਦੇ ਵੱਛੇ ਬਚਾਏ ਜਾਣ। ਗੌਤਮ ਬੁੱਧ ਦੇ ਅਹਿੰਸਾ ਦੇ ਸਿਧਾਂਤ ਦੀ ਇਹੋ ਸਮਾਜਿਕ ਆਰਥਿਕ ਵਿਆਖਿਆ ਹੈ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਜੇ ਕਦੇ ਅੰਗਰੇਜ਼ ਜਾਂ ਹੋਰ ਯੂਰਪੀਨ ਕੌਮਾਂ ਨੂੰ ਇਧਰੋਂ ਲੰਘਣਾ ਪੈਂਦਾ ਤਾਂ ਇਹ ਸ਼ਰਤ ਸੀ ਕਿ ਉਹ ਪੰਜਾਬ ਵਿਚ ਗਊ ਬੱਧ ਨਹੀਂ ਕਰਨਗੇ। ਵੈਸੇ ਵੀ ਮਿਸਲਾਂ ਦੇ ਤਪ ਤੇਜ ਅਤੇ ਫਿਰ ਰਣਜੀਤ ਸਿੰਘ ਦੇ ਰਾਜ ਵਿਚ ਤਕਰੀਬਨ ਪੌਣੀ ਸਦੀ ਤੋਂ ਪੰਜਾਬ ਦੇ ਮੁਸਲਮਾਨ ਵੀ ਗਊ ਮਾਸ ਤੋਂ ਰਹਿਤ ਭੋਜਨ ਦੇ ਆਦੀ ਹੋ ਚੁੱਕੇ ਸਨ। ੧੮੪੯ ਈ. ਵਿਚ ਫਰੰਗੀਆਂ ਨੇ ਪੰਜਾਬ ਵਿਚ ਆਪਣੀ ਸੱਤਾ ਕਾਇਮ ਕਰਨ ਤੋਂ ਬਾਦ ਹੀ ਹੌਲੇ ਹੌਲੇ ਅੰਮ੍ਰਿਤਸਰ ਤੇ ਹੋਰ ਵੱਡੇ ਸ਼ਹਿਰਾਂ ਕਸਬਿਆਂ ਵਿਚ ਲੋਕਾਂ ਦੇ ਆਪਣੇ ਅਧਿਕਾਰਾਂ ਦੀ ਰਾਖੀ ਦਾ ਨਾਂ ਦੇ ਕੇ ਗਊਬੱਧ ਲਈ ਬੁੱਚੜਖਾਨੇ ਖੋਹਲਣੇ ਸ਼ੁਰੂ ਕੀਤੇ। ਜੇ ਇਕ ਧਿਰ ਦੇ ਅਧਿਕਾਰ ਗਊ ਮਾਸ ਖਾਣ ਨਾਲ ਸੁਰੱਖਿਅਤ ਹੁੰਦੇ ਸਨ ਤਾਂ ਦੂਜੀਆਂ ਧਿਰਾਂ ਜੋ ਇਸ ਤੋਂ ਪੀੜਿਤ ਹੁੰਦੀਆਂ ਸਨ ਉਹਨਾਂ ਦੇ ਹਕੂਕਾਂ ਦੀ ਉਲੰਘਣਾ ਵੀ ਤਾਂ ਹੁੰਦੀ ਸੀ। ਪਰ ਅੰਗਰੇਜ਼ ਹਾਕਮਾਂ ਦੀ ਬਸਤੀਵਾਦੀ ਨੀਤੀ ਸ਼ੁਰੂ ਤੋਂ ਹੀ ਕੂਟਨੀਤਕ ਚਾਲਾਂ ਚੱਲਣ ਵਿਚ ਮਾਹਰ ਸੀ। ਉਹ ਇਸ ਤਰ੍ਹਾਂ ਦੇ ਅੰਤਰ ਵਿਰੋਧ ਲੱਭਦੇ ਰਹਿੰਦੇ ਸਨ ਜਿਹਨਾਂ ਕਰਕੇ ਭਾਰਤੀ ਜਾਂ ਪੰਜਾਬੀ ਭਾਈਚਾਰੇ ਵਿਚ ਫੁੱਟ ਦੇ ਬੀਜ ਬੀਜੇ ਜਾਣ। ਇਸ ਕੰਮ ਲਈ ਗਊਬੱਧ ਸ਼ੁਰੂ ਕਰਵਾਉਣਾ ਉਹਨਾਂ ਨੇ ਇਕ ਕਾਰਗਰ ਹਥਿਆਰ ਦੇ ਤੌਰ ਤੇ ਵਰਤਿਆ। ਵੈਸੇ ਤਾਂ ੧੮੫੭ ਈ. ਵਾਲੇ ਪਹਿਲੇ ਸੁਤੰਤਰਤਾ ਸੰਗਰਾਮ, ਜਿਸਨੂੰ ਅੰਗਰੇਜ਼ਾਂ ਨੇ ਗ਼ਦਰ ਕਹਿ ਕੇ ਛੁਟਿਆਉਣ ਦੀ ਕੋਸ਼ਿਸ਼ ਕੀਤੀ ਸੀ, ਗਾਂ ਜੁ ਸੂਰ ਦੀ ਚਰਬੀ ਵਾਲੇ ਕਾਰਤੂਸਾਂ ਨੂੰ ਸਿਪਾਹੀਆਂ ਦੁਆਰਾ ਮੂੰਹ ਨਾਲ ਖੋਲ੍ਹਿਆ ਜਾਣਾ ਵੀ ਉਹਦਾ ਇਕ ਕਾਰਨ ਬਣਿਆ ਸੀ। ਹੁਣ ਪੰਜਾਬ ਵਿਚ ਗਊਘਾਤ ਸ਼ੁਰੂ ਕਰਵਾਕੇ, ਰਾਜਭਾਗ ਖੁਹਾਉਣ ਵਾਲੇ ਪੰਜਾਬੀਆਂ ਤੇ ਵਿਸ਼ੇਸ਼ ਕਰਕੇ ਸਿੱਖਾਂ ਨੂੰ ਉਹ ਇਹ ਸੰਦੇਸ਼ ਦੇਣਾ ਚਾਹੁੰਦੇ ਸਨ ਕਿ ਹੁਣ ਰਾਜ ਤੁਹਾਡਾ ਨਹੀਂ ਸਾਡਾ ਹੈ, ਸੱਤਾਂ ਸਾਗਰਾਂ ਤੋਂ ਪਾਰੋਂ ਆਉਣ ਵਾਲਿਆਂ ਦਾ। ਇਹੋ ਜਿਹੇ ਮੌਕੇ ਪੰਜਾਬੀ ਸੂਰਿਆਂ ਦੀ ਅਣਖ ਭਲਾ ਕਿਵੇਂ ਉਬਾਲੇ ਨਾ ਖਾਂਦੀ। ਸੂਰਮੇ ਵੀ ਉਹ ਜਿਹਨਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਗੁੜ੍ਹਤੀ ਹੀ ਇਹ ਦਿੱਤੀ ਸੀ—

**"ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ।**
**ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ।"**

ਇਸ ਚੈਲੰਜ ਨੂੰ ਨਾਮਧਾਰੀ ਸੰਤ ਖਾਲਸਾ ਕਿਵੇਂ ਸਵੀਕਾਰਦਾ ਹੈ ਕਵੀ ਜੀ ਦੇ ਸ਼ਬਦਾਂ ਵਿਚ—

**"ਸਮੇਂ ਰਾਤ ਦੇ ਸਿੰਘ ਇਹ ਬੀਰ ਬਾਂਕੇ,**
**ਹਰਿ ਕੀ ਪੌੜੀਆਂ ਦੇ ਵਿਚ ਨਾਇ੍ ਕਰਕੇ।**
**ਪੱਲੇ ਗਲਾਂ ਵਿਚ ਪਾ ਅਰਦਾਸ ਸੋਧੀ,**
**ਚਰਨਾਂ ਸਤਿਗੁਰਾਂ ਦਾ ਧਿਆਨ ਲਾਇ ਕਰਕੇ।**
**ਸੱਚੇ ਪਾਤਸ਼ਾਹ ਜੀ ਸਾਨੂੰ ਫਤੇਹ ਬਖਸ਼ੀਂ,**
**ਆਪਣੇ ਨਾਮ ਦੀ ਲਾਜ ਰਖਾਇ ਕਰਕੇ।**
**ਸੌਹੇਂ ਮੱਥੇ ਮਰੀਏ ਜੇਕਰ ਮੌਤ ਆਵੇ,**
**ਜ਼ਾਲਮ ਪਾਪੀਆਂ ਮਾਰ ਮੁਕਾਇ ਕਰਕੇ।**



Sri Satguru Jagjit Singh Ji eLibrary NamdhariElibrary@gmail.com

ਬੁੱਚੜ ਖਾਨੇ ਵਿਚ ਵੜੇ ਹਰਨਾਮ ਸਿੰਘਾ,
ਸਤਿ ਸ੍ਰੀ ਅਕਾਲ ਬੁਲਾਇ ਕਰਕੇ।''
(.....ਉਹੀ ਸਫਾ ੩੩)

ਭਾਈ ਹਾਕਮ ਸਿੰਘ ਪਿੰਡ ਮੌੜੇ ਜ਼ਿਲ੍ਹਾ ਅੰਮ੍ਰਿਤਸਰ ਦਾ ਪਟਵਾਰੀ ਸੀ। ਉਹ ਅਜੇ ਮੁਕਲਾਵਾ ਲੈ ਕੇ ਹੀ ਆਇਆ ਸੀ ਅਤੇ ਉਸੇ ਰਾਤ ਹੀ ਸਿੰਘਾਂ ਨਾਲਦਿਆਂ ਨੇ ਉਸਨੂੰ ਹੱਲਾ ਕਰਨ ਲਈ ਚੱਲਣ ਦੀ ਵੰਗਾਰ ਪਾਈ। ਏਥੇ ਭਾਈ ਹਰਨਾਮ ਸਿੰਘ ਜਿਸ ਤਰ੍ਹਾਂ ਆਪਣੀ ਕਵਿਤਾ ਦੇ ਜੌਹਰ ਵਖਾਕੇ ਤਿਆਗ ਤੇ ਬਲੀਦਾਨ ਦੇ ਪ੍ਰਸੰਗ ਨੂੰ ਬੁਲੰਦ ਕਰਦਾ ਹੈ ਇਹ ਉਸਦੀ ਉੱਚ ਕਾਵਿਕ ਪ੍ਰਤਿਭਾ ਦਾ ਪ੍ਰਤੀਕ ਹੈ। ਅੱਠਾਂ ਸਿੰਘਾਂ—ਬੀਹਲਾ ਸਿੰਘ ਨਾਰਲੀ, ਫਤੇਹ ਸਿੰਘ ਭੱਟੀ ਜਾਂ ਭਾਟੜਾ* ਅੰਮ੍ਰਿਤਸਰ ਸ਼ਹਿਰ, ਲਹਿਣਾ ਸਿੰਘ ਰਾਮਗੜ੍ਹੀਆ ਭੀ ਇਹੋ ਸ਼ਹਿਰ, ਹਾਕਮ ਸਿੰਘ ਪਟਵਾਰੀ, ਲੋਪੋਕਿਆਂ ਦਾ ਹੀ ਦੂਜਾ ਲਹਿਣਾ ਸਿੰਘ, ਭਗਵਾਨ ਸਿੰਘ ਅੜਬੰਗੀ, ਝੰਡਾ ਸਿੰਘ ਠੱਟਾ, ਲਛਮਣ ਸਿੰਘ ਚਾਹਲ ਨੇ ਪਹਿਲਾਂ ਭਾਈ ਲਹਿਣਾ ਸਿੰਘ ਰਾਮਗੜ੍ਹੀਏ ਦੇ ਘਰ ਸ਼ਹਿਰ ਅੰਮ੍ਰਿਤਸਰ ਵਿਖੇ ਗੁਰਮਤਾ ਕਰਕੇ ਆਪਣੇ ਵਿਚਾਲੇ ਗੁਰੂ ਨੂੰ ਜਾਮਨ ਲੈਕੇ ਸ਼ਹੀਦੀਆਂ ਵਰਨ ਦੀ ਗੋਂਦ ਗੁੰਦੀ ਸੀ ਅਤੇ ਹੁਣ ਜਦੋਂ ਤੁਰਨਾ ਸੀ ਤਾਂ ਕਵੀ ਉਹਨਾਂ ਮੁਸ਼ਕਿਲਾਂ ਦਾ ਜ਼ਿਕਰ ਕਰਦਾ ਹੈ ਜਿਹੜੀਆਂ ਹਾਕਮ ਸਿੰਘ ਨੂੰ ਦਰਪੇਸ਼ ਆ ਰਹੀਆਂ ਹਨ। ਪਰ ਸੂਰਮੇ ਦੀ ਸਿਰਜਣਾ ਵੀ ਤਾਂ ਇਉਂ ਹੀ ਹੁੰਦੀ ਹੈ। ਸੁਣੋ ਕਵੀ ਜੀ ਦੇ ਬਚਨ ਬੈਂਤ ਵਿਚ—

''ਹਾਕਮ ਸਿੰਘ ਦੀ ਇਸਤਰੀ ਸੇਹਰਿਆਂ ਦੀ,
ਸੀ ਉਹ ਪਦਮਣੀ ਨਸਲ ਦੀ ਨਾਰ ਸੋਹਣੀ।
ਲੈਕੇ ਆਇਆ ਦਰੌਜਾ ਥਾ ਰੋਜ ਉਸੇ,
ਦੇਖੀ ਨਾਰ ਘਰ ਦੀ ਪਹਿਲੀ ਵਾਰ ਸੋਹਣੀ।
ਪਰੀ ਪਦਮਣੀ ਇੰਦਰ ਦੇ ਖਾੜਿਆਂ ਦੀ,
ਫਿਰਦੀ ਲਾਇਕੇ ਹਾਰ ਸ਼ਿੰਗਾਰ ਸੋਹਣੀ।
ਕੰਤ ਨਾਰ ਦੋਨੋਂ ਖੁਸ਼ੀ ਹੋ ਰਹੇ ਸੀ,
ਕਿਸੇ ਆਣ ਦਿੱਤੀ ਹਾਕ ਮਾਰ ਸੋਹਣੀ।
ਮੌਕਾ ਅੱਜ ਸ਼ਹੀਦੀਆਂ ਪਾਉਣ ਦਾ ਹੈ,
ਪੂਰੀ ਕਰੋ ਜੋ ਕੀ ਇਕਰਾਰ ਸੋਹਣੀ।
ਤੇਗਾਂ ਲੈ ਲਈਆਂ ਸਿੰਘ ਤਿਆਰ ਸਾਰੇ,
ਕਰੋ ਬੁੱਚੜਾਂ ਸੇ ਘੱਲੂਘਾਰ ਸੋਹਣੀ।
....................................
ਏਧਰ ਨਾਰ ਘਰ ਦੀ ਓਧਰ ਮੌਤ ਲਾੜੀ,
ਦੋਨਾਂ ਵਿਚ ਹੋ ਗਈ ਤਕਰਾਰ ਸੋਹਣੀ।
ਹਾਕਮ ਸਿੰਘ ਦੇਖੋ ਕਿਹੜੀ ਨਾਰ ਵਰਦੈ,
ਇਮਤਿਹਾਨ ਦੀ ਹੋਈ ਵਿਚਾਰ ਸੋਹਣੀ।
ਘਰ ਦੀ ਪਦਮਨੀ ਨਾਰ ਨੂੰ ਛੱਡ ਕਰਕੇ,
ਕਰੀ ਮੌਤ ਲਾੜੀ ਸਵੀਕਾਰ ਸੋਹਣੀ।
ਬੇਮਿਸਾਲ ਇਹ ਮਿਸਲ ਹਰਨਾਮ ਸਿੰਘਾ,
ਯਾਦ ਰਹੂਗੀ ਵਿਚ ਸੰਸਾਰ ਸੋਹਣੀ।
(...ਉਹੀ ਸਫਾ ੩੨)

ਬੁੱਚੜਾਂ ਨੂੰ ਸੋਧਣ ਦਾ ਕਾਰਜ ਜੇਠ ਸੁਦੀ ਪੂਰਨਮਾਸ਼ੀ ਮੁਤਾਬਿਕ ਇਕ ਹਾੜ ੧੯੨੭ ਬਿਕ੍ਰਮੀ ਨੂੰ ਅੱਧੀ ਕੁ ਰਾਤ ਨੂੰ ਕੀਤਾ ਗਿਆ। ਸਿੰਘ ਹਰਨ ਹੋ ਗਏ। ਬੇਦੋਸ਼ ਫੜੇ ਗਏ। ਕਰਿਸਟੀ ਬੜਾ ਸਖਤ ਸੀ.ਆਈ.ਡੀ. ਦਾ ਅਫ਼ਸਰ ਸੀ। ਉਸਨੇ ਬੇਦੋਸ਼ਿਆਂ ਨੂੰ ਹੀ ਸਖਤੀ ਕਰਕੇ ਇਕਬਾਲੀ ਕਰਵਾ ਲਿਆ। ਜਦੋਂ ਉਹ ਫਾਹੇ ਟੰਗੇ ਹੀ ਜਾਣ ਵਾਲੇ ਸਨ ਤਾਂ ਸਤਿਗੁਰੂ ਰਾਮ ਸਿੰਘ ਜੀ ਦਾ ਉਪਦੇਸ਼ ਸੁਣ ਕੇ ਬੀਹਲਾ ਸਿੰਘ, ਲਹਿਣਾ ਸਿੰਘ, ਹਾਕਮ ਸਿੰਘ, ਫਤੇਹ ਸਿੰਘ ਖੁਦ ਸਰਕਾਰੇ ਹਾਜ਼ਰ ਹੋ ਗਏ। ਸਤਿਗੁਰੂ ਜੀ ਨੇ ਕਿਹਾ ਸੀ, ''ਜਿਹੜਾ ਖੇਤ ਜੱਟ ਬੀਜਦਾ ਉਸਦਾ ਬੋਹਲ ਕੋਈ ਹੋਰ ਲੈ ਜਾਵੇ ਇਹ ਠੀਕ ਨਹੀਂ।'' ਚਹੁੰਆਂ ਸਿੰਘਾਂ ਨੂੰ ਇਕਬਾਲ ਕਰਨ ਤੇ ਜਦੋਂ ਮੌਤ ਦੀ ਸਜ਼ਾ ਸੁਣਾਈ ਗਈ, ਉਸ ਵੇਲੇ ਦੀ ਚੜ੍ਹਦੀ ਕਲਾ ਦਾ ਵਰਣਨ ਕਵੀ ਜੀ ਦੇ ਸ਼ਬਦਾਂ ਵਿਚ—

''ਸੁਣਕੇ ਫ਼ਾਂਸੀ ਦੀ ਸਜ਼ਾ ਨੂੰ ਸਿੰਘ ਚਾਰੇ,
ਖੁਸ਼ੀਆਂ ਬਹੁਤ ਹੀ ਬਲੀ ਮਨਾਉਣ ਲੱਗੇ।
ਨਾਹਰੇ ਮਾਰਦੇ ਗੂੰਜਦੇ ਸ਼ੇਰ ਵਾਂਗੂੰ,
ਸਿੰਘ ਫਤੇ ਪਰ ਫਤੇ ਬੁਲਾਉਣ ਲੱਗੇ।
ਧੰਨ ਸਤਿਗੁਰੂ ਸਤਿਗੁਰੂ ਆਖ ਮੂੰਹੋਂ,
ਸ਼ਬਦ ਉੱਚੀ ਉੱਚੀ ਨਾਲੇ ਗਾਉਣ ਲੱਗੇ।
ਸੁਣਕੇ ਮੌਤ ਦੀ ਸਜ਼ਾ ਹਰਨਾਮ ਸਿੰਘਾ,
ਚਾਰੋਂ ਖਾਲਸੇ ਜੱਲੀਆਂ ਪਾਉਣ ਲੱਗੇ।
(.....ਉਹੀ ਸਫਾ ੩੭)

ਥੋੜ੍ਹਾ ਸਮਾਂ ਬਾਦ ਹੀ ੧੮੭੧ ਈ. ਵਿਚ ਫਿਰ ਨਾਮਧਾਰੀ ਸਿੰਘਾਂ ਨੇ ਦਸਮ ਪਾਤਸ਼ਾਹ ਤੋਂ ਵਰੋਸਾਈ ਧਰਤੀ ਰਾਇਕੋਟ ਦੇ ਗਊ ਘਾਤਕਾਂ ਨੂੰ ਤੇਗ ਦੀ ਧਾਰ ਲੰਘਾ ਦਿੱਤਾ। ਜਦੋਂ ਇਸ ਜਥੇ ਦੇ ਮੁਖੀ ਭਾਈ ਮਸਤਾਨ ਸਿੰਘ ਪਿੱਥੋ ਵਾਲੇ ਨੂੰ ਸੂਚਨਾ ਮਿਲੀ ਕਿ ਰਸਾਲਾ ਜੇਠੂਪੁਰੇ ਉਤਰਿਆ ਹੈ, ਤੁਹਾਨੂੰ

---

*ਨਾਮਧਾਰੀ ਇਤਿਹਾਸ ਕਰਤਾ ਨਾਹਰ ਸਿੰਘ ਵਿਚ ਇਕ ਥਾਂ, ਭਾਟੀਆ ਵੀ ਲਿਖਿਆ ਹੈ।—ਸੰਪਾਦਕ



Sri Satguru Jagjit Singh Ji eLibrary NamdhariElibrary@gmail.com

ਫੜਨ ਵਾਸਤੇ ਆ ਰਿਹਾ ਹੈ। ਕਿਧਰੇ ਨੱਸ ਜਾਓ। ਪਰ ਮਸਤਾਨ ਸਿੰਘ ਹੋਰਾਂ ਨੇ ਆਪਣੀ ਰਵਾਇਤ ਕਾਇਮ ਰੱਖਦਿਆਂ ਭੱਜਣਾ ਨਾ ਕਬੂਲਿਆ—

"ਕਿਹਾ ਲੋਕਾਂ ਨੇ ਸਿੰਘ ਮਸਤਾਨ ਭਾਈ,
ਖਿਸਕ ਜਾਵੋ ਕਿਧਰੇ ਛਾਲਾਂ ਮਾਰ ਜਲਦੀ।
ਜੇਠੂਪੁਰੇ ਆ ਗਏ ਥੋਨੂੰ ਫੜਨ ਵਾਲੇ,
ਤਿੰਨੇ ਹੋ ਜਾਵੋ ਤੁਸੀਂ ਫਰਾਰ ਜਲਦੀ।
"ਭੱਜ ਗਏ ਜੇ" ਸਿੰਘ ਮਸਤਾਨ ਕਹਿੰਦਾ,
ਬੇਕਸੂਰਾਂ ਨੂੰ ਦੇਣਗੇ ਮਾਰ ਜਲਦੀ।
ਫਾਂਸੀ ਚੜ੍ਹਾਂਗੇ ਮਾਰੇ ਨੇ ਅਸੀਂ ਬੁੱਚੜ,
ਤਿੰਨੇ ਅਸੀਂ ਬਣੀਏ ਗੁਨਾਹਗਾਰ ਜਲਦੀ।"

(... ਉਹੀ ਸਫਾ ੩੮)

ਇਹ ਤਿੰਨੇ ਮਸਤਾਨ ਸਿੰਘ, ਮੰਗਲ ਸਿੰਘ, ਗੁਰਮੁਖ ਸਿੰਘ ਪਿੱਥੋਂ ਪਿੰਡ ਦੇ ਸਿੰਘ ਰਾਇ ਕੋਟ ਵਿਖੇ ੫ ਅਗਸਤ ੧੮੭੧ ਈ. ਨੂੰ ਫਾਂਸੀ ਦੇ ਕੇ ਸ਼ਹੀਦ ਕੀਤੇ ਗਏ। ਰਾਇਕੋਟ ਦੇ ਬੁੱਚੜ ਬੱਧ ਲਈ ਸਿੰਘਾਂ ਨੂੰ ਉਕਸਾਉਣ ਦੇ ਬਹਾਨੇ ਹੇਠ ਸੂਬਾ ਗਿਆਨੀ ਸਿੰਘ ਉਰਫ਼ ਰਤਨ ਸਿੰਘ ਪਿੰਡ ਮੰਡੀ ਕਲਾਂ (ਬਠਿੰਡਾ) ਅਤੇ ਰਤਨ ਸਿੰਘ ਨਾਈ ਵਾਲੀਏ ਨੂੰ ੨੬ ਨਵੰਬਰ ੧੮੭੧ ਈ. ਨੂੰ ਲੁਧਿਆਣਾ ਜ਼ਿਲ੍ਹਾ ਜਿਹਲ ਬਾਹਰ ਫਾਹੇ ਲਾਕੇ ਸ਼ਹੀਦ ਕੀਤਾ ਗਿਆ। ਇਹ ਦੋਵੇਂ ਸਿੰਘ ਬੇਦੋਸ਼ੇ ਸਨ। ਤੀਜਾ ਅੰਗਰੇਜ਼ ਜੱਜ ਬੋਲੀਨਸ ਵੀ ਇਹਨਾਂ ਨੂੰ ਫਾਹੇ ਦੀ ਬਜਾਏ ਉਮਰ ਕੈਦ ਦੇ ਹੱਕ ਵਿਚ ਸੀ। ਪਰ ਸਰਕਾਰ ਤਾਂ ਕਿਸੇ ਨਾਂ ਕਿਸੇ ਆਨੇ-ਬਹਾਨੇ ਕੂਕਿਆਂ ਨਾਲ ਕਿੜ ਕੱਢਣੀ ਚਾਹੁੰਦੀ ਸੀ। ਉਹ ਸਤਿਗੁਰੂ ਜੀ ਜਾਂ ਉਹਨਾਂ ਦੇ ਸੂਬਿਆਂ ਵਿਚੋਂ ਜਿਹੜਾ ਜਿਥੇ ਵੀ ਕਾਬੂ ਆਉਂਦਾ ਹੋਵੇ ਉਹਦਾ ਲਿਹਾਜ ਨਹੀਂ ਕਰਨਾ ਚਾਹੁੰਦੇ ਸਨ। ਮਲੇਰ ਕੋਟਲੇ ਦਾ ਸਾਕਾ ਵਰਤਣ ਤੋਂ ਪਹਿਲਾਂ ਹੀ ਸਿੰਘਾਂ ਦੇ ਮਾਰੇ ਬਕਾਰੇ ਕਰਨ ਦੀ ਸੂਚਨਾ ਦੇਣ ਗਏ ਸੂਬਾ ਲੱਖਾ ਸਿੰਘ ਨੂੰ ਵੀ ਉਹਨਾਂ ਹਿਰਾਸਤ ਵਿਚ ਲੈ ਲਿਆ ਸੀ। ਜੇ ਸਰਕਾਰ ਚਾਹੁੰਦੀ ਤਾਂ ਮਸਤਾਨੇ ਸਿੰਘਾਂ ਵਿਰੁੱਧ ਇਹਤਿਆਤੀ ਕਰਵਾਈ ਵਰਤਕੇ ਇਹ ਸਾਕਾ ਵਾਪਰਨ ਤੋਂ ਰੋਕਿਆ ਜਾ ਸਕਦਾ ਸੀ, ਪਰ ਅੰਗਰੇਜ਼ ਸਰਕਾਰ ਸਤਿਗੁਰੂ ਰਾਮ ਸਿੰਘ ਜੀ ਨੂੰ "ਸੱਚਾ ਪਾਤਸ਼ਾਹ" ਸੰਗਤ ਵਲੋਂ ਆਖਿਆ ਜਾਣਾ ਬਰਦਾਸ਼ਤ ਨਹੀਂ ਸੀ ਕਰ ਰਹੀ। ਉਹ ਨਾਮਧਾਰੀਆਂ ਦੇ ਖਾਲਸਾ ਰਾਜ ਦੀ ਪੁਨਰ ਸਥਾਪਨਾ ਦੇ ਮੰਤਵ ਤੋਂ ਪੂਰੀ ਤਰ੍ਹਾਂ ਭੈ ਭੀਤ ਸੀ। ਮਲੇਰ ਕੋਟਲੇ ਦੇ ਸਾਕੇ ਸਮੇਂ, ਸਤਿਗੁਰੂ ਜੀ ਅਤੇ ਸੂਬਾ ਜਵਾਹਰ ਸਿੰਘ ਜਹੇ ਪ੍ਰਮੁੱਖ ਸੂਬਿਆਂ ਨੇ ਵੀ ਮਸਤਾਨਿਆਂ ਨੂੰ ਧੀਰਜ ਤੋਂ ਕੰਮ ਲੈਣ ਲਈ ਕਿਹਾ ਸੀ। ਸਤਿਗੁਰੂ ਜੀ ਤਾਂ ਇਹ ਵੀ ਕਿਹਾ ਸੀ "ਸਾਧ ਸੰਗਤ ਜੀ ਅੰਗਰੇਜ਼ ਸਰਕਾਰ ਦੀਆਂ ਜੜ੍ਹਾਂ ਪੁੱਟ ਕੇ ਮੈਂ ਹਥੇਲੀ ਤੇ ਰੱਖ ਲਈਆਂ ਹਨ, ਥੋੜ੍ਹੇ ਸਬਰ ਦੀ ਲੋੜ ਹੈ। ਤੁਹਾਡੇ ਤਲਵਾਰ ਚੁੱਕਣ ਨਾਲ ਇਹ ਜੜ੍ਹਾਂ ਫਿਰ ਪਤਾਲ ਵਿਚ ਲੱਗ ਜਾਣਗੀਆਂ।" ਮਸਤਾਨੇ ਸਿੰਘਾਂ ਦਾ ਸ਼ਹੀਦੀ ਬਾਟੇ ਛਕਣ ਦਾ ਚਾਓ ਦੂਣ ਸਵਾਇਆ ਹੋ ਰਿਹਾ ਸੀ। ਉਹ ਹੁਣ ਧੀਰਜ ਜਾਂ ਠਰ੍ਹੰਮੇ ਦੀ ਭਾਸ਼ਾ ਤੇ ਕੰਨ ਧਰਨ ਤੋਂ ਨਾਬਰ ਹੋ ਗਏ ਸਨ। ਲਹਿਰਾਂ ਦੇ ਵਿਚ ਇਸ ਤਰ੍ਹਾਂ ਦੇ ਅਧੋਗਤੀ ਵਾਲੇ ਆਉਣ ਵਾਲੇ ਪੜਾਉ ਨੂੰ "ਹੋਣੀ" ਜਾਂ "ਭਾਵੀ" ਦੇ ਤੌਰ ਤੇ ਸਾਡੇ ਕਿੱਸਾਕਾਰਾਂ ਨੇ ਚਿਤਰਿਤ ਕੀਤਾ ਹੈ। ਭਾਈ ਹਰਨਾਮ ਸਿੰਘ ਵੀ ਇਸੇ ਅੰਦਾਜ਼ ਵਿਚ ਲਿਖਦੇ ਹਨ—

"ਭਾਵੀ ਟਲੀ ਨਾਂ ਪੀਰ ਪੈਗੰਬਰਾਂ ਤੋਂ,
ਮਿਟਦੀ ਨਹੀਂ ਮੇਟੀ ਹੋਣਹਾਰ ਲੋਕੋ।
ਲੁਕਿਆ ਜਾਏ ਮੁਚਕੰਦ ਦੇ ਘਰਾਂ ਅੰਦਰ,
ਭਾਵੀ ਮਾਰਿਆ ਕ੍ਰਿਸ਼ਨ ਅਵਤਾਰ ਲੋਕੋ।
ਮਿਟੀ ਮੇਲ ਦਿੱਤਾ ਕੋਰੋ ਪਾਂਡਵਾਂ ਨੂੰ,
ਭਾਵੀ ਸਮਝ ਲਓ ਦਰੋਪਤੀ ਨਾਰ ਲੋਕੋ।
ਮਲੀਆ ਮੇਟ ਕੀਤਾ ਭਾਵੀ ਚੰਦਰੀ ਨੇ,
ਰਾਜੇ ਰੌਣ ਵਰਗਾ ਸਮਝਦਾਰ ਲੋਕੋ।
. . . . . . . . . . . . . . . . . .
ਦਰ ਦਰ ਭੀਖ ਮੰਗਦੇ ਰਾਜੇ ਚੱਕਰਵਰਤੀ,
ਭਾਵੀ ਤੋੜਦੀ ਕੁੱਲ ਹੰਕਾਰ ਲੋਕੋ।
ਮਾਰੇ ਸਿੱਖ ਵੀ ਭਾਵੀ ਨੇ ਮੁਦਕੀ ਮੇਂ,
ਜੰਗ ਜਿਤ ਕਰਕੇ ਗਏ ਹਾਰ ਲੋਕੋ।
..................................
ਚੜ੍ਹਦੀ ਕਲਾ ਉੱਤੇ ਨਾਮਧਾਰੀਆਂ ਦੇ,
ਭਾਵੀ ਵਰਤ ਗਈ ਆਣ ਕਰਤਾਰ ਲੋਕੋ।
ਮਸਤ ਟਾਲੇ ਨਾ ਟਲੇ ਹਰਨਾਮ ਸਿੰਘਾ,
ਹੋਏ ਕੋਟਲੇ ਨੂੰ ਸਾਰੇ ਤਿਆਰ ਲੋਕੋ।"

(...ਉਹੀ ਸਫਾ ੪੨)

ਕਵੀ ਜੀ, ਸਾਕਾ ਮਲੇਰ ਕੋਟਲੇ ਦੇ ਦੂਰਗਾਮੀ ਪ੍ਰਭਾਵ ਨੂੰ, ਜਿਸ ਤਹਿਤ ਸਤਿਗੁਰੂ ਜੀ ਅਤੇ ਸੂਬੇ ਦੇਸ ਬਦਰ ਕਰਕੇ, ਨਾਮਧਾਰੀ ਪੰਥ ਤੇ ਸਰਕਾਰੀ ਸਖਤੀਆਂ ਦੇ ਦੌਰ ਝੁੱਲੇ, ਉਹਨਾਂ ਦਾ ਜਦੋਂ ਵਿਸ਼ਲੇਸ਼ਣਾਤਮਕ ਅਧਿਐਨ ਕਰਦੇ ਹਨ ਤਾਂ ਬੜੀ ਸਟੀਕ ਟਿੱਪਣੀ, ਹੇਠਲੀਆਂ ਚਹੁੰਆਂ ਤੁਕਾਂ ਵਿਚੋਂ ਨਜ਼ਰ



Sri Satguru Jagjit Singh Ji eLibrary NamdhariElibrary@gmail.com

ਆਉਂਦੀ ਹੈ—

"ਕਿਹਾ ਸਤਿਗੁਰਾਂ ਨੇ ਸੀਗਾ ਬਹੁਤ ਅੱਛਾ,
ਆਖਾ ਮੰਨਿਆ ਨਹੀਂ ਮਸਤਾਨਿਆਂ ਨੇ।
ਬਿਨਾਂ ਸਮੇਂ ਭੈੜੀ ਛੇੜੀ ਛੇੜਖਾਨੀ,
ਵਕਤ ਸੋਚਿਆ ਨਹੀਂ ਨਿਦਾਨਿਆਂ ਨੇ।
ਸ਼ਮ੍ਹਾਂ ਧਰਮ ਤੇ ਜਲਨ ਪਤੰਗ ਚੱਲੇ,
ਪੁੱਛੀ ਬਾਤ ਨਾ ਫੇਰ ਪਰਵਾਨਿਆਂ ਨੇ।
ਬੁੱਚੜ ਮਾਰਨੇ ਲੀਏ ਹਰਨਾਮ ਸਿੰਘਾ,
ਕਮਰ ਕੱਸੇ ਕਰ ਲਏ ਦੀਵਾਨਿਆਂ ਨੇ"

(....ਉਹੀ ਸਫਾ ੪੩)

ਇਹ ਗੱਲ ਹੋਰ ਥਾਵਾਂ ਤੋਂ ਤਾਂ ਨਹੀਂ ਪੜ੍ਹੀ, ਪਰ ਕਵੀ ਹਰਨਾਮ ਸਿੰਘ ਲਿਖਦਾ ਹੈ ਕਿ ਜਦੋਂ ਮਸਤਾਨੇ ਕੋਟਲੇ ਤੇ ਹੱਲੇ ਲਈ ਬਜ਼ਿਦ ਹੋ ਗਏ ਤਾਂ ਸਤਿਗੁਰੂ ਜੀ ਨੇ ਭੈਣੀ ਸਾਹਿਬ ਵਿਚ ਹਾਜ਼ਰ ਸੰਗਤ ਨੂੰ ਇਥੋਂ ਤੁਰੰਤ ਖਿੰਡ ਜਾਣ ਲਈ ਕਿਹਾ। ਇਹ ਸੰਗਤ, ਮਾਘੀ ਦਾ ਮੇਲਾ, ਕਿਉਂਕਿ ਭੈਣੀ ਸਾਹਿਬ ਮਨਾਇਆ ਜਾ ਰਿਹਾ ਸੀ, ਜਿਸ ਮੇਲੇ ਵਿਚ ਅੰਮ੍ਰਿਤਸਰ ਰਾਇਕੋਟ ਵਾਲੇ ਸ਼ਹੀਦ ਸਿੰਘਾਂ ਅਤੇ ਸਤਿਗੁਰੂ ਜੀ ਦੇ ਮਹਿਲ ਮਾਤਾ ਜੱਸਾ ਜੀ ਨਮਿਤ ਪਾਠਾਂ ਦੇ ਭੋਗ ਪੈਣੇ ਸਨ, ਵਾਸਤੇ ਇਥੇ ਇਕੱਠੀ ਹੋਈ ਸੀ। ਹੁਣ ਜਦੋਂ ਸੰਗਤ ਨੂੰ ਸਤਿਗੁਰੂ ਜੀ ਨੇ ਚਲੇ ਜਾਣ ਦਾ ਹੁਕਮ ਦੇ ਦਿੱਤਾ ਤਾਂ ਬੜੀ ਕਰੁਣਾਮਈ ਅਵਸਥਾ ਪੈਦਾ ਹੋ ਗਈ—

"ਸੁਣ ਕੇ ਬਚਨ ਵੈਰਾਗ ਦੇ ਸਤਿਗੁਰਾਂ ਤੋਂ,
ਸਾਰੀ ਸੰਗਤਾਂ ਦੇ ਅੱਖੀਂ ਨੀਰ ਚੱਲੇ।
ਧਾਹਾਂ ਮਾਰ ਕੇ ਮੰਨ ਕੇ ਬਚਨ ਗੁਰ ਦਾ,
ਸਾਰੇ ਖਾਲਸੇ ਪਾਇ ਵਹੀਰ ਚੱਲੇ।
ਭਾਰੀ ਪ੍ਰੇਮ ਥਾ ਸਿੰਘਾਂ ਨੂੰ ਸਤਿਗੁਰਾਂ ਦਾ,
ਰੋਇ ਰੋਇ ਕੇ ਵਿਦਾ ਹੋ ਬੀਰ ਚੱਲੇ।
ਜਥੇਦਾਰ ਸਰਦਾਰ ਹਰਨਾਮ ਸਿੰਘਾ,
ਤੋਰ ਸੰਗਤਾਂ ਆਪ ਅਖੀਰ ਚੱਲੇ।"

(....ਉਹੀ ਸਫਾ ੪੪, ੪੫)

ਇਸ ਸ਼ਹੀਦੀ ਜਥੇ ਨੇ ਪਹਿਲਾ ਪੜਾਉ ਰੱਬੋਂ ਪਿੰਡ ਕੀਤਾ। ਅਗਲੀ ਸ਼ਾਮ ਮਲੌਦ ਦੇ ਸਰਦਾਰ ਬਦਨ ਸਿੰਘ ਨਾਲ ਝੜਪ ਕਰਕੇ ਘੋੜੇ ਤੇ ਹਥਿਆਰ ਖੋਹੇ। ਤੀਜੀ ਸਵੇਰ ਨਾਲ ਕੋਟਲੇ ਤੇ ਹੱਲਾ ਬੋਲਿਆ। ਦੋਹਾਂ ਪਾਸਿਆਂ ਦੇ ਬੰਦੇ ਮਾਰੇ ਗਏ ਫੱਟੜ ਹੋਏ। ਵੇਖਣ ਵਾਲੀ ਗੱਲ ਇਹ ਹੈ ਕਿ ਜੇ ਇਹਨਾਂ ਮਸਤਾਨਿਆਂ ਨੂੰ ਸ਼ਹੀਦੀਆਂ ਦਾ ਚਾਉ ਨਾਂ ਹੁੰਦਾ ਤਾਂ ਇਹਨਾਂ ਦੇ ਨੱਸਣ ਭੱਜਣ ਦੇ ਬੜੇ ਮੌਕੇ ਸਨ। ਪਰ ਇਕ ਤਾਂ ਸਤਿਗੁਰੂ ਜੀ ਚੰਗਾ ਨਹੀਂ ਸਨ ਸਮਝਦੇ ਕਿ ਕਰੇ ਕੋਈ ਤੇ ਭਰੇ ਕੋਈ। ਦੂਜਾ ਇਹ ਆਪਣਾ ਠੀਕਰਾ, ਗਿਆਨੀ ਸਿੰਘ ਵਰਗੇ ਬੇਦੋਸ਼ ਸਾਧੂਆਂ ਨੂੰ ਮਾਰ ਮੁਕਾਉਣ ਵਾਲੀ ਜ਼ਾਲਮ ਸਰਕਾਰ ਦੇ ਸਿਰ ਭੰਨਣ ਲਈ ਉਤਾਵਲੇ ਸਨ ਤਾਂ ਜੁ ਆਜ਼ਾਦੀ ਦੀ ਚੰਗਿਆੜੀ ਨੂੰ ਲਟ ਲਟ ਕਰਕੇ ਬਲਦੀ ਵੇਖਿਆ ਜਾਵੇ। ਜਥੇਦਾਰ ਹੀਰਾ ਸਿੰਘ ਸਕਰੌਦੀ ਵਾਲੇ ਨੇ ਆਪਣਾ ਮੰਤਵ ਇਉਂ ਸਪੱਸ਼ਟ ਕੀਤਾ--

"ਸੀਸ ਲੈ ਚੁੱਕੇ ਹਾਂ ਜਦੋਂ ਜ਼ਾਲਮਾਂ ਦੇ,
ਆਪਣੇ ਸੀਸ ਭੀ ਦੇਣ ਨੂੰ ਤਿਆਰ ਹੋਈਏ।
ਗੌਰਮਿੰਟ ਦੇ ਪਾਸ ਹੁਣ ਅਸੀਂ ਸਾਰੇ,
ਆਪਣੇ ਆਪ ਜਾ ਕੇ ਗ੍ਰਿਫਤਾਰ ਹੋਈਏ।
ਆਪਣੇ ਆਪ ਸਰਕਾਰ ਨੂੰ ਹਾਲ ਦੱਸੇ,
ਗੌਰਮਿੰਟ ਤੋਂ ਨਹੀਂ ਫਰਾਰ ਹੋਈਏ।
ਦੇਕੇ ਧਰਮ ਤੇ ਸੀਸ ਹਰਨਾਮ ਸਿੰਘਾ,
ਭਵਜਲ ਏਸ ਸੰਸਾਰ ਤੋਂ ਪਾਰ ਹੋਈਏ।

(....ਉਹੀ ਸਫਾ ੪੬)

ਕਿੱਸਾ 'ਸੰਤ ਖਾਲਸਾ' ਦੀ ਇਤਿਹਾਸਕ ਮਹੱਤਤਾ ਸਮਕਾਲੀ ਗਵਾਹੀਆਂ ਸਿੰਘਾਂ ਦੀ ਗ੍ਰਿਫਤਾਰੀ ਬਾਬਤ, ਦਰਜ ਕਰਨ ਨਾਲ ਕਾਫੀ ਵਧ ਜਾਂਦੀ ਹੈ। ਸਰਕਾਰੀ ਰਿਕਾਰਡ ਮੁਤਾਬਕ ਅਮਰਗੜ੍ਹ ਰਿਆਸਤ ਪਟਿਆਲਾ ਦੇ ਨਾਇਬ ਨਾਜ਼ਮ ਸੱਯਦ ਨਿਆਜ਼ ਅਲੀ ਦੁਆਰਾ ਰੜ ਪਿੰਡ ਦੇ ਉਤਮ ਸਿੰਘ, ਜੈਮਲ ਸਿੰਘ ਆਦਿ ਮੁਖਬਰਾਂ ਦੀ ਮਦਦ ਨਾਲ ਜਥੇ ਨੂੰ ਘੇਰ ਕੇ ਗ੍ਰਿਫਤਾਰ ਕਰਵਾਉਣਾ ਲਿਖਿਆ ਹੈ। ਕਈ ਪਰਸੰਗਾਂ ਵਿਚ ਪ੍ਰਸ਼ਾਦ ਛਕਾਉਣ ਦੇ ਬਹਾਨੇ ਥਾਣੇ ਵਿਖੇ ਲਿਜਾਣਾ ਭੀ ਲਿਖਿਆ ਹੈ। ਪਰ ਭਾਈ ਹਰਨਾਮ ਸਿੰਘ ਆਪਣੇ ਪਿਤਾ ਦੇ ਮਿੱਤਰ ਸ੍ਰ. ਨਾਨੂੰ ਸਿੰਘ ਰਾਈਸ ਤੇ ਜਗੀਰਦਾਰ ਕੱਚਾ ਕਿਲਾ ਸਢੌਰਾ, ਮਹੰਤ ਲਹਿਣਾ ਸਿੰਘ, ਕਵੀ ਦੇ ਸਹੁਰੇ ਸਾਹਿਬ ਦੇਵਾ ਸਿੰਘ ਲੰਬੜਦਾਰ ਪਿੰਡ ਬਰਾਲ ਰਿਆਸਤ ਨਾਹਣ ਅਤੇ ਪਿੰਡ ਬਗਲੀ ਦੇ ਰਾਮ ਸਹਾਈ ਪੰਡਿਤ ਦੇਵੀ ਦਿਆਲ ਤੇ ਸਮੁੰਦ ਸਿੰਘ ਜੋ ਉਸ ਵਕਤ ਰੜ ਪਿੰਡ ਗਏ ਹੋਏ ਸਨ ਤੇ ਇਹ ਸਾਰੇ ਅੱਖੀਂ ਵੇਖਿਆ ਹਾਲ ਦੱਸਦੇ ਹਨ ਕਿ ਜਥਾ ਆਪਣੇ ਆਪ ਗ੍ਰਿਫਤਾਰ ਹੋਇਆ। ਸ਼ਹੀਦੀਆਂ ਦੇ ਅਦਭੁਤ ਜਲੌਅ ਨੂੰ ਕਵੀ ਇਉਂ ਹੀ ਬਿਆਨਦਾ ਹੈ ਜਿਵੇਂ ਪ੍ਰਤੱਖ-ਦਰਸ਼ੀ ਹੋਵੇ। ਇਹ ਚੜ੍ਹਦੀ ਕਲਾ ਦਾ ਸਰੂਪ ਹੀ ਗੁਰੂ ਕੇ ਸਿੰਘ ਦੀ ਨਿਵੇਕਲੀ ਪਛਾਣ ਹੈ ਖਾਸ ਕਰਕੇ ਆਪਣੇ ਕਾਤਲਾਂ ਦੇ ਸਾਹਵੇਂ ਇਸ ਅਦੁੱਤੀ ਰੌਂ ਵਿਚ ਖਲੋਣਾ ਅਤੇ



Sri Satguru Jagjit Singh Ji eLibrary NamdhariElibrary@gmail.com

ਵੰਗਾਰਨਾ—

"ਹਾਥੀ ਮਸਤ ਜਿਉਂ ਮਸਤ ਮਸਤਾਨੜੇ ਥੇ,
ਬਹੁਤ ਖ਼ੂਬਸੂਰਤ ਉੱਚੇ ਜੁਆਨ ਸੋਹਣੇ।
ਸਾਹਿਬ ਦੇਖਦੇ ਸਾਰ ਪੈ ਗਿਆ ਰੌਲਾ,
ਬੋਹੜਾਂ ਮਾਰਦੇ ਸਿੰਘ ਬਲਵਾਨ ਸੋਹਣੇ।
ਭਾਰੇ ਬਹੁਤ ਨਾਹਰੇ ਮਾਰੇ ਖਾਲਸੇ ਨੇ,
ਉੱਠੇ ਗੂੰਜ ਥੇ ਜਿਮੀਂ ਅਸਮਾਨ ਸੋਹਣੇ।
ਕੰਨ ਪਾਈ ਨਾ ਸੁਣੇ ਹਰਨਾਮ ਸਿੰਘਾ,
ਖੁਸ਼ੀਆਂ ਮੌਤ ਦੀਆਂ ਸਿੰਘ ਮਨਾਣ ਸੋਹਣੇ।

(......ਉਹੀ ਸਫਾ ੪੮)

ਸੱਤ ਸਿੰਘਾਂ ਦੇ ਪਹਿਲੇ ਪੂਰ ਨੂੰ, ਜਦੋਂ ਸੱਤਾਂ ਹੀ ਤੋਪਾਂ ਅੱਗੇ ਖਲਿਹਾਰਿਆ ਗਿਆ ਤਾਂ ਸ਼ਹੀਦੀ ਜਥੇ ਦੇ ਦੋਵੇਂ ਜਥੇਦਾਰ ਹੀਰਾ ਸਿੰਘ ਲਹਿਣਾ ਸਿੰਘ ਵੀ ਇਸ ਵਿਚ ਸ਼ਾਮਲ ਸਨ। ਇਹ ੧੭ ਜਨਵਰੀ ੧੮੭੨ ਦਾ ਦਿਨ ਸੀ। ਇਸ ਦਿਨ ੪੯ ਸਿੰਘ ਤੋਪਾਂ ਨਾਲ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਐਲ. ਕਾਵਨ ਦੇ ਹੁਕਮ ਨਾਲ ਉਡਾਏ ਗਏ। ਪਹਿਲਾ ਜਥਾ ਅਤੇ ਉਸਦੇ ਆਗੂਆਂ ਦੀ ਚੜ੍ਹਤ ਨੂੰ ਵੀ ਭਾਈ ਜੀ ਬੀਰ-ਰਸ ਵਿਚ ਗੜੂੰਦ ਹੋਕੇ ਬਿਆਨਦੇ ਹਨ—

"ਲਹਿਣਾ ਸਿੰਘ ਹੀਰਾ ਸਿੰਘ ਬੀਰ ਬਾਂਕੇ,
ਦੋਨੋਂ ਤੋਪ ਅੱਗੇ ਛਾਤੀ ਤਾਣ ਖੜ੍ਹ ਗਏ।
ਨਾਲੇ ਹੁਕਮ ਦਿੱਤਾ ਚੱਲ ਚੰਡੀਏ ਨੀ,
ਫਤੇ ਬੋਲ ਕੇ ਬੀਰ ਬਲਵਾਨ ਖੜ੍ਹ ਗਏ।
ਹੋਇਆ ਫੈਰ ਸ਼ਹੀਦ ਸਰਦਾਰ ਹੋਏ,
ਲੈਕੇ ਦੇਵਤੇ ਫੁੱਲ ਅਸਮਾਨ ਖੜ੍ਹ ਗਏ।
ਏਵੇਂ ਕਿਵੇਂ ਤੂੰ ਸਮਝ ਹਰਨਾਮ ਸਿੰਘਾ,
ਖੁਸ਼ੀਆਂ ਨਾਲ ਤਮਾਮ ਜਵਾਨ ਖੜ੍ਹ ਗਏ।"

ਅਗਲੇ ਦਿਨ ੧੬ ਸਿੰਘ ਫਿਰ ਤੋਪ ਨਾਲ ਉਡਾਏ ਗਏ, ਇਸ ਦਿਨ ਅੰਬਾਲੇ ਤੋਂ ਕਮਿਸ਼ਨਰ ਫੋਰਸਿੱਥ ਵੀ ਆ ਗਿਆ ਸੀ। ਪਹਿਲੇ ਦਿਨ ਭਾਈ ਬਿਸ਼ਨ ਸਿੰਘ ਰੜ ਪਿੰਡ ਵਾਲੇ ਭੁਜੰਗੀ ਨੂੰ ਕਾਵਨ ਦੀ ਦਾੜ੍ਹੀ ਫੜਨ ਕਰਕੇ ਤਲਵਾਰ ਨਾਲ ਟੋਟੇ ਟੋਟੇ ਕਰਕੇ ਸ਼ਹੀਦ ਕੀਤਾ ਗਿਆ, ਕਿਉਂਕਿ ਉਸਨੂੰ ਬੱਚਾ ਜਾਣਕੇ ਕਾਵਨ ਮਾਫੀ ਮੰਗਕੇ ਛੁੱਟਣ ਦੀ ਪ੍ਰੇਰਨਾ ਦੇ ਰਿਹਾ ਸੀ।

੧੮ ਜਨਵਰੀ ਦੀ ਦੇਰ ਰਾਤ ਨੂੰ ਹੀ ਸ੍ਰੀ ਭੈਣੀ ਸਾਹਿਬ ਤੋਂ ਪੁਲੀਸ ਕਰਮਚਾਰੀ "ਵੱਡਾ ਗੋਰਾ ਯਾਦ ਕਰਦਾ ਹੈ" ਦੇ ਬਹਾਨੇ ਸ੍ਰੀ ਸਤਿਗੁਰੂ ਜੀ ਤੇ ਕੁਝ ਸੂਬਿਆਂ ਤੇ ਸੇਵਕ ਭਾਈ ਨਾਨੂੰ ਸਿੰਘ ਨੂੰ ਲੁਧਿਆਣੇ ਲੈਕੇ ਤੁਰਨ ਲੱਗੇ। ਇਸ ਪਰਦੇਸ ਗਮਨ ਸਾਕੇ ਦਾ ਹਾਲ ਲਿਖਦਿਆਂ ਭਾਈ ਹਰਨਾਮ ਸਿੰਘ ਦੀ ਕਲਮ ਖ਼ੂਨ ਦੇ ਅੱਥਰੂ ਰੋ ਰਹੀ ਹੈ। ਇਹ ਦਰਦ ਵਿਛੋੜੇ ਦਾ ਸੱਲ ਜਿਵੇਂ ਨਾਮਧਾਰੀ ਸੰਗਤਾਂ ਨੇ ਹੰਢਾਇਆ ਹੈ, ਉਸਨੂੰ ਕੋਈ ਬਿਰਹੁੰ ਕੁੱਠਾ ਹਿਰਦਾ ਹੀ ਮਹਿਸੂਸ ਕਰ ਸਕਦਾ ਹੈ। ਬਗਲੀ ਵਾਲੇ ਦੇ ਕਿੱਸੇ ਦੇ ਇਸ ਹਿੱਸੇ ਦਾ ਪਾਠ ਅੱਥਰੂਆਂ ਦੀ ਵਾਦੀ ਵਿਚੋਂ ਗੁਜ਼ਰੇ ਬਿਨਾਂ ਸੰਪੂਰਨ ਨਹੀਂ ਹੋ ਸਕਦਾ। ਮੇਰੀ ਬੇਨਤੀ ਹੈ ਕਿ ਸਾਡੇ ਸਿਰਮੌਰ ਕਵੀ ਦੀ ਕਵਿਤਾ ਨੂੰ ਸਾਧਾਰਨ ਪੱਧਰ ਦੀ ਕਵਿਤਾ ਕਹਿਣ ਵਾਲੇ ਵਿਦਵਾਨ ਸੱਜਣ, ਕੇਵਲ ਇਸ ਹਿੱਸੇ ਦਾ ਹੀ ਇਕ ਵੇਰ ਰਤਾ ਪਾਠ ਕਰਕੇ ਵੇਖਣ ਅਤੇ ਫਿਰ ਆਪਣੀ ਰਾਇ ਨੂੰ ਦੁਬਾਰਾ ਸੋਧ ਲੈਣ। ਹਾਂ ਤੇ ਭਾਈ ਹਰਨਾਮ ਸਿੰਘ ਜੀ ਲਿਖਦੇ ਹਨ—

"ਏਹ ਤਾਂ ਹਾਲ ਸੁਣ ਚੁੱਕੇ ਕੋਟਲੇ ਦਾ,
ਭੈਣੀ ਸਾਹਿਬ ਦਾ ਭੀ ਸਮਾਚਾਰ ਸੁਣ ਲੌ।
ਰਾਮ ਸਿੰਘ ਸਤਿਗੁਰ ਵੰਨੀਂ ਅਫਸਰਾਂ ਦੀ,
ਨਿਗ੍ਹਾ ਗਰਮ ਹੈਸੀ ਖਿਆਲ ਧਾਰ ਸੁਣ ਲੌ।

..............................................

ਬੇਕਸੂਰ ਮਹਾਰਾਜ ਥੇ ਓਸ ਵੇਲੇ,
ਕੀਤਾ ਨਹੀਂ ਇਨਸਾਫ ਸਰਕਾਰ ਸੁਣ ਲੌ।
ਸੱਦਣ ਲੀਏ ਮਹਾਰਾਜ ਨੂੰ ਲੁਧਿਆਣੇ,
ਹੁਕਮ ਭੇਜ ਤਾ ਤੇਜ ਤਰਾਰ ਸੁਣ ਲੌ।

..............................................

ਖੀਨ ਖਾਫ਼ ਜ਼ਰੀਆਂ ਵਾਲੇ ਬਾਦਸ਼ਾਹੀ,
ਚੋਗੇ ਮਖਮਲੀ ਦੀਏ ਉਤਾਰ ਸੁਣ ਲੌ।
ਆਸਣ ਬੰਨ੍ਹ ਕੇ ਸੀਸ ਤੇ ਜਿਸਮ ਉੱਤੇ,
ਬੁੱਕਲ ਕੰਬਲੀ ਦੀ ਲਈ ਮਾਰ ਸੁਣ ਲੌ।
ਛੱਡ ਗਏ ਕੋਤਲ ਘੋੜੇ ਖੜ੍ਹੇ ਸਤਿਗੁਰ,
ਗੱਡੇ ਉੱਤੇ ਹੋ ਗਏ ਅਸਵਾਰ ਸੁਣ ਲੌ।
ਚੱਲੇ ਚੱਲੇ ਰਾਜੇ ਜੋਗੀ ਜੰਗਲਾਂ ਨੂੰ,
ਵੱਸਦੇ ਛੱਡਕੇ ਸ਼ਹਿਰ ਬਜ਼ਾਰ ਸੁਣ ਲੌ।
ਚਲੇ ਵਿਛੁੜ ਜਦੋਂ ਸਤਿਗੁਰ ਸੰਗਤਾਂ ਤੋਂ,
ਸਿੰਘ ਰੋਣ ਲੱਗੇ ਭੁੱਬਾਂ ਮਾਰ ਸੁਣ ਲੌ।
ਏਹ ਅਖੀਰ ਦੇ ਬਚਨ ਹਰਨਾਮ ਸਿੰਘਾ,
ਕਿਹਾ ਸੰਗਤਾਂ ਨੂੰ ਜਾਂਦੀ ਵਾਰ ਸੁਣ ਲੌ।"

(.....ਉਹੀ ਸਫਾ ੫੨)

ਕਵੀ ਆਪਣੀ ਘਰੋਗੀ ਗਵਾਹੀ ਨਾਲ ਦੱਸਦਾ ਹੈ ਕਿ



Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਜੀ ਦੇ ਵਿਛੋੜੇ ਦਾ ਅਸਰ ਕਿੰਨਾ ਮਾਰੂ ਸੀ। ਕੂਕੇ ਨੇ ਦੁਨਿਆਵੀ ਕਾਰ ਵਿਹਾਰ ਅਤੇ ਗ੍ਰਿਹਸਤ ਦੇ ਜੰਜਾਲ ਵੀ ਛੱਡ ਦਿੱਤੇ ਸਨ। ਕਿੰਨੇ ਐਸੇ ਪ੍ਰੇਮੀ ਸਨ ਜੋ ਫਿਰ ਮੰਜੇ ਤੇ ਨਹੀਂ ਸੁੱਤੇ, ਕੇਸਾਂ ਨੂੰ ਖਿੰਦਾ ਨਹੀਂ ਲਾਇਆ। ਸ਼ਾਇਦ ਉਹ ਆਪਣੇ ਤੇ ਪੰਜਾਬੀ ਗੀਤ ਦੀਆਂ ਇਹਨਾਂ ਤੁਕਾਂ ਨੂੰ ਢੁਕਾ ਕੇ ਵੇਖ ਰਹੇ ਸਨ—

"ਅੰਗਣੇ 'ਚ ਬੱਤੀ ਮੈਂ ਨਾ ਏਸ ਲਈ ਜਗਾਈ ਏ,
ਖੌਰੇ ਪਰਦੇਸੀਆਂ ਨੂੰ ਰਾਤ ਕਿੱਥੇ ਆਈ ਏ ?"

ਕੂਕੇ ਕਹਿੰਦੇ ਸਨ ਰਾਮ ਜੀ ਤਰੇਤੇ ਜੁੱਗ ਵਿਚ ਤੇ ਤੁਹਾਡਾ ਚੌਦਾਂ ਸਾਲਾਂ ਦਾ ਬਨਵਾਸ ਸੀ ਉਹ ਤੇ ਇਕ ਇਕ ਦਿਨ ਗਿਣ ਕੇ ਕੱਟਿਆ ਗਿਆ ਸੀ। ਹੁਣ ਕੋਈ ਨਿਸ਼ਚਿਤ ਸਮਾਂ ਸੀਮਾ ਨਹੀਂ। ਇਹਨਾਂ ਹਾਲਾਤ ਦਾ ਵਰਣਨ ਇਸ ਹਿਰਦੇ ਸਪਰਸ਼ੀ ਬੈਂਤ ਵਿਚ ਬਖੂਬੀ ਕੀਤਾ ਗਿਆ ਹੈ—

"ਮਰ ਗਏ ਬਹੁਤ ਪ੍ਰੇਮੀ ਬੌਰੇ ਹੋਏ ਕਮਲੇ,
ਵਿੱਛੜ ਗਏ ਥੇ ਦੀਨ ਦਿਆਲ ਜਦੋਂ।
ਕਈ ਹੱਸਣੋਂ ਬੋਲਣੋ ਬੰਦ ਹੋ ਗਏ,
ਅੱਗ ਬਿਰਹੋਂ ਦੀ ਨੇ ਦਿੱਤੇ ਜਾਲ ਜਦੋਂ।
ਕਈ ਛੱਡ ਘਰ ਬਾਰ ਨੂੰ ਭੱਜ ਨੱਠੇ,
ਹੋਏ ਹਾਲ ਤੇ ਕਈ ਬੇਹਾਲ ਜਦੋਂ।
ਕਈ ਭਜਨ ਕਰਦੇ ਬਾਤ ਨਹੀਂ ਕਰਦੇ,
ਕਈ ਸ਼ਬਦ ਪੜ੍ਹਦੇ ਸੁਰਾਂ ਨਾਲ ਜਦੋਂ।
ਕਈ ਨੌਜੁਆਨਾਂ ਮਾਈਆਂ ਬੀਬੀਆਂ ਨੇ,
ਦਿੱਤਾ ਪ੍ਰੇਮ ਵਿਛੋੜੇ ਦਾ ਪਾਲ ਜਦੋਂ।
ਸ਼ੀਸ਼ਾ ਦੇਖਿਆ ਨਾ ਬਾਹੇ ਕੇਸ ਲੰਮੇ,
ਜਟਾਂ ਕਰ ਲਏ ਸਿਰਾਂ ਦੇ ਵਾਲ ਜਦੋਂ।
ਸਤਿਗੁਰ ਵਿਛੜਿਆ ਤੇ ਮਾਤਾ ਪਿਤਾ ਜੀ ਨੇ,
ਤਿਆਗੇ ਗ੍ਰਿਸਤ ਦੇ ਕੁੱਲ ਜੰਜਾਲ ਜਦੋਂ।
ਦਿਨ ਕੱਟਦੇ ਰਹੇ ਵਿਯੋਗ ਅੰਦਰ,
ਖੁਸ਼ੀ ਨਾ ਮਨਾਈ ਕਈ ਸਾਲ ਜਦੋਂ।
ਓਹ ਵਿਛੋੜੇ ਦੇ ਜ਼ਖਮ ਹਰਨਾਮ ਸਿੰਘ,
ਭਰ ਦੇਣਗੇ ਪੁਰਖ ਅਕਾਲ ਕਦੋਂ ?"

(...ਉਹੀ ਸਫਾ ੫੩)

ਇਲਾਹਾਬਾਦ ਦੇ ਕਿਲੇ ਵਿਚ ਮੁਖੀ ਸੂਬਿਆਂ ਸਮੇਤ ਸਤਿਗੁਰੂ ਜੀ ਨੂੰ ਜਨਵਰੀ ੧੮੭੨ ਈ. ਦੇ ਦੂਜੇ ਪੱਖ ਵਿਚ ਪੁਚਾ ਦਿੱਤਾ ਗਿਆ ਸੀ। ਉਸ ਸਮੇਂ ਪੰਜਾਬ ਅਤੇ ਸਿੱਖ ਰਿਆਸਤਾਂ ਦੇ ਸਾਰੇ ਗਿਣੇ ਮਿੱਥੇ ਜਾਂਦੇ ਲੋਕਾਂ, ਰਾਜਿਆਂ, ਰਈਸਾਂ, ਮਹੰਤਾਂ, ਡੇਰੇਦਾਰਾਂ, ਪੁਜਾਰੀਆਂ ਨੇ ਸਤਿਗੁਰੂ ਜੀ ਦੇ ਵਿਰੁੱਧ ਸਰਕਾਰ ਨੂੰ ਲਿਖ ਦਿੱਤਾ ਕਿ ਇਹਨਾਂ ਦੀ ਮਨਸ਼ਾ ਤੁਹਾਡਾ ਰਾਜ ਲੈਣ ਦੀ ਹੈ। ਇਸ ਲਈ ਇਹਨਾਂ ਨੂੰ ਵਾਪਸ ਪੰਜਾਬ ਭੇਜਣਾ ਖ਼ਤਰੇ ਤੋਂ ਖਾਲੀ ਨਹੀਂ ਹੋਵੇਗਾ। ਭਾਈ ਹਰਨਾਮ ਸਿੰਘ ਪੰਜਾਬ ਦੇ ਇਹਨਾਂ ਕਹਿੰਦੇ ਕਹਾਉਂਦੇ ਲੋਕਾਂ ਦੀ ਅਲਪੱਗਤਾ ਦੀ ਇਉਂ ਖਿੱਲੀ ਉਡਾਉਂਦਾ ਹੈ—

*"ਦੇਸ ਵਾਲਿਆਂ ਨੇ ਕੀਤਾ ਬਹੁਤ ਮਾੜਾ,*
*ਹੋਏ ਗੁਰਾਂ ਦੇ ਕੁੱਲ ਨੁਕਸਾਨ ਸਾਰੇ।*
*ਵੱਡੇ ਵੱਡੇ ਰਾਈਸ ਸਰਦਾਰ ਰਾਜੇ,*
*ਹਿੰਦੂ ਚੌਧਰੀ ਤੇ ਮੁਸਲਮਾਨ ਸਾਰੇ।*
*ਸਾਧੂ ਸੰਤ ਮਹੰਤ ਪੁਜਾਰੀਆਂ ਨੇ,*
*ਝੂਠ ਬੋਲ ਕੇ ਲਾਏ ਤੁਫਾਨ ਸਾਰੇ।*
.................................
*ਬ੍ਰਹਮ ਬੂਟੇ ਦੇ ਜਿਹੜੇ ਮਹੰਤ ਸੀਗੇ,*
*ਚੰਗੇ ਥੇ ਸਾਧੂ ਧਰਮਵਾਨ ਸਾਰੇ।*
*ਦਸਖਤ ਨਹੀਂ ਕੀਤੇ ਉਨ੍ਹਾਂ ਮਿਸਲ ਉੱਤੇ,*
*ਲਾਉਂਦੇ ਰਹੇ ਅਫਸਰ ਆਪਣਾ ਤਾਨ ਸਾਰੇ।*
*ਸਾਰਾ ਦੇਸ਼ ਬਣਿਆ ਦੁਸ਼ਮਨ ਕੂਕਿਆਂ ਦਾ,*
*ਬਾਗੀ ਦੱਸਕੇ ਕਰਨ ਵੈਰਾਨ ਸਾਰੇ।*
*ਕੀਤਾ ਲੋਕਾਂ ਨੇ ਬੁਰਾ ਹਰਨਾਮ ਸਿੰਘਾ,*
*ਪੱਛੋਤਾਉਣਗੇ ਲੋਕ ਜਹਾਨ ਸਾਰੇ।"*

(...ਉਹੀ ਸਫਾ ੫੫)

ਸਤਿਗੁਰੂ ਜੀ ਨੂੰ ਸੇਵਕ ਨਾਨੂੰ ਸਿੰਘ ਸਮੇਤ ੬ ਮਾਰਚ ੧੮੭੨ ਈ. ਨੂੰ ਬਰ੍ਹਮਾ ਦੇ ਸ਼ਹਿਰ ਰੰਗੂਨ ਵਿਚ ਨਜ਼ਰਬੰਦ ਕਰ ਦਿੱਤਾ। ਸੂਬਾ ਰੂੜ ਸਿੰਘ, ਮਲੂਕ ਸਿੰਘ, ਪਹਾੜਾ ਸਿੰਘ ਜੀ ਨੂੰ ਕਵੀ "ਕਾਲੇ ਪਾਣੀਆਂ ਤਿੰਨੇ ਪੁਚਾ ਦਿੱਤੇ" ਲਿਖਦਾ ਹੈ, ਜੋ ਦਰੁਸਤ ਨਹੀਂ। ਇਹਨਾਂ ਨੂੰ ਬੰਬਈ ਪ੍ਰੇਜ਼ੀਡੈਂਸੀ ਦੇ ਕਿਲ੍ਹਾ ਅਸੀਰਗੜ੍ਹ ਵਿਚ ਭੇਜਿਆ ਗਿਆ। ਸੂਬਾ ਜਵਾਹਰ ਸਿੰਘ, ਲੱਖਾ ਸਿੰਘ ਅਤੇ ਬ੍ਰਹਮਾ ਸਿੰਘ ਜੀ ਨੂੰ ਮੌਲਮੀਨ ਲੋਇਰ ਬਰ੍ਹਮਾ ਵਿਚ ਰੱਖਿਆ ਗਿਆ। ਸੂਬਾ ਕਾਹਨ ਸਿੰਘ ਜੀ ਚੱਕ ਵਾਲੇ ਤੇ ਸੂਬਾ ਸਾਹਿਬ ਸਿੰਘ ਜੀ ਨੂੰ ਅਦਨ (ਅਰਬ) ਵਿਚ ਪੁਚਾਇਆ ਗਿਆ। ਸੂਬਾ ਮਾਨ ਸਿੰਘ ਅਤੇ ਹੁਕਮਾ ਸਿੰਘ ਜੀ ਨੂੰ ਇਥੇ ਇਲਾਹਾਬਾਦ ਹੀ ਚੁਨਾਰ ਦੇ ਕਿਲੇ ਵਿਚ ਕੈਦ ਕੀਤਾ। ਸਰਦਾਰ ਮੰਗਲ ਸਿੰਘ ਵੀ ਇਲਾਹਾਬਾਦ ਤੋਂ ਹੀ ਵਾਪਸ ਦੇਸ਼ ਭੇਜ ਦਿੱਤਾ ਗਿਆ ਸੀ। ਲੁਧਿਆਣੇ, ਐਂਗਲੋ ਇੰਡੀਅਨ ਪੁਲਸ ਕਪਤਾਨ ਵਾਰਬਰਟਨ, ਪੂਰੇ ੨੧ ਵਰ੍ਹੇ



Sri Satguru Jagjit Singh Ji eLibrary NamdhariElibrary@gmail.com

ਕੂਕਿਆਂ ਨੂੰ ਦਬਾਈ ਰੱਖਣ ਲਈ ਅੰਗਰੇਜ਼ ਸਰਕਾਰ ਨੇ ਲਾਈ ਰੱਖਿਆ ਸੀ। ਉਸਦੀ ਘਰਵਾਲੀ ਨੇਕ ਦਿਲ ਔਰਤ ਸੀ। ਇਹ ਕਿੱਸੇ ਦੀਆਂ ਨਾਟਕੀ ਜੁਗਤਾਂ ਵਿਚ ਵੀ ਵਰਤਿਆ ਜਾਂਦਾ ਹੈ। ਇਕ ਕਰੂਰ ਪਾਤਰ ਦੇ ਮੁਕਾਬਲੇ ਉਸ ਦੇ ਪਰਿਵਾਰ ਦਾ ਹੀ ਕੋਈ ਦਿਆਲੂ ਜੀਅ ਆ ਖਲੌਂਦਾ ਹੈ। ਇਸ ਮੇਮ ਤੋਂ ਹੀ ਰਾਇਪੁਰੀਏ ਬਾਬਾ ਦਰਬਾਰਾ ਸਿੰਘ ਗਰੇਵਾਲ ਨੂੰ ਸਤਿਗੁਰੂ ਜੀ ਦੇ ਰੰਗੂਨ ਹੋਣ ਦੀ ਸੂਹ ਕਾਫੀ ਚਿਰ ਬਾਦ ਲੱਗੀ ਅਤੇ ਇਹ ਬਾਬਾ ਜੀ ਹੀ ਫਿਰ ਪਹਿਲੋਂ ਪਹਿਲ ਦਰਸ਼ਨ ਕਰਕੇ ਅਤੇ ਗੁਰੂ ਹਰੀ ਸਿੰਘ ਜੀ ਨੂੰ (ਪਹਿਲੋਂ ਆਪ ਦੇ ਛੋਟੇ ਭਾਈ ਬੁੱਧ ਸਿੰਘ) ਕੂਕਾ ਪੰਥ ਫੁਲਵਾੜੀ ਦਾ ਮਾਲੀ ਨੀਅਤ ਕਰਨ ਦਾ ਹੁਕਮਨਾਮਾ ਜਾਂ ਸੰਦੇਸ਼ ਲੈਕੇ ਆਏ। ਸਤਿਗੁਰੂ ਜੀ ਬਾਬੇ ਦਰਬਾਰਾ ਸਿੰਘ ਤੋਂ ਪੁੱਛਦੇ ਹਨ—

"ਹੁੱਬਲ ਵਤਨ ਦਾ ਫੇਰ ਕੀ ਹਾਲ ਹੋਇਆ,
ਜਦੋਂ ਦੇਸ ਪਾਸੋਂ ਅਸੀਂ ਦੂਰ ਹੋਏ।
ਭਵਜਲ ਗੁਜ਼ਰਿਆ ਕਿਸ ਤਰ੍ਹਾਂ ਸੰਗਤਾਂ ਤੇ,
ਕੀ ਕੀ ਅਸਾਂ ਦੇ ਬਾਦ ਫਤੂਰ ਹੋਏ।
ਸਾਡੇ ਵਿਛੜਿਆਂ ਤੋਂ ਪਿੱਛੋਂ ਅਸੀਂ ਸੁਣਿਆਂ,
ਬੇਕਸੂਰਾਂ ਤੇ ਜ਼ੁਲਮ ਜਰੂਰ ਹੋਏ।
ਸਾਰੇ ਦੱਸ ਤੂੰ ਹਾਲ ਹਰਨਾਮ ਸਿੰਘਾ,
ਜਿਹਲੀਂ ਕਿਸ ਤਰ੍ਹਾਂ ਬਿਨਾਂ ਕਸੂਰ ਹੋਏ।

(...ਉਹੀ ਸਫਾ ੫੭)

ਇਸ "ਦਰਦ ਵਿਛੋੜੇ ਦੇ ਧੁਖਦੇ ਧੂੰਏ" ਨੂੰ ਬਾਬਾ ਦਰਬਾਰਾ ਸਿੰਘ ਇਸ ਤਰ੍ਹਾਂ ਹੌਲੀ ਹੌਲੀ ਫੋਲਦੇ ਹਨ—

"ਤੇਰੇ ਨਾਲ ਵਿਛੋੜੇ ਦੇ ਸਿੰਘ ਸਿਦਕੀ,
ਦਿਨ ਰਾਤ ਰੋਂਦੇ ਭੁੱਬਾਂ ਮਾਰ ਦੂਲੇ।
ਕਈ ਹੋ ਬਉਰੇ ਭੱਜੇ ਜੰਗਲਾਂ ਨੂੰ,
ਦਿੱਤੇ ਛੱਡ ਵੱਸਦੇ ਘਰ ਬਾਰ ਦੂਲੇ।
ਕਈ ਮਸਤ ਮਸਤਾਨੜੇ ਕੂਕਦੇ ਸੀ,
ਤੇਰਾ ਨਾਮ ਲੈ ਲੈ ਰੁੱਕੇ ਮਾਰ ਦੂਲੇ।
ਰੋਟੀ ਖਾਧੀ ਨਾ ਰੱਜ ਕੇ ਕੂਕਿਆਂ ਨੇ,
ਨਾ ਕੋਈ ਖੁਸ਼ੀ ਦੇ ਕਰੇ ਬਿਹਾਰ ਦੂਲੇ।
ਬੁੱਧ ਸਿੰਘ, ਮਹਾਰਾਜ ਜੀ ਵੀਰ ਤੇਰਾ,
ਗਮੀਆਂ ਸੋਗਾਂ ਦਾ ਹੋਇਆ ਸ਼ਿਕਾਰ ਦੂਲੇ।
ਭੁੱਖ ਨੀਂਦ ਤਿਆਗੀ ਬਗੁਲੀ ਵਾਲਿਆਂ ਨੇ,
ਖਾ ਕੇ ਪ੍ਰੇਮ ਵਿਛੋੜੇ ਦੀ ਮਾਰ ਦੂਲੇ।
ਭੈਣੀ ਸਾਹਿਬ ਨੂੰ ਲੁੱਟ ਲਿਆ ਜ਼ਾਲਮਾਂ ਨੇ,
ਚੀਜ਼ਾਂ ਲੈ ਗਏ ਬਿਨਾਂ ਸ਼ੁਮਾਰ ਦੂਲੇ।
ਧਰਤੀ ਪਾਣੀ ਹਾਂਡੇ ਪੱਟੀ ਫੌਜੀਆਂ ਨੇ,
ਨਿਕਲਿਆ ਨਹੀਂ ਥਾ ਕੋਈ ਹਥਿਆਰ ਦੂਲੇ।
ਚੌਂਕੀ ਪੁਲਸ ਦੀ ਇਕ ਬਿਠਾਲ ਦਿੱਤੀ,
ਹੋਈਆਂ ਸੰਗਤਾਂ ਬਹੁਤ ਲਾਚਾਰ ਦੂਲੇ।
ਬੇਕਸੂਰਾਂ ਨੂੰ ਪਕੜ ਕੇ ਕੈਦ ਕਰਦੇ,
ਕੂਕੇ ਪੰਥ ਨੂੰ ਕਰਨ ਖਵਾਰ ਦੂਲੇ।
ਬ੍ਰਿਟਿਸ਼ ਰਾਜ ਨੇ ਆਪਦੇ ਪੰਥ ਉੱਤੇ,
ਕੀਤੇ ਬੜੇ ਭਾਰੀ ਅਤਿਆਚਾਰ ਦੂਲੇ।
ਭੋਗ ਪਾਠ ਗਮੀਆਂ ਖੁਸ਼ੀਆਂ ਵਿਚ ਕਿਧਰੇ,
ਕੂਕੇ ਹੋਣ ਨਾਂ 'ਕੱਠੇ ਭੀ ਚਾਰ ਦੂਲੇ।
ਦਾਣਾ ਘਾਸ ਤਿਆਗ ਤਾ ਡੰਗਰਾਂ ਨੇ,
ਤੈਨੂੰ ਯਾਦ ਕਰਦੇ ਵਾਰ ਵਾਰ ਦੂਲੇ।
ਗਾਇ ਮੱਝੀਆਂ ਰਿੰਗਦੀਆਂ ਤੇਰੀਆਂ ਨੇ,
ਕਹਿੰਦੀਆਂ ਗਏ ਕਿਧਰ ਸਿਰਜਨਹਾਰ ਦੂਲੇ।
ਭੈਣੀ ਸਾਹਿਬ ਦੀ ਜੂਹ ਦੇ ਪਸ਼ੂ ਪੰਛੀ,
ਕਰਨਾ ਚਾਹੁੰਦੇ ਤੇਰਾ ਦੀਦਾਰ ਦੂਲੇ।
ਤੇਰੀ "ਚੀਨੀ" ਨਾ ਕਿਸੇ ਦੇ ਹੱਥ ਆਈ,
ਭੱਜ ਗਈ ਕਿਧਰੇ ਛਾਲਾਂ ਮਾਰ ਦੂਲੇ।
ਭੈਣੀ ਸਾਹਿਬ ਦੀਆਂ ਜੂਹਾਂ ਵਿਚ ਰੋਂਦੀ,
ਮਰ ਗਈ "ਚੀਨੀ" ਆਖਰਕਾਰ ਦੂਲੇ।
ਭੈਣੀ ਸਾਹਿਬ ਦੀਆਂ ਮਾਈਆਂ ਬੀਬੀਆਂ ਨੇ,
ਕੀਤੇ ਕਦੇ ਨਾ ਹਾਰ ਸ਼ਿੰਗਾਰ ਦੂਲੇ।
ਜਟਾਂ ਕਰ ਲਏ ਕੇਸ ਹਰਨਾਮ ਸਿੰਘਾ,
ਖੁਸ਼ੀਆਂ ਦਿੱਤੀਆਂ ਕੁੱਲ ਵਿਸਾਰ ਦੂਲੇ।

(....ਉਹੀ ਸਫਾ ੫੭-੫੮)

ਇਸ ਤੋਂ ਬਾਅਦ ਪ੍ਰੇਮ ਦੀਵਾਨਿਆਂ ਨੇ ਬਰ੍ਹਮਾ ਨੂੰ ਧਾਈਆਂ ਕਰ ਦਿੱਤੀਆਂ। ਭਾਵੇਂ ਸਤਿਗੁਰੂ ਜੀ ਸਿੰਘਾਂ ਨੂੰ, ਵਰ੍ਹੇ ਛਿਮਾਹੀ ਬਾਦ ਇਕ ਅੱਧਾ ਜਣਾ ਆਏ ਕਹਿੰਦੇ ਸਨ, ਕਿਉਂਕਿ ਨਿਗਰਾਨੀ ਕਰੜੀ ਸੀ। ਸਾਂਹਵੇ ਬਹਿ ਕੇ ਬਚਨ ਬਲਾਸ ਹੁੰਦਾ ਨਹੀਂ ਸੀ। ਇਸ਼ਾਰੇ ਨਾਲ ਗੱਲਬਾਤ ਹੁੰਦੀ। ਜਾਂ ਕਿਸੇ ਕਿਸੇ ਨੂੰ ਹੁਕਮਨਾਮਾ ਹਾਸਲ ਕਰਨ ਜਾਂ ਆਪਣੀ ਚਿੱਠੀ ਉਹਨਾਂ ਪਾਸ ਭੇਜਣ ਦਾ ਸ਼ਰਫ ਹਾਸਲ ਹੁੰਦਾ ਸੀ। ਸਿੱਖਾਂ ਨੂੰ ਹੋਣ ਵਾਲੀਆਂ ਸੰਭਾਵੀ ਤਕਲੀਫਾਂ ਤੋਂ ਵੀ ਸਤਿਗੁਰੂ ਜੀ ਸੁਚੇਤ ਸਨ, ਪਰ ਫਿਰ ਵੀ ਬੜੇ ਕਸ਼ਟ ਝੱਲ ਕੇ, ਛੱਲੀ ਪੂਣੀ ਵੇਚ ਕੇ, ਜ਼ਮੀਨਾਂ ਵੇਚਕੇ ਜਾਂ ਗਹਿਣੇ ਪਾਕੇ, ਇਥੋਂ



Sri Satguru Jagjit Singh Ji eLibrary NamdhariElibrary@gmail.com

ਤੱਕ ਕੇ ਲੋਕਾਂ ਤੋਂ ਕਿਰਾਇਆ ਮੰਗ ਪਿੰਨ ਕੇ ਵੀ, ਗੁਰੂ ਕੇ ਸਿੱਖ ਖਾਰੇ ਸਮੁੰਦ ਸਾਗਰ ਨੂੰ ਲੰਘ ਕੇ ਆਪਣੇ ਪਿਆਰੇ ਸਤਿਗੁਰੂ ਦੀ ਇਕ ਝਲਕ ਮਾਤਰ ਲੈਣ ਲਈ ਉੱਥੇ ਪਹੁੰਚੇ। ਸਤਿਗੁਰੂ ਜੀ ਲਿਖਦੇ ਸਨ ਕਿ ਮੇਰੇ ਸਰੀਰ ਦਾ ਕਾਲ ਵਰਗਾ ਭੈਅ ਪ੍ਰਮੇਸ਼ਰ ਨੇ ਇਹਨਾਂ (ਗੋਰਿਆਂ) ਨੂੰ ਪਾ ਛੱਡਿਆ ਹੈ। ਇਸ ਲਈ ਉਹ ਸਤਿਗੁਰੂ ਜੀ ਨਾਲੋਂ ਪੰਜਾਬ ਦੀ ਸੰਗਤ ਦਾ ਕੋਈ ਵੀ ਸੰਪਰਕ ਬਣਦਾ ਵੇਖ ਕੇ ਪ੍ਰੇਸ਼ਾਨ ਹੋ ਜਾਂਦੇ ਸਨ। ਆਉਣ ਜਾਣ ਵਾਲੇ, ਹੁਕਮਨਾਮੇ ਲੈ ਕੇ ਫਿਰਨ ਵਾਲੇ ਸਿੱਖਾਂ ਤੇ ਸਖਤੀਆਂ ਹੁੰਦੀਆਂ ਸਨ। ਪਰ ਕੀ ਇਹਨਾਂ ਸਾਰੀਆਂ ਤੰਗੀਆਂ ਤੇ ਮੁਸੀਬਤਾਂ ਦੇ ਸਾਹਵੇਂ ਕੂਕਿਆਂ ਨੇ ਹਾਰ ਮੰਨ ਲਈ ? ਨਹੀਂ ਉੱਕਾ ਨਹੀਂ। ਜਦੋਂ ਰੰਗੂਨ ਤੋਂ ਸਤਿਗੁਰੂ ਜੀ ਨੂੰ ਹੋਰ ਅੱਗੇ ਮਰਗੋਈ ਟਾਪੂ ਵਿਖੇ ਪੁਚਾਇਆ ਗਿਆ, ਜਿਥੇ ਦੋ ਹਫਤੇ ਬਾਦ ਹੀ ਇਕ ਸਟੀਮਰ ਪੁੱਜਦਾ ਸੀ, ਤਾਂ ਸ਼ਾਮ ਸਿੰਘ ਸਿਰਹਾਲੀ ਵਾਲੇ ਦਾ ਸਾਰਿਆਂ ਤੋਂ ਛੋਟਾ ਪੁੱਤਰ ਮੀਹਾਂ ਸਿੰਘ ਉੱਥੇ ਪੁੱਜਕੇ ਨਾ ਸਿਰਫ ਸਤਿਗੁਰਾਂ ਨੂੰ ਟੋਲਣ ਵਿਚ ਹੀ ਸਫਲ ਹੋਇਆ ਸਗੋਂ ਜ਼ਰੂਰੀ ਕਾਗਜ਼ ਪੱਤਰ ਰੂਸ ਸਰਕਾਰ ਵਾਲੇ ਦੇਣ ਲਈ, ਸਿਰ ਤਲੀ ਤੇ ਧਰ ਕੇ ਜੰਗਲਾਂ ਅਤੇ ਚੌੜੀ ਪਾਣੀ ਦੀ ਭਰੀ ਖਾਈ ਟੱਪ ਕੇ, ਸਤਿਗੁਰੂ ਜੀ ਦੀ ਬੁੱਕਲ ਦਾ ਨਿੱਘ ਰਾਤ ਭਰ ਮਾਨਣ ਵਿਚ ਸਫਲ ਹੋਇਆ। ਸਾਡਾ ਕਵੀ ਟੂਕ ਮਾਤਰ ਇਹਨਾਂ ਸਾਰੇ ਵਾਕਿਆਤ ਨੂੰ ਦਰਜ ਕਰਕੇ ਕੌਮੀ ਰਿਣ ਚੁਕਾਉਂਦਾ ਹੈ—

**"ਕਈ ਸਿੰਘ ਸਿਦਕੀ ਬਰਮਾ ਮੁਲਖ ਜਾਕੇ,**
**ਮਿਲੇ ਗੁਰਾਂ ਨੂੰ ਕਸ਼ਟ ਉਠਾ ਉਥੇ।**
**ਦੁੱਖ ਝੱਲਕੇ ਚੀਰ ਕੇ ਸਾਗਰਾਂ ਨੂੰ,**
**ਤਨ ਮਨ ਤੇ ਧਨ ਲਗਾ ਉਥੇ।**
**ਧਰਕੇ ਤਲੀ ਤੇ ਸੀਸ ਨੂੰ ਜਾ ਮਿਲਦੇ,**
**ਸੱਚੇ ਇਸ਼ਕ ਦੀਆਂ ਬਾਜੀਆਂ ਲਾ ਉਥੇ।**
**ਖੁਫੀਆ ਪੁਲਸ ਨੇ ਪਾਇਕੇ ਭੇਤ ਸਾਰਾ,**
**ਗੌਰਮਿੰਟ ਨੂੰ ਦੀਆ ਬਤਾ ਉਥੇ।**
**ਟੋਲ ਲਏ ਸਤਿਗੁਰ ਓਸੇ ਦੇਸ਼ ਵਿਚੋਂ,**
**ਮੀਹਾਂ ਸਿੰਘ ਨੇ ਢੂੰਡ ਢੂੰਡਾ ਉਥੇ।**
**ਕੰਧਾਂ ਜੰਗਲੇ ਟੱਪ ਕੇ ਜਾ ਮਿਲਿਆ,**
**ਸਿਰ ਤਲੀ ਤੇ ਲਿਆ ਟਿਕਾ ਉਥੇ।**
**ਮਿਲਦੇ ਹੋਰ ਭੀ ਰਹੇ ਹਰਨਾਮ ਸਿੰਘਾ,**
**ਪ੍ਰੇਮੀ ਮੌਤ ਨੂੰ ਜੱਫੀਆਂ ਪਾ ਉਥੇ।"**

(...ਉਹੀ ਸਫਾ ੫੩)

ਭਾਈ ਨਿਰੰਜਨ ਸਿੰਘ "ਮਿਰਗੇਸ਼" ਦੀ ਰਚਨਾ ਵੀ ਇਸੇ ਵਿਚਾਰ ਦੀ ਪੁਸ਼ਟੀ ਕਰਦੀ ਹੈ ਜੋ ਉਹਨਾਂ ਦੀ "ਰਾਮ ਦੀ ਭਾਲ" ਨਾਂ ਦੀ ਲੰਮੀ ਕਵਿਤਾ ਦੀਆਂ ਅੰਤਿਮ ਸਤਰਾਂ ਹਨ—

**"ਚੜ੍ਹਿਆ ਨਜ਼ਰ ਆਵੇ ਜੇਕਰ ਚੰਨ ਸੋਹਣਾ,**
**ਤਾਂ ਚਕੋਰ ਨੇ ਵਿੰਹਦਿਆਂ ਥੱਕਣਾ ਕੀ।**
**ਦਿਸੇ ਸਾਹਮਣੇ ਸ਼ਮ੍ਹਾਂ ਦੀ ਜੋਤ ਜਗਦੀ,**
**ਤਾਂ ਪਤੰਗ ਨੇ ਸੜਣ ਤੋਂ ਹੱਟਣਾ ਕੀ।**
**ਚੀਨੀ ਵਾਲਣਾ ਸਾਹਮਣੇ ਨਜ਼ਰ ਆਵੇ,**
**ਦਰਸ਼ਨ ਕਰਨ ਦੇ ਵਾਸਤੇ ਝੱਕਣਾ ਨੀ।**
**ਚਾਰੋਂ ਤਰਫ ਬੰਦੂਕ ਦੇ ਹੋਣ ਪਹਿਰੇ,**
**"ਰਾਮ" ਦਿਸੇ ਸਾਹਵੇਂ ਡਰ ਰੱਖਣਾ ਕੀ"**

ਇਸ ਸਮੇਂ ਦੀਆਂ ਸਰਕਾਰੀ ਸਖਤੀਆਂ ਭਾਈ ਹਰਨਾਮ ਸਿੰਘ ਅਤੇ ਉਹਨਾਂ ਦੇ ਪਰਿਵਾਰ ਨੇ ਸਾਰੇ ਹੀ ਟਕਸਾਲੀ ਕੂਕਿਆਂ ਦੇ ਪਰਿਵਾਰਾਂ ਜਿਉਂ ਝੱਲੀਆਂ ਹਨ, ਉਹ ਇਹਨਾਂ ਸਖਤੀਆਂ ਦੇ ਭੁਗਤ ਭੋਗੀ ਹਨ। ਉਹਨਾਂ ਨੂੰ ਮਾਣ ਹੈ ਕਿ ਬਾਲ ਸਤਿਗੁਰੂ ਪ੍ਰਤਾਪ ਸਿੰਘ ਉਸ ਸਮੇਂ ਦੇ ਰਿਵਾਜ ਮੁਤਾਬਕ ਗੁਰੂ ਹਰੀ ਸਿੰਘ ਜੀ ਦਾ ਹੁਕਮ ਮੰਨ ਕੇ ਹਰਨਾਮ ਸਿੰਘ ਹੋਰਾਂ ਦਾ ਅਨੰਦ ਕਾਰਜ ਕਰਨ ਰਿਆਸਤ ਨਾਹਣ ਵਿਖੇ ਉਹਨਾਂ ਦੇ ਸਹੁਰੇ ਪਿੰਡ ਬਰਾਲ ਗਏ ਸਨ। ਇਸ ਲਈ ਸਮਕਾਲੀ ਕੂਕਾ ਇਤਿਹਾਸ ਭਾਈ ਹਰਨਾਮ ਸਿੰਘ ਦੇ ਦਿਲ ਦੀ ਇਕ ਇਕ ਧੜਕਣ ਵਿਚ ਰਚਿਆ ਹੈ ਤਦੇ ਹੀ ਤਾਂ ਇਸ ਦਾ ਵਰਣਨ ਬੜਾ ਸਟੀਕ ਹੈ। ਸਰਕਾਰੀ ਹਦਾਇਤਾਂ ਕੂਕਿਆਂ ਬਾਰੇ ਕਿਹੋ ਜਹੀਆਂ ਸਨ ਇਹ ਜਾਨਣ ਲਈ ਪੜ੍ਹੋ ਕਿੱਸਾ "ਸੰਤ ਖ਼ਾਲਸਾ"—

"ਕੂਕਾ ਪਿੰਡ ਦਾ ਪਿੰਡ ਹੀ ਰਹੇ ਆਪਣੇ,
ਪਿੰਡੋਂ ਬਾਹਰਲਿਉਂ ਭੀ ਕੂਕਾ ਆਵੇ ਨਾਂਹੀ।
ਬਿਨਾ ਖਬਰ ਦਿੱਤੀ ਵਰਨੀ ਬਾਣੀਆਂ ਦਾ,
ਕੂਕਾ ਪਾਠ ਜਾਂ ਭੋਗ ਪੁਆਵੇ ਨਾਂਹੀ।
ਚੌਂਕੀਦਾਰ ਨੰਬਰਦਾਰ ਤਾੜ ਦਿੱਤੇ,
ਕੂਕਾ ਦੂਰ ਨੇੜੇ ਆਵੇ ਜਾਵੇ ਨਾਂਹੀ।
ਬਿਨਾਂ ਰਪਟ ਦਿੱਤੀ ਬਾਝੋਂ ਸਿੰਘ ਕੂਕਾ,
'ਕੱਠੇ ਪੰਜ ਭੀ ਸਿੰਘ ਕਰਾਵੇ ਨਾਂਹੀ।
ਲੱਗਦੀ ਵਾਹ ਤਾੜੇ ਏਥੋਂ ਤੱਕ ਲੋਕੀ,
ਕੂਕੇ ਨਾਮ ਦਾ ਸਿੰਘ ਕਹਾਵੇ ਨਾਂਹੀ।
ਕਿਸੇ ਮਾਮਲੇ ਵਿਚ ਹਰਨਾਮ ਸਿੰਘਾ,
ਕੂਕਾ ਕੰਨ ਭੀ ਕਿਤੇ ਹਲਾਵੇ ਨਾਂਹੀ।

(....ਉਹੀ ਸਫਾ ੬੦)



Sri Satguru Jagjit Singh Ji eLibrary NamdhariElibrary@gmail.com

ਗੁਰੂ ਹਰੀ ਸਿੰਘ ਜੀ ਨੇ ਨਾਮਧਾਰੀਆਂ ਦੀ ਅਗਵਾਈ ਜਿਸ ਸੁਚੱਜੇ ਢੰਗ ਨਾਲ ਕੀਤੀ ਅਤੇ ਵੱਖੋ ਵੱਖਰੇ ਸਾਧਾਂ ਸੰਤਾਂ ਦੀਆਂ, ਗੱਦੀਆਂ ਲਾਉਣ ਦੀਆਂ ਲਾਲਸਾਵਾਂ ਨੂੰ ਸ਼ਾਂਤ ਕਰਕੇ ਨਾਮਧਾਰੀਆਂ ਨੂੰ ਇਕ ਸੰਜੁਗਤ ਜਥੇਬੰਦੀ ਦਾ ਕਿਵੇਂ ਰੂਪ ਦਿੱਤਾ ਇਸ ਦੇ ਵਰਣਨ ਵਿਚ ਵੀ ਕਿੱਸਾਕਾਰ ਸੁਚੇਤ ਹੈ—

''ਸੁੱਕੀ ਹੋਈ ਖੇਤੀ ਨਾਮਧਾਰੀਆਂ ਦੀ,
ਮੁੜਕੇ ਸਤਿਗੁਰਾਂ ਹਰੀ ਕਚੂਰ ਕੀਤੀ।
ਅੰਮ੍ਰਿਤ ਰੂਪ ਪਾਣੀ ਦੇ ਕੇ ਨਾਮ ਰੂਪੀ,
ਵਾੜੀ ਪੰਥ ਦੀ ਹਰੀ ਅੰਗੂਰ ਕੀਤੀ।
ਖਿੰਡੀ ਪੁੰਡੀ ਤਾਕਤ ਨਾਮਧਾਰੀਆਂ ਦੀ,
ਸਾਰੀ ਬਰਕਤਾਂ ਨਾਲ ਭਰਪੂਰ ਕੀਤੀ।
ਜਥੇਬੰਦੀ ਮੁੜ ਕਰੀ ਹਰਨਾਮ ਸਿੰਘਾ,
ਫੁੱਟ ਕੌਮ ਵਿਚੋਂ ਪਾਪਣ ਦੂਰ ਕੀਤੀ।

(......ਉਹੀ ਸਫਾ ੬੧)

ਭਗਵਾਨ ਸਿੰਘ ਅੜਬੰਗੀ ਪਿੰਡ ਮਰਹਾਣਾ ਜ਼ਿਲ੍ਹਾ ਅੰਮ੍ਰਿਤਸਰ ਦਾ ਖਾੜਕੂ ਕੂਕਾ ਸੀ। ਉਹ ਅੰਮ੍ਰਿਤਸਰ, ਰਾਇਕੋਟ ਆਦਿ ਬੁੱਚੜ ਬੱਧ ਦੇ ਸਾਕਿਆਂ ਵਿਚ ਹਾਜ਼ਰ ਸੀ। ਅੰਮ੍ਰਿਤਸਰ ਸਾਕ ਦਾ ਤਾਂ ਉਹ ਮਿਹਰ ਸਿੰਘ ਲੋਪੋਕਿਆਂ ਵਾਲੇ ਵਾਂਗ ਸਾਰੀ ਉਮਰ ਮਫਰੂਰ ਰਿਹਾ ਸੀ। ਅਨੇਕਾਂ ਪੰਥ ਦੁਸ਼ਮਣਾਂ ਨੂੰ ਉਹ ਉਹਨਾਂ ਦੀਆਂ ਕਰਤੂਤਾਂ ਦਾ ਡੰਨ ਦੇਣ ਲਈ ਸੋਧ ਚੁੱਕਾ ਸੀ। ਭੈਣੀ ਸਾਹਿਬ ਪੁਲੀਸ ਚੌਂਕੀ ਦੇ ਇਕ ਆਕੜੇ ਹੋਏ ਪਠਾਣ ਸਿਪਾਹੀ ਗੋਂਦੇ ਨੂੰ ਵੀ ਉਹਨੇ ਦੁੰਦ ਯੁੱਧ ਵਿਚ ਪਾਰ ਬੁਲਾਇਆ ਸੀ। ਉਹ ੭੦ ਸਾਲ ਦਾ ਸੀ ਗੋਂਦਾ ਚੜ੍ਹਦੀ ਮਾਲੀ ਸੀ। ਗੋਂਦੇ ਦੇ ਕਤਲ ਕੇਸ ਵਿਚ ਉਹਨੇ ਇਹ ਸਿੱਧ ਹੀ ਨਹੀਂ ਸੀ ਹੋਣ ਦਿੱਤਾ ਕਿ ਉਹ ਮਰਹਾਣੇ ਦਾ ਭਗਵਾਨ ਸਿੰਘ ਸੀ। ਉਹ ਕਹਿੰਦਾ ਸੀ ਮੈਂ ਤਾਂ ਅੜਬੰਗੀ ਨਾਂ ਦਾ ਸਾਧ ਹਾਂ। ਨਿੱਕੇ ਹੁੰਦੇ ਨੂੰ ਮਾਂ ਪਿਓ ਸਾਧਾਂ ਨੂੰ ਚੜ੍ਹਾ ਗਏ ਸਨ। ਮੈਨੂੰ ਆਪਣੇ ਅਗੇਤਰ ਪਿਛੇਤਰ ਦਾ ਕੋਈ ਪਤਾ ਨਹੀਂ। ੧੯੧੨ ਈਸਵੀ ਵਿਚ ਸ੍ਰੀ ਭੈਣੀ ਸਾਹਿਬ ਖਰਾਸ ਵਾਲੇ ਕੋਠੇ ਵਿਚ ਚੜ੍ਹਿਆ ਸੀ। ਮੇਰੇ ਪਿਤਾ ਜਥੇਦਾਰ ਗੁਰਮੁਖ ਸਿੰਘ ਝੱਬਰ (੧੯੦੦-੧੯੮੩ ਈ.) ਨੇ ਇਹਨਾਂ ਦੇ ਚੰਗੇ ਦਰਸ਼ਨ ਕੀਤੇ ਅਤੇ ਬਚਨ ਸੁਣੇ ਸਨ। ਇਉਂ ਹੀ ਬਗਲੀ ਵਾਲਾ ਵੀ ਅੜਬੰਗੀ ਦਾ ਵਰਣਨ ਤਵਾਰੀਖ ਨਾਮਧਾਰੀ ਵਿਚ ਇਉਂ ਕਰਦਾ ਹੈ—

ਜ਼ਿਲਾ ਅੰਮ੍ਰਿਤਸਰ ਪਿੰਡ ਮਰਹਾਣੇ ਅੰਦਰ,
ਏਸ ਸੂਰਮੇ ਦਾ ਖਾਨਦਾਨ ਸੀਗਾ।
ਜਿੰਨੇ ਹੋਏ ਸਾਕੇ ਬੁੱਚੜ ਮਾਰਨੇ ਦੇ,
ਵਿਚ ਸਾਰਿਆਂ ਦੇ ਬਲੀਵਾਨ ਸੀਗਾ।
ਦਰਸ਼ਨ ਕਰੇ ਮੈਂ ਇਨ੍ਹਾਂ ਦੇ ਕਈ ਵਾਰੀ,
ਬੜਾ ਚੁਸਤ ਚਲਾਕ ਜਵਾਨ ਸੀਗਾ।
ਸਾਡੇ ਪਿਤਾ ਦੇ ਨਾਲ ਸੀ ਪ੍ਰੇਮ ਇਸਦਾ,
ਉੱਤੇ ਏਸਦੇ ਪਿਤਾ ਕੁਰਬਾਨ ਸੀਗਾ।
ਵੱਡਾ ਸੂਰਮਾ ਗੱਤਕੇ ਵਾਜ ਭਾਰਾ,
ਇਹਦੇ ਫੜਨ ਦੇ ਲ਼ੀਏ ਐਲਾਨ ਸੀਗਾ।
ਅੜਬੰਗੀ ਓਸਦੀ ਅੱਲ ਹਰਨਾਮ ਸਿੰਘਾ,
ਅਸਲ ਨਾਮ ਤਾਂ ਸਿੰਘ ਭਗਵਾਨ ਸੀਗਾ।''

(...ਉਹੀ ਸਫਾ ੬੫)

੧੯੫੬ ਬਿਕਰਮੀ ਦਾ ਕਾਲ ਬਹੁਤ ਭਿਆਨਕ ਸੀ। ਉਸ ਨਾਲ ਵਾਲੇ ਸਮੇਂ ਵਿਚ ਗੁਰੂ ਹਰੀ ਸਿੰਘ ਜੀ ਨੇ ਜਿਸ ਤਰ੍ਹਾਂ ਭੁੱਖੇ ਲੋਕਾਂ ਨੂੰ ਅੰਨ ਜਲ ਨਾਲ ਨਿਵਾਜਿਆ ਉਹ ਵਾਕਿਆ ਪੰਜਾਬੀਆਂ ਦੀ ਪ੍ਰਾਹੁਣਚਾਰੀ ਦੀ ਇਕ ਉੱਘੜਵੀਂ ਮਿਸਾਲ ਬਣ ਗਿਆ ਹੈ। ਅੰਗਰੇਜ਼ ਅਫਸਰ ਜ਼ਿਲੇ ਦੇ ਵੀ ਗੁਰੂ ਜੀ ਨੂੰ ਵਰਜਣ ਆਏ ਸਨ ਕਿ ਇਹਨਾਂ ਭੁੱਖੇ ਲੋਕਾਂ ਜਦੋਂ ਤੁਹਾਡਾ ਸਭ ਕੁਝ ਖਾ ਲਿਆ ਫਿਰ ਕੀ ਕਰੋਗੇ। ''ਇਹਨਾਂ ਨਾਲ ਬਗਲੀ ਫੜਕੇ ਮੈਂ ਵੀ ਤੁਰ ਪਵਾਂਗਾ।'' ਗੁਰੂ ਹਰੀ ਸਿੰਘ ਜੀ ਦਾ ਜੁਆਬ ਸੀ। ਗੁਰੂ ਕੇ ਲੰਗਰ ਦੀ ਇਸ ਮਾਰੂ ਕਾਲ ਵਿਚ ਫੈਲੀ ਸੋਭਾ ਨੂੰ ਵੀ ਭਾਈ ਹਰਨਾਮ ਸਿੰਘ ਕਾਨੀਬੱਧ ਕਰ ਗਿਆ ਹੈ—

''ਦੂਰੋਂ ਦੂਰੋਂ ਲੰਗਰ ਸੁਣਕੇ ਲੋਕ ਆਉਂਦੇ,
ਭੈਣੀ ਹੋਈ ਮਸ਼ਹੂਰ ਸੰਸਾਰ ਸਾਰੇ।
ਭੈਣੀ ਮਿਲੂ ਰੋਟੀ ਲੋਕੀਂ ਗੀਤ ਗਾਉਂਦੇ,
ਇਰਦ ਗਿਰਦ ਭੈਣੀ ਲੱਗੀ ਲਾਰ ਸਾਰੇ।
ਬਾਗੜ ਦੇਸ਼ ਮਸ਼ਹੂਰ ਹੋ ਗਈ ਭੈਣੀ,
ਓਟੂ ਨੋਹਰ ਤੇ ਹਾਂਸੀ ਹਿਸਾਰ ਸਾਰੇ।
ਮਾਰਵਾੜੀਏ ਲੋਕ ਹਰਨਾਮ ਸਿੰਘਾ,
ਬੈਠੇ ਆਣ ਭੈਣੀ ਤਰਫ ਚਾਰ ਸਾਰੇ।

(....ਉਹੀ ਸਫਾ ੬੬)

੧੯੦੬ ਈ. ਵਿਚ ਗੁਰੂ ਹਰੀ ਸਿੰਘ ਗੁਰਪੁਰੀ ਪਿਆਨਾ ਕਰ ਗਏ। ਪੰਥ ਦੀ ਵਾਗ ਡੋਰ ਸਤਿਗੁਰੂ ਪ੍ਰਾਪਤ ਸਿੰਘ ਜੀ ਨੇ ਸੰਭਾਲ ਲਈ—

''ਹਰੀ ਸਿੰਘ ਮਹਾਰਾਜ ਦੇ ਭੋਗ ਉੱਤੇ,
ਹੋਇਆ ਪੰਥ ਕੱਠਾ ਬਲੀਵਾਨ ਭਾਰਾ।
ਚਰਨਾਂ ਉੱਤੇ ਮਹਾਰਾਜ ਪ੍ਰਤਾਪ ਸਿੰਘ ਦੇ,
ਹਰੀ ਨਾਮ ਹਰਿ ਸੀਸ ਝੁਕਾਨ ਭਾਰਾ।''

(.....ਉਹੀ ਸਫਾ ੭੦)



Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਸਮਾਂ ਸਖਤੀਆਂ ਦੇ ਹਾਰੇ-ਹੰਭੇ ਨਾਮਧਾਰੀਆਂ ਲਈ ਫਿਰ ਮਉਲਣ ਮਾਨਣ ਦਾ ਸਮਾਂ ਹੋ ਨਿਬੜਿਆ। ਬੜੀ ਹੁੰਮਸ ਤੋਂ ਬਾਦ ਜਿਵੇਂ ਪੁਰੇ ਦੀ ਹਵਾ ਚੱਲ ਪਵੇ ਜਾਂ ਵੱਡੀ ਔੜ ਬਾਦ ਮੀਂਹ ਦੀਆਂ ਕਣੀਆਂ ਵਿਖਾਈ ਦੇਣ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੰਗਤ ਨੂੰ ਸੰਭਾਲਣ ਅਤੇ ਬਾਕੀ ਲੋਕਾਂ ਨਾਲ ਰਾਜਨੀਤਕ, ਸਮਾਜਿਕ, ਧਾਰਮਿਕ ਸੰਬੰਧ ਸਥਾਪਤ ਕਰਨ ਦੀ ਕੁਸ਼ਲਤਾ ਨੂੰ ਵੀ ਸਾਡਾ ਕਿੱਸਾਕਾਰ ਬਾਰੀਕੀ ਨਾਲ ਘੋਖਦਾ ਹੈ—

"ਗੱਦੀ ਬੈਠ ਮਹਾਰਾਜ ਪ੍ਰਤਾਪ ਸਿੰਘ ਜੀ,
ਵਾਧੇ ਕੌਮ ਦੇ ਲੀਏ ਪਰਚਾਰ ਕਰਦੇ।
ਹੁਨਰ ਇਲਮ ਵਿਦਿਆ ਬਾਝੋਂ ਪੰਥ ਕੋਈ,
ਨਹੀਂ ਉੱਨਤੀ ਵਿਚ ਸੰਸਾਰ ਕਰਦੇ।
ਰਾਜਨੀਤ ਲੰਮੀ ਚੌੜੀ ਸੋਚ ਕਰਕੇ,
ਮੇਲ ਜੋਲ ਭੀ ਨਾਲ ਸਰਕਾਰ ਕਰਦੇ।
ਸੁਲਾਹ ਕੁਲ ਮਹਾਰਾਜ ਪਰਤਾਪ ਸਿੰਘ ਜੀ,
ਕੌਮਾਂ ਸਾਰੀਆਂ ਨਾਲ ਪਿਆਰ ਕਰਦੇ।
ਕਰਨੇ ਲੀਏ ਮਸ਼ਹੂਰ ਇਸ ਕੌਮ ਨੂੰ ਹੀ,
ਜਾਰੀ ਆਪਣਾ ਇਕ ਅਖਬਾਰ ਕਰਦੇ।
ਮਹਾਰਾਜ ਇਹ ਤੇਜ ਇਕਬਾਲ ਵਾਲੇ,
ਰਾਜ ਜੋਗ ਦੋਨੋਂ ਸਵੀਕਾਰ ਕਰਦੇ।
ਕੰਮ ਰਾਜਸੀ ਕਰੇ ਕੰਟਰੋਲ ਜਿਹੜਾ,
ਕਾਇਮ ਇਕ ਚੰਗਾ ਜਥੇਦਾਰ ਕਰਦੇ।
ਕਈ ਗੁਣੀ ਗਿਆਨੀ ਭੇਜ ਤਰਫ਼ ਚਾਰੋਂ,
ਨਾਮਧਾਰੀਆਂ ਨੂੰ ਸਮਝਦਾਰ ਕਰਦੇ।
ਪੱਕੇ ਬ੍ਰਹਮ ਗਿਆਨੀ ਜੋਤ ਸਤਿਗੁਰਾਂ ਦੀ,
ਸੱਚੇ ਧਰਮ ਦੇ ਕੁੱਲ ਵਿਹਾਰ ਕਰਦੇ।
ਬਹੁਤਾ ਲਿਖਾਂ ਕੀ ਹੋਰ ਹਰਨਾਮ ਸਿੰਘਾ,
ਕੌਮ ਉਨਤੀ ਹਰ ਪ੍ਰਕਾਰ ਕਰਦੇ।"

(.....ਉਹੀ ਸਫਾ ੭੧)

ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਭਾਈ ਹਰਨਾਮ ਸਿੰਘ ਹੋਰਾਂ ਨੇ ਆਪਣੇ ਕਿੱਸੇ ਵਿਚ, ਕਿੱਸਾ ਕਾਵਿ ਲਈ ਨਿਰੂਪਤ ਸਾਰੀਆਂ ਸ਼ਰਤਾਂ ਨੂੰ ਪੂਰਿਆਂ ਕੀਤਾ ਹੈ। ਜਿਸ ਤਰ੍ਹਾਂ ਦਾ ਪੰਜਾਬੀ ਲੋਕਾਂ ਦਾ ਸੁਭਾਉ ਹੈ ਉਸਦੇ ਅਨੁਕੂਲ ਹੀ ਸ੍ਵੈਮਾਨ ਤੇ ਦਸਾਂ ਨਹੁੰਆਂ ਦੀ ਕਿਰਤ ਕਮਾਈ ਨਾਲ ਉਪਜੀਵਕਾ ਕਮਾਉਣ ਦਾ ਉਪਦੇਸ਼ ਦੇਣ ਵਾਲੇ ਮਹਾਂ ਨਾਇਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸਿਰਜਿਆ ਗਿਆ ਹੈ। ਉਹਨਾਂ ਦੇ ਬਾਕੀ ਸਿੱਖ ਸਖਾ ਸੂਬੇ ਸੰਤ ਅਤੇ ਸਧਾਰਨ ਨਾਮਧਾਰੀ ਜਾਂ ਕੂਕੇ ਸਿੰਘ ਵੀ ਮਾਨਵੀ ਗੁਣਾਂ ਨਾਲ ਲਬਰੇਜ਼ ਹਨ। ਲਹਿਰ ਦਾ ਮੁਹਾਵਰਾ ਭਾਵੇਂ ਧਾਰਮਿਕ ਹੈ, ਪਰ ਵਿਦੇਸ਼ੀ ਸਰਕਾਰ ਨੂੰ ਇਸਦੇ ਫੈਲਾਓ ਅਤੇ ਲੋਕਾਂ ਵਿਚ ਹੁੰਦੀ ਮਕਬੂਲੀਅਤ ਤੋਂ ਆਪਣੇ ਵਿਰੁੱਧ ਬਗਾਵਤ ਦੀ ਬੂ ਆਉਣ ਲੱਗ ਪੈਂਦੀ ਹੈ। ਉਹ ਆਨੀ ਬਹਾਨੀ ਇਸ ਤੇ ਰੋਕਾਂ ਲਾਉਂਦੇ ਹਨ। ਸਿੰਘ ਰੋਕਾਂ ਕਦੋਂ ਬਰਦਾਸ਼ਤ ਕਰਦੇ ਹਨ। ਉਹ ਤੇ ਖੁਲ੍ਹਮ ਖੁੱਲ੍ਹਾ ਵਿਦਰੋਹ ਦੀ ਭਾਸ਼ਾ ਬੋਲਦੇ ਹਨ। ਪੁਰਾਣੀਆਂ ਕਦਰਾਂ ਕੀਮਤਾਂ ਜਿਹੜੀਆਂ ਡਾਢਿਆਂ ਦੀ ਤਾਬਿਆਦਾਰੀ ਸਿਖਾਉਂਦੀਆਂ ਹਨ, ਉਹ ਪੁਰਾਣੇ ਤੇ ਹੰਡੇ ਹੋਏ ਕੱਪੜੇ ਵਾਂਗੂੰ ਲਾਹ ਕੇ ਪਰ੍ਹੇ ਸੁੱਟ ਦਿੱਤੀਆਂ ਹਨ। ਨਵੇਂ ਜੀਵਨ ਮੁੱਲ ਸਿਰਜੇ ਜਾ ਰਹੇ ਹਨ। ਭੈਣੀ ਸਾਹਿਬ ਦੇ ਟਿੱਬਿਆਂ ਵਿਚੋਂ ਨਵਾਂ ਮਨੁੱਖ ਸਿਰਜਣ ਦੀਆਂ ਕੂਕਾਂ ਵੱਜ ਰਹੀਆਂ ਹਨ। ਪੁਰੋਹਤੀ ਕਰਮ ਕਾਂਡ ਦਾ ਵੀ ਵਿਰੋਧ, ਪੀਰਾਂ ਫਕੀਰਾਂ ਦੀ ਮਾਨਤਾ ਵੀ ਖਤਰੇ ਵਿਚ, ਹਾਕਮਾਂ ਨੂੰ ਵੀ ਸਿੱਧੀ ਵੰਗਾਰ ਕਿ ਆਪਣੇ ਸਤਿਗੁਰੂ ਤੋਂ ਬਿਨਾਂ ਕਿਸੇ ਦਾ ਹੁਕਮ ਨਹੀਂ ਮੰਨਣਾ। ਕਿਸੇ ਦੀ ਕਾਨ ਨਹੀਂ ਰੱਖਣੀ। ਗਊ ਗਰੀਬਾਂ ਦੇ ਕਾਤਲਾਂ ਦੇ ਸਿਰ ਤੇ, ਬੁੱਚੜ ਖਾਨਿਆਂ ਤੇ ਹੱਲੇ ਦੇ ਰੂਪ ਵਿਚ ਵਦਾਣੀ ਸੱਟ। ਤੇ ਫਿਰ ਕੂਕਿਆਂ ਨੇ ਜਿਸ ਆਨ-ਸ਼ਾਨ ਨਾਲ ਮੌਤ ਨੂੰ ਮਜ਼ਾਖਾਂ ਕੀਤੀਆਂ ਉਹ ਪੰਜਾਬ ਦੀ ਕੌਮੀ ਤਾਰੀਖ ਵਿਚ ਉਹਨਾਂ ਨੂੰ ਸ਼ਾਨਾਂ-ਮੱਤਾ ਸਥਾਨ ਦੁਆ ਗਈਆਂ ਹਨ।

ਭਾਈ ਹਰਨਾਮ ਸਿੰਘ ਦੇ ਠੇਠ ਪੰਜਾਬੀ ਬੈਂਤ ਛੇਤੀ ਹੀ ਮੂੰਹ ਤੇ ਚੜ੍ਹ ਜਾਣ ਸਦਕਾ ਕੰਠਾਗਾਰ ਹੋਣ ਵਿਚ ਚਿਰ ਨਹੀਂ ਲਾਉਂਦੇ। ਭਾਸ਼ਾ ਵੀ ਤਕਰੀਬਨ ਕੇਂਦਰੀ ਪੰਜਾਬੀ ਹੈ। ਕਿਤੇ ਕਿਤੇ ਸਥਾਨਕ ਪ੍ਰਭਾਵ ਵਜੋਂ ਪੁਆਧੀ ਦਾ ਜਾਂ ਪਹਾੜੀ ਦਾ ਕੁਝ ਰੰਗ ਵੀ ਮਿਲਦਾ ਹੈ। ਲੇਖਕ ਜਾਂ ਕਵੀ ਦਾ ਵਿਸ਼ਾਲ ਜੀਵਨ ਅਨੁਭਵ ਉਸਦੀ ਰਚਨਾ ਦੀ ਵਿਸ਼ਾਲਤਾ ਦਾ ਜਾਮਨ ਹੁੰਦਾ ਹੈ। ਇਸ ਪੱਖੋਂ ਵੀ ਸਾਡਾ ਕਿੱਸਾਕਾਰ ਪੂਰੀ ਅਮੀਰੀ ਰੱਖਦਾ ਹੈ। ਉਸਦੇ ਨੀਤੀ ਬਚਨ, ਰਾਜਨੀਤੀ ਅਤੇ ਕੂਟਨੀਤੀ ਦੀਆਂ ਤੁਕਾਂ ਵਿਚੋਂ ਜੀਵਨ ਦਾ ਸਾਰ ਬੋਲਦਾ ਹੈ। ਕੁੱਲ ਮਿਲਾ ਕੇ ਪੰਜਾਬੀ ਬੀਰ ਕਾਵਿ ਜਾਂ ਸੂਰਮਿਆਂ ਦੇ ਕਿੱਸਾ ਸਾਹਿਤ ਦੇ ਵਰਣਨ ਵਿਚ ਬਗਲੀ ਵਾਲੇ ਦੇ "ਸੰਤ ਖਾਲਸੇ" ਦਾ ਇਕ ਵਿਸ਼ੇਸ਼ ਸਥਾਨ ਸੁਨਿਸ਼ਚਿਤ ਕਰਨਾ ਇਸ ਵਿਧਾ ਦੇ ਪਾਰਖੂਆਂ ਦਾ ਫਰਜ਼ ਬਣਦਾ ਹੈ, ਬਸ਼ਰਤੇ ਕਿ ਉਹ ਸੌੜੀ ਮਾਨਸਿਕਤਾ ਤੋਂ ਮੁਕਤ ਹੋਣ।

*ਪਿੰਡ ਤੇ ਡਾਕ. ਕਰੀਵਾਲਾ*

*੨੯-੧੨-੨੦੦੧* *(ਸਿਰਸਾ) ੧੨੫੦੭੫*



Sri Satguru Jagjit Singh Ji eLibrary NamdhariElibrary@gmail.com

ਅੰਤਿਮ ਕਿਸ਼ਤ

# ਬਚਿਤ੍ਰ ਨਾਟਕ—ਇਕ ਅਪੂਰਵ ਕ੍ਰਿਤੀ

—ਪ੍ਰਿੰ: ਬੇਅੰਤ ਕੌਰ



ਪ੍ਰਿੰ. ਬੇਅੰਤ ਕੌਰ

## ਅਧਿਆਇ ੧੪

## ਸਰਬ ਕਾਲ ਕੀ ਬੇਨਤੀ

ਇਸ ਅਧਿਆਇ ਵਿੱਚ ਵੀ ਗੁਰੂ ਗੋਬਿੰਦ ਸਿੰਘ ਜੀ ਫਰਮਾਉਂਦੇ ਹਨ, ਕਿ ਉਹ ਅਕਾਲ ਪੁਰਖ ਪ੍ਰਭੂ ਆਪਣੇ ਪਿਆਰਿਆਂ ਭਗਤਾਂ ਨੂੰ ਆਪਣਾ ਹੱਥ ਦੇ ਕੇ ਸਭ ਤਰ੍ਹਾਂ ਦੇ ਸੰਕਟਾਂ ਤੋਂ ਬਚਾਉਂਦਾ ਹੈ। ਸ੍ਰੀ ਗੁਰੂ ਜੀ ਦਾ ਜੀਅ ਕਰਦਾ ਹੈ, ਕਿ ਉਹ ਕਥਾ ਜਿਹੜੀਆਂ ਪਹਿਲਾਂ ਸੰਖੇਪ ਵਿੱਚ ਕਹੀਆਂ ਗਈਆਂ ਸਨ, ਉਨ੍ਹਾਂ ਦਾ ਵਿਸਥਾਰ ਵਿੱਚ ਵਰਣਨ ਕੀਤਾ ਜਾਵੇ। ਇਸ ਅਧਿਆਇ ਵਿੱਚ ੧੧ ਚਉਪਈਆਂ ਹਨ।

**ਚੌਪਈ॥**

**ਸਰਬਕਾਲ ਸਭ ਸਾਧ ਉਬਾਰੇ॥**
**ਦੁਖੁ ਦੈ ਕੈ ਦੋਖੀ ਸਭ ਮਾਰੇ॥**
**ਅਦਭੁਤਿ ਗਤਿ ਭਗਤਨ ਦਿਖਰਾਈ॥**
**ਸਭ ਸੰਕਟ ਤੇ ਲਏ ਬਚਾਈ॥੧॥**

**ਸ਼ਬਦਾਰਥ** : ਅਦਭੁਤਿ-ਅਸਚਰਜ। ਗਤਿ-ਲੀਲ੍ਹਾ। ਭਗਤਨ-ਪ੍ਰਭੂ ਦੇ ਸੇਵਕਾਂ ਨੂੰ।

**ਭਾਵਾਰਥ** : ਉਸ ਅਕਾਲ ਪੁਰਖ ਪ੍ਰਭੂ ਨੇ ਹਰ ਸਮੇਂ ਵਿੱਚ ਭਗਤਾਂ ਦੀ ਰੱਖਿਆ ਕੀਤੀ ਹੈ। ਭਗਤਾਂ ਦੇ ਦੋਖੀਆਂ ਨੂੰ ਦੁੱਖ ਦੇ ਕੇ ਮਾਰ ਦਿੱਤਾ ਹੈ। ਉਸ ਪ੍ਰਭੂ ਨੇ ਭਗਤਾਂ ਨੂੰ ਅਸਚਰਜ ਲੀਲ੍ਹਾ ਵਿਖਾਈ ਅਤੇ ਉਹਨਾਂ ਨੂੰ ਹਰ ਸੰਕਟ ਤੋਂ ਬਚਾ ਲਿਆ।

**ਸਭ ਸੰਕਟ ਤੇ ਸੰਤ ਬਚਾਏ॥**
**ਸਭ ਕੰਟਕ ਕੰਟਕ ਜਿਮ ਘਾਏ॥**
**ਦਾਸ ਜਾਨ ਮੁਰਿ ਕਰੀ ਸਹਾਇ॥**
**ਆਪ ਹਾਥੁ ਦੈ ਲਯੋ ਬਚਾਇ॥੨॥**

**ਸ਼ਬਦਾਰਥ** : ਕੰਟਕ-ਦੋਖੀ। ਕੰਟਕ-ਕੰਡੇ।

**ਭਾਵਾਰਥ** : ਉਸ ਪ੍ਰਭੂ ਨੇ ਸਭ ਸੰਤਾਂ ਨੂੰ ਕਸ਼ਟਾਂ ਤੋਂ ਬਚਾ ਲਿਆ। ਸਾਰਿਆਂ ਦੋਸ਼ੀਆਂ ਦਾ ਕੰਡਿਆਂ ਵਾਂਗ ਨਾਸ਼ ਕਰ ਦਿੱਤਾ। ਉਸ ਅਕਾਲ ਪੁਰਖ ਪ੍ਰਭੂ ਨੇ ਮੇਰੀ ਵੀ (ਗੁਰੂ ਗੋਬਿੰਦ ਸਿੰਘ ਜੀ ਨੂੰ) ਆਪਣਾ ਦਾਸ ਸਮਝ ਕੇ ਸਹਾਇਤਾ ਕੀਤੀ, ਅਤੇ ਫਿਰ ਮਿਹਰ ਭਰਿਆ ਹੱਥ ਸਿਰ ਤੇ ਰੱਖ ਕੇ ਬਚਾ ਲਿਆ।

**ਅਬ ਜੋ ਜੋ ਮੈ ਲਖੇ ਤਮਾਸਾ॥**
**ਸੋ ਸੋ ਕਰੋ ਤੁਮੈ ਅਰਦਾਸਾ॥**
**ਜੋ ਪ੍ਰਭ ਕ੍ਰਿਪਾ ਕਟਾਛ ਦਿਖੈ ਹੈ॥**
**ਸੋ ਤਵ ਦਾਸ ਉਚਾਰਤ ਜੈ ਹੈ॥੩॥**

**ਸ਼ਬਦਾਰਥ** : ਤਮਾਸ਼ਾ-ਕੌਤਕ। ਅਰਦਾਸਾ-ਭੇਟਾ। ਕਟਾਛ-ਮਿਹਰ ਦੀ ਨਿਗਾਹ।

**ਭਾਵਾਰਥ** : ਹੁਣ ਜਿਹੜੇ-ਜਿਹੜੇ ਕੌਤਕ ਮੈਂ (ਗੁਰੂ ਗੋਬਿੰਦ ਸਿੰਘ ਜੀ ਨੇ) ਵੇਖੇ ਹਨ, ਉਹ ਹੁਣ ਸਾਰਿਆਂ ਨੂੰ ਦੱਸਦਾ ਹਾਂ। ਜਿਹੜੀਆਂ ਬਖਸ਼ਸ਼ਾਂ ਅਕਾਲ ਪੁਰਖ ਉਹਨਾਂ ਉੱਤੇ ਕਰਨਗੇ, ਉਹਨਾਂ ਦੀ ਕ੍ਰਿਪਾ ਦ੍ਰਿਸ਼ਟੀ ਸਦਕਾ ਉਹ ਉਹਨਾਂ ਦਾ ਵਰਣਨ ਉਸੇ ਤਰ੍ਹਾਂ ਕਰਨਗੇ।

**ਜਿਹ ਜਿਹ ਬਿਧਿ ਮੈ ਲਖੇ ਤਮਾਸਾ॥**
**ਚਾਹਤ ਤਿਨਕੋ ਕੀਯੋ ਪ੍ਰਕਾਸਾ॥**
**ਜੋ ਜੋ ਜਨਮ ਪੂਰਬਲੇ ਹੇਰੇ॥**
**ਕਹਿਹੋ ਸੁ ਪ੍ਰਭੁ ਪ੍ਰਾਕ੍ਰਮ ਤੇਰੇ॥੪॥**

**ਸ਼ਬਦਾਰਥ** : ਪ੍ਰਕਾਸਾ-ਪ੍ਰਗਟੀ। ਪੂਰਬਲੇ-ਪਹਿਲੇ।

**ਭਾਵਾਰਥ** : ਜਿਸ-ਜਿਸ ਤਰ੍ਹਾਂ ਦੇ ਕੌਤਕ ਮੈਂ ਵੇਖੇ ਹਨ, ਮੈਂ ਉਹਨਾਂ ਨੂੰ ਪ੍ਰਗਟ ਕਰਨਾ ਚਾਹੁੰਦਾ ਹਾਂ। ਜਿਹੜੇ-ਜਿਹੜੇ ਪਹਿਲੇ ਜਨਮ ਮੈਂ ਵੇਖੇ ਹਨ, ਹੇ ਮੇਰੇ ਅਕਾਲ ਪੁਰਖ, ਉਹ ਮੈਂ ਤੇਰੇ ਪ੍ਰਾਕ੍ਰਮ ਤੇਰੇ ਬਲ ਨਾਲ ਕਹਾਂਗਾ।

**ਸਰਬ ਕਾਲ ਹੈ ਪਿਤਾ ਅਪਾਰਾ॥**
**ਦੇਬਿ ਕਾਲਕਾ ਮਾਤ ਹਮਾਰਾ॥**
**ਮਨੂਆ ਗੁਰ ਮੁਰਿ ਮਨਸਾ ਮਾਈ॥**



Sri Satguru Jagjit Singh Ji eLibrary NamdhariElibrary@gmail.com

ਜਿਨਿ ਮੋਕੋ ਸੁਭ ਕ੍ਰਿਆ ਪੜਾਈ॥੫॥

**ਸ਼ਬਦਾਰਥ** : ਦੇਬਿ ਕਾਲਿਕਾ-ਦੇਵੀ, ਕਾਲਿਕਾ।

**ਭਾਵਾਰਥ** : ਉਹ ਅਕਾਲ ਪੁਰਖ ਹੀ ਮੇਰੇ ਪਿਤਾ ਹਨ। ਮੇਰੀ ਮਾਤਾ ਕਾਲਕਾ ਦੇਵੀ ਹੈ। ਮੇਰਾ ਗੁਰੂ ਮਨ ਅਤੇ ਬੁੱਧੀ ਮਾਈ ਹੈ ਜਿਹਨੇ ਮੈਨੂੰ ਚੰਗੀ ਪੜ੍ਹਾਈ ਕਰਾਈ ਹੈ।

**ਜਬ ਮਨਸਾ ਮਨ ਮਯਾ ਬਿਚਾਰੀ॥**
**ਗੁਰ ਮਨੂਆ ਕਹ ਕਹਯੋ ਸੁਧਾਰੀ॥**
**ਜੇ ਜੇ ਚਰਿਤ ਪੁਰਾਤਨ ਲਹੇ॥**
**ਤੇ ਤੇ ਅਬ ਚਹੀਅਤ ਹੈਂ ਕਹੇ॥੬॥**

**ਸ਼ਬਦਾਰਥ** : ਦਯਾ-ਕਿਰਪਾ। ਸੁਧਾਰੀ-ਬਣਾ ਕੇ ਰੱਖਿਆ। ਪੁਰਾਤਨ-ਪੁਰਾਣੇ ਕੌਤਕ।

**ਭਾਵਾਰਥ** : ਜਦੋਂ ਬੁੱਧੀ ਨੇ ਆਪਣੀ ਕਿਰਪਾ ਦ੍ਰਿਸ਼ਟੀ ਕੀਤੀ, ਤਦ ਗੁਰੂ ਮਨ ਦੇ ਕਹਿਣ ਤੇ ਮੈਂ ਸਭ ਕਥਾਵਾਂ ਬੜੇ ਢੰਗ ਨਾਲ ਕਹਿੰਦਾ ਹਾਂ। ਜਿਹੜੇ-ਜਿਹੜੇ ਪਹਿਲੇ ਕੌਤਕ ਵੇਖੇ ਹੋਏ ਹਨ, ਉਹ ਸਾਰੇ ਦੇ ਸਾਰੇ ਹੁਣ ਮੈਂ ਕਹਿਣਾ ਚਾਹੁੰਦਾ ਹਾਂ।

**ਸਰਬਕਾਲ ਕਰਣਾ ਤਬ ਭਰੇ॥**
**ਸੇਵਕ ਜਾਨਿ ਦਯਾ ਰਸ ਢਰੇ॥**
**ਜੋ ਜੋ ਜਨਮੁ ਪੁਰਬਲੋ ਭਯੋ॥**
**ਸੋ ਸੋ ਸਭ ਸਿਮਰਣ ਕਰ ਦਯੋ॥੭॥**

**ਸ਼ਬਦਾਰਥ** : ਸਰਬ ਕਾਲ-ਪ੍ਰਮੇਸ਼ਰ। ਕਰੁਣਾ-ਮਿਹਰ।

**ਭਾਵਾਰਥ** : ਮੇਰੇ ਅਕਾਲ ਪੁਰਖ ਪ੍ਰਭੂ ਮਿਹਰ ਨਾਲ ਭਰ ਗਏ। ਮੈਨੂੰ ਆਪਣਾ ਸੇਵਕ ਸਮਝ ਕੇ ਮਿਹਰ ਦੇ ਰੰਗ ਵਿੱਚ ਭਿਉਂ ਦਿੱਤਾ। ਜਿਹੜੇ-ਜਿਹੜੇ ਮੇਰੇ ਪਹਿਲੇ ਜਨਮ ਹੋਏ, ਉਹ ਸਾਰੇ ਦੇ ਸਾਰੇ ਹੀ ਪ੍ਰਭੂ ਨੇ ਮੈਨੂੰ ਚੇਤੇ ਕਰਾ ਦਿੱਤੇ ਹਨ।

**ਮੋ ਕੋ ਇਤੀ ਹੁਤੀ ਕਹ ਸੁੱਧੰ॥**
**ਜਸ ਪ੍ਰਭ ਦਈ ਕ੍ਰਿਪਾ ਕਰਿ ਬੁੱਧੰ॥**
**ਸਰਬਕਾਲ ਤਬ ਭਏ ਦਇਆਲਾ॥**
**ਲੋਹ ਰੱਛ ਹਮ ਕੋ ਸਭ ਕਾਲਾ॥੮॥**

**ਸ਼ਬਦਾਰਥ** : ਸੁੱਧੰ-ਖ਼ਬਰ। ਜੈਸੀ-ਜਿਤਨੀ।

**ਭਾਵਾਰਥ** : ਮੈਨੂੰ ਐਨੀ ਸੋਝੀ ਹੀ ਕਿੱਥੇ ਸੀ। ਪ੍ਰਭੂ ਦੇ ਜਸ ਨੂੰ ਜਾਨਣ ਵਾਲੀ ਬੁੱਧੀ ਉਸ ਦੀ ਮਿਹਰ ਨਾਲ ਹੀ ਮਿਲੀ। ਅਕਾਲ ਪੁਰਖ ਮੇਰੇ ਉੱਤੇ ਬਹੁਤ ਦਿਆਲ ਹੋਏ। ਉਸ ਪ੍ਰਭੂ ਦੀ ਮੇਰੇ ਉੱਤੇ ਹਰ ਸਮੇਂ ਰੱਖਿਆ ਹੁੰਦੀ ਰਹੀ ਹੈ।

**ਸਰਬਕਾਲ ਰੱਛਾ ਸਭ ਕਾਲਾ॥**
**ਲੋਹ ਰੱਛ ਸਰਬਦਾ ਬਿਸਾਲਾ॥**
**ਢੀਠ ਭਯੋ ਤਵ ਕ੍ਰਿਪਾ ਲਖਾਈ॥**
**ਐਂਡੋ ਫਿਰੋ ਸਭਨ ਭਯੋ ਰਾਈ॥੯॥**

**ਸ਼ਬਦਾਰਥ** : ਸਰਬ ਕਾਲ-ਅਕਾਲ ਪੁਰਖ। ਸਰਬ-ਹਰ ਤਰ੍ਹਾਂ ਨਾਲ। ਢੀਠ-ਨਿਡਰ, ਦਲੇਰ। ਦਿਖਾਈ-ਵੇਖ ਕੇ। ਐਂਡੋ-ਮਾਣ ਵਿੱਚ ਆਕੜਿਆ। ਰਾਈ-ਰਾਜਾ।

**ਭਾਵਾਰਥ** : ਉਹ ਅਕਾਲ ਪੁਰਖ ਹਰ ਸਮੇਂ ਮੇਰਾ ਰਾਖਾ ਹੈ। ਉਸ ਦੇਵੀ ਦੀ ਵੀ ਮੇਰੇ ਉੱਤੇ ਮਹਾਨ ਕਿਰਪਾ ਹੈ। ਜਦੋਂ ਮੈਂ ਤੇਰੀ ਅਪਾਰ ਕਿਰਪਾ ਬਾਰੇ ਸਮਝ ਲਿਆ, ਤਾਂ ਮੈਂ ਨਿਰਭੈ ਹੋ ਗਿਆ। ਆਪ ਦੀ ਕਿਰਪਾ ਸਦਕਾ ਮੈਂ ਸਭ ਦਾ ਰਾਖਾ ਬਣਕੇ ਆਕੜਿਆ ਫਿਰਦਾ ਹਾਂ।

**ਜਿਹ ਜਿਹ ਬਿਧ ਜਨਮਨ ਸੁਧਿ ਆਈ॥**
**ਤਿਮ ਤਿਮ ਕਹੇ ਗਰੰਥ ਬਨਾਈ॥**
**ਪ੍ਰਥਮੇ ਸਤਿਜੁਗ ਜਿਹ ਬਿਧਿ ਲਹਾ॥**
**ਪ੍ਰਥਮੇ ਦੇਬਿ ਚਰਿਤ੍ਰ ਕੋ ਕਹਾ॥੧੦॥**

**ਸ਼ਬਦਾਰਥ** : ਪ੍ਰਥਮੇ-ਪਹਿਲਾਂ। ਦੇਬਿ-ਦੇਵੀ।

**ਭਾਵਾਰਥ** : ਜਿਸ-ਜਿਸ ਤਰ੍ਹਾਂ ਮੈਨੂੰ ਆਪਣੇ ਜਨਮਾਂ ਬਾਰੇ ਸੋਝੀ ਹੋਈ, ਉਸੇ-ਉਸੇ ਤਰ੍ਹਾਂ ਗ੍ਰੰਥ ਬਣਾ ਕੇ ਕਹੇ ਹਨ। ਪਹਿਲਾਂ ਜਿਸ ਤਰ੍ਹਾਂ ਸਤਿਜੁਗ ਵਿੱਚ ਵਰਤਿਆ ਕੌਤਕ ਮੈਂ ਜਾਣਿਆ, ਮੈਂ ਉਸ ਦਾ ਵਰਣਨ ਦੇਵੀ ਦੇ ਪਹਿਲੇ ਚਰਿਤ੍ਰ ਵਿੱਚ ਕਿਹਾ ਹੈ।

**ਪਹਿਲੇ ਚੰਡੀ ਚਰਿਤ੍ਰ ਬਨਾਯੋ॥**
**ਨਖ ਸਿਖ ਤੇ ਕ੍ਰਮ ਭਾਖ ਸੁਨਾਯੋ॥**
**ਛੋਰ ਕਥਾ ਤਬ ਪ੍ਰਥਮ ਸੁਨਾਈ॥**
**ਅਬ ਚਾਹਤ ਫਿਰ ਕਰੌ ਬਡਾਈ॥੧੧॥**

**ਸ਼ਬਦਾਰਥ** : ਨਖ-ਨਹੁੰ। ਸਿਖ-ਚੋਟੀ ਤਕ। ਛੋਹ-ਛੋਹ ਲਏ। ਬਡਾਈ-ਵਡਿਆਈ।

**ਭਾਵਾਰਥ** : ਮੈਂ ਪਹਿਲੇ ਚੰਡੀ ਚਰਿਤ੍ਰ ਬਣਾਇਆ ਹੈ। ਨਹੁੰ ਤੋਂ ਚੋਟੀ ਤੱਕ ਸਿਲਸਿਲੇਵਾਰ ਮੈਂ ਕਹਿ ਕੇ ਸੁਣਾ ਚੁੱਕਾ ਹਾਂ। ਉਸ ਵੇਲੇ ਖੋਲ੍ਹਕੇ ਉਸ ਕਥਾ ਨੂੰ ਸੁਣਾਇਆ ਸੀ। ਹੁਣ ਮੈਂ ਫੇਰ ਉਸ ਦੀ ਵਡਿਆਈ ਕਰਨਾ ਚਾਹੁੰਦਾ ਹਾਂ।

*ਇਤਿ ਸ੍ਰੀ ਬਚਿਤ੍ਰ ਨਾਟਕ ਸਰਬ ਕਾਲ ਕੀ ਬੇਨਤੀ ਬਰਨਨੰ ਨਾਮ ਚੌਦਸਮੋ ਧਿਆਇ ਸਮਾਪਤ ਮਸਤੁ ਸੁਭ ਮਸਤੁ॥੧੪॥ ਅਫਜੂ॥੪੭੧॥*

ਇਥੇ ਸੁਹਣੇ ਬਚਿਤ੍ਰ ਨਾਟਕ ਗ੍ਰੰਥ ਦਾ ਸਰਬ ਕਾਲ ਪਰਮੇਸ਼ਵਰ ਦੀ ਪ੍ਰਾਰਥਨਾ ਕਰਨ ਵਾਲਾ ਪ੍ਰਸਿੱਧ ਚੌਧਵਾਂ ਅਧਿਆਇ ਖ਼ਤਮ ਹੈ, ਸ਼ੁਭ ਹੈ। ਹੋਰ ੮੭੧ ਛੰਦ ਵੀ ਲਿਖੇ ਜਾ ਚੁੱਕੇ ਹਨ ਅਤੇ ਸਮਾਪਤ ਹੋ ਚੁੱਕੇ ਹਨ।

**(ਸਮਾਪਤ)**



Sri Satguru Jagjit Singh Ji eLibrary NamdhariElibrary@gmail.com

## ਖ਼ਬਰਨਾਮਾ

### ਜਲੰਧਰ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਦਿਵਸ ਤੇ ਸੰਗੀਤ ਸਮਾਰੋਹ

ਜਲੰਧਰ—ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਦਿਵਸ ਦੇ ਸੰਬੰਧ ਵਿਚ ਨਾਮਧਾਰੀ ਸੰਗੀਤ ਕੇਂਦਰ ਜਲੰਧਰ ਵਲੋਂ ਮਿਤੀ ੮ ਦਸੰਬਰ ੨੦੦੧ ਦੀ ਸ਼ਾਮ ਨੂੰ ਨਾਮਧਾਰੀ ਧਰਮਸ਼ਾਲਾ ਸੈਂਟਰਲ ਟਾਊਨ ਜਲੰਧਰ ਵਿਚ ਇਕ ਪ੍ਰਭਾਵਸ਼ਾਲੀ ਸੰਗੀਤ ਸਮਾਰੋਹ ਦਾ ਆਯੋਜਨ ਕੀਤਾ ਗਿਆ। ਨਾਮਧਾਰੀ ਸੰਗੀਤ ਕੇਂਦਰ ਜਲੰਧਰ ਦੀ ਸਥਾਪਨਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਸ਼ੀਰਵਾਦ ਅਤੇ ਕਿਰਪਾ ਨਾਲ ਹੋਈ ਸੀ ਇਥੇ ਸੰਗੀਤ ਦੀ ਸਿਖਿਆ ਤੋਂ ਇਲਾਵਾ ਸੰਗੀਤ ਸਮਾਰੋਹ ਹੁੰਦੇ ਰਹਿੰਦੇ ਹਨ। ਇਹਨਾਂ ਸੰਗੀਤ ਸਮਾਰੋਹਾਂ ਵਿਚ ਜਿਥੇ ਕੇਂਦਰ ਦੇ ਵਿਦਿਆਰਥੀ ਹਿੱਸਾ ਲੈਂਦੇ ਹਨ। ਉਥੇ ਹੋਰ ਬੱਚੇ ਅਤੇ ਸੰਗੀਤ ਜਗਤ ਦੀਆਂ ਪ੍ਰਸਿੱਧ ਹਸਤੀਆਂ, ਉੱਘੇ ਕਲਾਕਾਰ ਅਤੇ ਗੁਰੂ ਜਨ ਵੀ ਆਪਣੀ ਕਲਾ ਪ੍ਰਦਰਸ਼ਨ ਰਾਹੀਂ ਮਾਰਗ ਦਰਸ਼ਨ ਕਰਦੇ ਹਨ। ਇਸ ਵਿਚ ਪ੍ਰੋ. ਕਿਰਪਾਲ ਸਿੰਘ ਜੀ ਗਾਇਣ ਅਤੇ ਪੰਡਿਤ ਰਮਾਂ ਕਾਂਤ ਜੀ ਤਬਲੇ ਦੀ ਸਿਖਿਆ ਬੱਚਿਆਂ ਨੂੰ ਦਿੰਦੇ ਹਨ। ਸੰਤ ਬਲਬੀਰ ਸਿੰਘ ਜੀ ਵੀ ਸਹਿਯੋਗੀ ਹਨ।

ਫੁੱਲਾਂ ਨਾਲ ਸਜੇ ਨਾਮਧਾਰੀ ਧਰਮਸ਼ਾਲਾ ਦੇ ਹਾਲ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਵੱਡੇ ਆਕਾਰ ਵਾਲੀ ਤਸਵੀਰ ਸਤਿਗੁਰੂ ਜੀ ਦੀ ਮੁਸਕਰਾਹਟਾਂ ਵੰਡਦੀ ਸ਼ਖਸੀਅਤ ਦੇ ਦਰਸ਼ਨ ਕਰਾਉਂਦੀ ਇਹ ਹੀ ਆਭਾਸ ਕਰਾਉਂਦੀ ਸੀ ਕਿ ਸਤਿਗੁਰੂ ਜੀ ਆਪਣੇ ਆਸਣ ਤੇ ਦੇਹ ਕਰਕੇ ਬਿਰਾਜਮਾਨ ਹਨ। ਇਸ ਕਰਕੇ ਸਾਰੇ ਆਯੋਜਨ ਵਿਚ ਇਕ ਪਵਿੱਤਰ ਦੈਵੀ ਅਤੇ ਸ਼ਰਧਾਮਈ ਮਹਿਕ ਵਿਆਪਕ ਰਹੀ। ਪ੍ਰੋਗਰਾਮ ਦਾ ਆਰੰਭ ਪ੍ਰਾਰਥਨਾ ਦੇ ਰੂਪ ਵਿਚ ਸ਼ਬਦ "ਹੇ ਗੋਬਿੰਦ ਹੇ ਗੋਪਾਲ" ਦੇ ਨਾਲ ਹੋਇਆ। ਪ੍ਰੋ. ਕਿਰਪਾਲ ਸਿੰਘ ਵਲੋਂ ਭੂਪਾਲੀ ਇਕ ਤਾਲ ਵਿਚ ਤਿਆਰ ਕਰਵਾਈ ਰਚਨਾ ਕੇਂਦਰ ਦੇ ਬੱਚਿਆਂ, ਗੁਰ-ਰਤਨ ਸਿੰਘ, ਆਲਾ ਸਿੰਘ, ਹਰਮਿੰਦਰ ਸਿੰਘ, ਤੇਜਿੰਦਰ ਸਿੰਘ, ਅਵਤਾਰ ਕੌਰ, ਬਸੰਤ ਸਿੰਘ, ਬਲਵੰਤ ਸਿੰਘ, ਆਸਾ ਸਿੰਘ, ਆਤਮਾ ਸਿੰਘ ਨੇ ਬਹੁਤ ਪ੍ਰੇਮ ਨਾਲ ਗਾਈ। ਇਸ ਬਾਦ ਇਹਨਾਂ ਹੀ ਬੱਚਿਆਂ ਨੇ ਰਾਗ ਬਾਗੇਸ਼ਵਰੀ ਦੀਆਂ ਸੁਰਾਂ ਵਿਚ ਝੱਪ ਤਾਲ ਵਿਚ ਨਿਬੱਧ ਰਚਨਾ "ਬਿਨਤੀ ਸੁਣੋ ਮੋਰੀ-ਅਵਧ ਪੁਰ ਕੇ ਵਸਈਆ ਸੁਣਾਈ।"

ਇਸ ਤੋਂ ਬਾਦ ਸਿਲਸਲੇਵਾਰ ਕਲਾ ਕ੍ਰਿਤੀਆਂ ਦਾ ਦੌਰ ਚਲਦਾ ਰਿਹਾ। ਹਰਮਿੰਦਰ ਸਿੰਘ, ਆਲਾ ਸਿੰਘ, ਤੇਜਿੰਦਰ ਸਿੰਘ ਨੇ ਯੁਗਲ ਗਾਇਕੀ ਵਿਚ ਰਾਗ ਯਮਨ ਵਿਚ ਛੋਟਾ ਤੇ ਵੱਡਾ ਖਿਆਲ ਗਾਇਆ। ਬੀਬੀ ਦਿਲਪ੍ਰੀਤ ਕੌਰ, ਦਲਜੀਤ ਕੌਰ ਨੇ ਰਾਗ ਸ਼ੰਕਰਾ ਵਿਚ ਦੋ ਬੰਦਸ਼ਾਂ, ਪ੍ਰਿਤਪਾਲ ਸਿੰਘ ਗੋਲਡੀ ਦੀ ਤਬਲਾ ਸੰਗਤ ਨਾਲ ਗਾਈਆਂ। ਹਰਮਿੰਦਰ ਸਿੰਘ, ਗੁਰਰਤਨ ਸਿੰਘ ਨੇ ਤਬਲੇ ਤੇ ਤਿੰਨ ਤਾਲ ਵਿਚ ਯੁਗਲ ਬੰਦੀ ਪੇਸ਼ ਕੀਤੀ। ਖੁਸ਼ਪਾਲ ਸਿੰਘ ਨੇ ਰਾਗ ਮਧੂਵੰਤੀ ਦੀ ਤਿੰਨ ਤਾਲ ਵਿਚ ਬੰਦਸ਼ ਗਾਈ। ਨਿਰਧਾਰਤ ਪ੍ਰੋਗਰਾਮ ਅਨੁਸਾਰ ਅਜੇ ਬਹੁਤ ਸਾਰੇ ਬਾਲ ਕਲਾਕਾਰਾਂ ਨੇ ਗਾਣਾ ਵਜਾਣਾ ਸੀ ਪਰ ਵੱਡੇ ਕਲਾਕਾਰਾਂ ਦੇ ਸਨਮਾਨ ਹਿਤ ਹੋਰ ਕਲਾ ਕ੍ਰਿਤੀਆਂ ਕਟ ਦਿੱਤੀਆਂ ਗਈਆਂ। ਸੋ ਬੱਚਿਆਂ ਦੇ ਪ੍ਰੋਗਰਾਮ ਉਪਰੰਤ ਕੁਲਵੰਤ ਸਿੰਘ ਨੇ ਤਬਲੇ ਤੇ ਤਿੰਨ ਤਾਲ ਦੀ ਸੋਲੋ (ਏਕਲ ਵਾਦਨ) ਪੇਸ਼ ਕੀਤੀ। ਕੁਲਵੰਤ ਸਿੰਘ ਯੂਨੀਵਰਸਿਟੀ ਪੱਧਰ ਕੇ ਕਈ ਯੂਥ ਫੈਸਟੀਵਲਾਂ ਵਿਚੋਂ ਸਨਮਾਨ ਪ੍ਰਾਪਤ ਕਰ ਚੁੱਕਾ ਹੈ ਅਤੇ ਇਸ ਸੰਗੀਤ ਕੇਂਦਰ ਦਾ ਪੁਰਾਣਾ ਵਿਦਿਆਰਥੀ ਹੈ। ਕੁਲਵੰਤ ਸਿੰਘ ਦੇ ਤੰਬਲਾ ਵਾਦਨ ਦੀ ਬਹੁਤ ਪ੍ਰਸੰਸਾ ਹੋਈ। ਨਾਲ ਨਗਮਾ ਬਲਵੰਤ ਸਿੰਘ ਸ੍ਰੀ ਭੈਣੀ ਸਾਹਿਬ ਨੇ ਦਿੱਤਾ। ਪ੍ਰੋ. ਬੀ.ਐਸ. ਨਾਰੰਗ ਪੰਜਾਬ ਦੇ ਪ੍ਰਸਿੱਧ ਅਤੇ ਮਾਨਯੋਗ ਗਾਇਕ ਹਨ। ਉਹਨਾਂ ਦੇ ਨਿੱਜੀ ਰੁਝੇਵਿਆਂ ਨੂੰ ਮੁੱਖ ਰੱਖ ਕੇ ਅਗਲੀ ਆਈਟਮ ਉਹਨਾਂ ਦੀ ਰੱਖੀ ਗਈ। ਤਬਲੇ ਤੇ ਇਹਨਾਂ ਨਾਲ ਸੰਗਤ ਪੰਜਾਬ ਦੀ ਇਕ ਹੋਰ ਮਾਨਯੋਗ ਕਲਾਕਾਰ ਹਸਤੀ ਪੰਡਿਤ ਰਮਾ ਕਾਂਤ ਜੀ ਨੇ ਕੀਤੀ। ਰਾਗ ਰਾਗੇਸ਼ਵਰੀ ਦੇ ਹਰ ਪਹਿਲੂ ਹਰ ਕੋਣ ਨੂੰ ਆਪਣੇ ਭਰਪੂਰ ਗਾਇਨ ਨਾਲ ਉਹਨਾਂ ਪ੍ਰਸਤੁਤ ਕੀਤਾ। ਬਹੁਤ ਭਰਵਾਂ ਅਤੇ ਹਿਰਦਿਆਂ ਨੂੰ ਤ੍ਰਿਪਤ ਕਰਨ ਵਾਲਾ ਗਾਇਣ ਨਾਰੰਗ ਸਾਹਿਬ ਨੇ ਪੇਸ਼ ਕੀਤਾ। ਪੰਡਿਤ ਰਮਾ ਕਾਂਤ ਜੀ ਦੀ ਤਬਲੇ ਤੇ ਸੰਗਤ ਸੋਨੇ ਤੇ ਸੁਹਾਗੇ ਦਾ ਕੰਮ ਕਰ ਰਹੀ ਸੀ। ਨਾਰੰਗ ਸਾਹਿਬ ਦੀ ਸੁਨਹਿਰੀ ਆਵਾਜ਼ ਜਲੰਧਰ ਦੀ ਫ਼ਿਜ਼ਾ ਵਿਚ ਗੂੰਜ ਰਹੀ ਸੀ। ਪਤਾ ਨਾ ਲੱਗਾ ਵਕਤ ਚਲ ਰਿਹਾ ਹੈ ਜਾਂ ਖੜਾ ਹੈ। ਲੋਕ ਅਕੀਦਤ ਵਿਚ ਸਰਸ਼ਾਰ ਸਨ। ਪ੍ਰੋਗਰਾਮ ਬਹੁਤ ਯਾਦਗਾਰੀ ਹੋ ਨਿਬੜਿਆ।

ਨਾਰੰਗ ਸਾਹਿਬ ਦੇ ਗਾਇਣ ਬਾਅਦ ਸਿਤਾਰ ਵਾਦਨ



Sri Satguru Jagjit Singh Ji eLibrary NamdhariElibrary@gmail.com

ਹੋਇਆ। ਸ੍ਰੀ ਮਨੂੰ ਸੀਨ ਦਾ ਸਿਤਾਰ ਵਾਦਨ ਵਿਚ ਵਿਸ਼ੇਸ਼ ਥਾਂ ਹੈ। ਭਾਰਤ ਤੇ ਮਸ਼ਹੂਰ ਸਿਤਾਰ ਵਾਦਕ ਉਸਤਾਦ ਸ਼ਾਹਿਦ ਪ੍ਰਵੇਜ਼ ਦੇ ਆਪ ਸ਼ਾਗਿਰਦ ਹਨ। ਦੇਸ਼ ਬਦੇਸ਼, ਵਿਸ਼ੇਸ਼ ਕਰਕੇ ਅਮਰੀਕਾ ਵਿਚ ਸਿਤਾਰ ਵਾਦਨ ਕਰਕੇ ਆਪਨੇ ਖਾਸ ਨਾਮ ਪੈਦਾ ਕੀਤਾ ਹੈ। ਪੰਜਾਬ ਦੇ ਪ੍ਰਸਿੱਧ ਸੰਗੀਤਕਾਰ ਪ੍ਰੋ. ਲਛਮਣ ਸਿੰਘ ਸੀਨ ਹੋਰਾਂ ਦੇ ਨੌਜਵਾਨ ਸਪੁੱਤਰ ਮਨੂੰ ਸੀਨ ਹੋਰਾਂ ਨੇ ਹਰਮਨ ਪ੍ਰਿਆਰਾ ਰਾਗ ਦੇਸ ਵਜਾਇਆ ਅਤੇ ਤਬਲੇ ਤੇ ਸ੍ਰੀ ਭੈਣੀ ਸਾਹਿਬ ਤੋਂ ਵਿਸ਼ੇਸ਼ ਤੌਰ ਆਏ ਕਲਾਕਾਰ ਸ੍ਰੀ ਰਾਜੇਸ਼ ਮਾਲਵੀਆ ਜੀ ਨੇ ਕੀਤੀ. ਦੋਹਾਂ ਕਲਾਕਾਰਾਂ ਨੇ ਬਹੁਤ ਭਿੱਝ ਕੇ ਵਾਦਨ ਕੀਤਾ। ਰਾਗ ਦੇਸ ਨੂੰ ਮੂਰਤੀਮਾਨ ਕਰਨ ਵਿਚ ਉਹਨਾਂ ਕੋਈ ਕਸਰ ਨਾ ਛੱਡੀ। ਇਸ ਬਾਅਦ ਉਹਨਾਂ ਹੋਰ ਰਚਨਾਵਾਂ ਵੀ ਵਜਾਈਆਂ ਅਤੇ ਅੰਤ ਤੇ ਇਕ ਧੁਨ ਨਾਲ ਮਨ ਮੋਹ ਲਿਆ।

ਅੰਤ ਉੱਤੇ ਇਕ ਖਾਸ ਪ੍ਰੋਗਰਾਮ ਹੋਇਆ। ਸ੍ਰੀ ਭੈਣੀ ਸਾਹਿਬ ਤੋਂ ਆਏ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਦੇ ਵਿਸ਼ੇਸ਼ ਪਾਤਰ ਸੰਤ ਬਲਵੰਤ ਸਿੰਘ ਹੋਰਾਂ ਸਤਿਗੁਰੂ ਜੀ ਦੁਆਰਾ ਹੀ ਸੁਰਬੱਧ ਕੀਤੀਆਂ ਦੁਰਲੱਭ ਰਚਨਾਵਾਂ ਸੁਣਾਈਆਂ। ਤਬਲੇ ਤੇ ਇਹਨਾਂ ਨਾਲ ਯੋਗ ਸੰਗਤ ਹਰਮਨ ਪਿਆਰੇ ਕਲਾਕਾਰ ਹਰਪ੍ਰੀਤ ਸਿੰਘ ਸੋਨੂੰ ਨੇ ਕੀਤੀ। ਰਾਗ ਮਾਲਕੌਂਸ, ਸ਼ੰਕਰਾ, ਚਾਂਦਨੀ ਕੇਦਾਰ ਬਸੰਤ, ਭੈਰਵੀ ਅਤੇ ਹੋਰ ਰਾਗਾਂ ਵਿਚ ਦੁਰਲਭ ਰਚਨਾਵਾਂ ਵੱਖ-ਵੱਖ ਸਰਲ ਅਤੇ ਆੜੀਦਾਰ ਤਾਲਾਂ ਅਤੇ ਲੈਆਂ ਵਿਚ ਸਿਲਸਿਲੇਵਾਰ ਪੇਸ਼ ਕੀਤੀਆਂ। ਵਿਚ ਵਿਚ ਪ੍ਰੋ. ਲਛਮਣ ਸਿੰਘ ਸੀਨ ਹੋਰਾਂ ਦੀਆਂ ਪੁੱਛਾਂ ਦੇ ਉਤਰ ਵੀ ਬਲਵੰਤ ਸਿੰਘ ਹੋਰਾਂ ਦਿੱਤੇ। ਸਾਰਾ ਪ੍ਰੋਗਰਾਮ ਸਤਿਗੁਰੂ ਜਗਜੀਤ ਸਿੰਘ ਜੀ ਦੀ ਭਿੰਨੀ ਭਿੰਨੀ ਖੁਸ਼ਬੂ ਨਾਲ ਮਹਿਕਿਆ ਪਿਆ ਸੀ। ਪ੍ਰੋ. ਲਛਮਣ ਸਿੰਘ ਸੀਨ ਹੋਰਾਂ ਜਜ਼ਬਾਤੀ ਹੋ ਕੇ ਪ੍ਰੋਗਰਾਮ ਦੀ ਮੁਕਤ ਕੰਠ ਪ੍ਰਸੰਸਾ ਕੀਤੀ। ਸ. ਜਗਦੀਸ਼ ਸਿੰਘ ਵਰਿਆਮ ਨੇ ਸ੍ਰੀ ਸਤਿਗੁਰੂ ਜੀ ਦੇ ਜੀਵਨ ਅਤੇ ਸੰਗੀਤ ਸੰਬੰਧਾਂ ਬਾਰੇ ਜਾਣਕਾਰੀ ਦਿੱਤੀ। ਭਾਗ ਲੈਣ ਵਾਲੇ ਅਤੇ ਆਸ਼ੀਰਵਾਦ ਦੇਣ ਆਏ ਕਲਾਕਾਰਾਂ ਦਾ ਮਾਨ ਸਨਮਾਨ ਕੀਤਾ ਗਿਆ। ਪ੍ਰੋਗਰਾਮ ਸਿੰਘ ਸੰਗੀਤ ਜਗਤ ਦੀਆਂ ਹੋਰ ਹਸਤੀਆਂ, ਪ੍ਰੋ. ਵਰਿੰਦਰ ਕੁਮਾਰ, ਪ੍ਰੋ. ਜਯੋਤੀ ਮਿਟੂ, ਪ੍ਰੋ. ਕੁਲਵਿੰਦਰ ਦੀਪ ਕੌਰ, ਪ੍ਰੋ. ਵਨੀਤਾ ਅਤੇ ਹੋਰ ਭਾਰੀ ਗਿਣਤੀ ਵਿਚ ਸੰਗੀਤ ਵਿਦਿਆਰਥੀ ਹਾਜ਼ਰ ਸਨ। ਕੈਨੇਡਾ ਤੋਂ ਸ. ਭੁਪਿੰਦਰ ਸਿੰਘ (ਵਿਰਾਸਤ ਫਾਊਂਡੇਸ਼ਨ ਵਾਲੇ) ਨੈਰੋਬੀ ਕੀਨੀਆ ਤੋਂ ਪ੍ਰਧਾਨ ਸਰਵਣ ਸਿੰਘ ਸੋਖੀ, ਯੂ. ਕੇ. ਬਰਮਿੰਘਮ ਤੋਂ ਸੰਤ ਮੋਹਨ ਸਿੰਘ ਲੋਟੇ ਆਏ ਸਨ। ਲੁਧਿਆਣਾ ਤੋਂ ਆਸ਼ਵਿੰਦਰ ਸਿੰਘ ਆਸ਼ੂ ਸਹਿਤ ਪਰਿਵਾਰ ਆਏ ਸਨ। ਜਲੰਧਰ ਦੀ ਸਮੁੱਚੀ ਸੰਗਤ ਨੇ ਭਰਪੂਰ ਸਹਿਯੋਗ ਦਿੱਤਾ। ਅੰਤ ਉੱਤੇ ਅਤੁੱਟ ਗੁਰੂ ਕਾ ਲੰਗਰ ਵੀ ਸਭ ਨੇ ਛੱਕ ਕੇ ਰੂਹ ਦੇ ਨਾਲ ਸਰੀਰ ਦੀ ਤ੍ਰਿਪਤੀ ਵੀ ਕੀਤੀ।

***—ਬਲਦੇਵ ਮਾਧੋਪੁਰੀ***

## *ਮਹੱਦੀਪੁਰ ਵਿਚ ਬਾਬਾ ਕਾਲਾ ਸਿੰਘ ਜੀ ਨਾਮਧਾਰੀ ਦੀ ਯਾਦ ਵਿੱਚ ਮੇਲਾ*

ਪੂਰਨ ਬ੍ਰਹਮ ਗਿਆਨੀ ਸ੍ਰੀਮਾਨ ਸੰਤ ਬਾਬਾ ਕਾਲਾ ਸਿੰਘ ਜੀ ਨਾਮਧਾਰੀ ਦਾ ਜਨਮ ੧੯੦੪ ਬਿਕ੍ਰਮੀ ਨੂੰ ਪਿੰਡ ਮਹੱਦੀਪੁਰ ਜ਼ਿਲਾ ਅੰਮ੍ਰਿਤਸਰ ਵਿਖੇ ਹੋਇਆ। ਆਪ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਘਰ ਵਿੱਚੋਂ ਨਾਮ ਦੀ ਦਾਤ ਪ੍ਰਾਪਤ ਕਰਕੇ ਘੋਰ ਤਪੱਸਿਆ ਕੀਤੀ ਤੇ ਆਪਣੇ ਜੀਵਨ ਨੂੰ ਸਤਿਗੁਰੂ ਜੀ ਦੇ ਹੁਕਮ ਮੁਤਾਬਕ ਢਾਲਿਆ।

ਆਪ ਜੋ ਵੀ ਰਸਨਾ ਤੋਂ ਬਚਨ ਕਰ ਦਿੰਦੇ ਉਹ ਪੂਰਾ ਹੋ ਜਾਂਦਾ। ਬਾਬਾ ਜੀ ਨੇ ਬੇਅੰਤ ਹੀ ਭੁੱਲੇ ਭਟਕੇ ਹੋਏ ਜੀਆਂ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਨਾਲ ਜੋੜਿਆ। ਕਈਆਂ ਨੂੰ ਪੁੱਤਰਾਂ ਦੀਆਂ ਦਾਤਾਂ ਬਖ਼ਸ਼ੀਆਂ ਅਤੇ ਕਈਆਂ ਦੇ ਅਸਾਧ ਰੋਗਾਂ ਦੀ ਨਵਿਰਤੀ ਕੀਤੀ।

ਇਕ ਦਿਨ ਬਾਬਾ ਕਾਲਾ ਸਿੰਘ ਜੀ ਵਡਾਲੇ ਸੁੰਦਰ ਸਿੰਘ ਦੇ ਘਰ ਗਏ, ਆਪਣੀ ਮੌਜ ਵਿੱਚ ਸ਼ਰਦਾਈ ਬਣਾ ਰਹੇ ਸਨ। ਪਤਾ ਲੱਗਣ ਤੇ ਬਾਬਾ ਜੀ ਦੇ ਦਰਸ਼ਨਾਂ ਵਾਸਤੇ ਕਾਫ਼ੀ ਸਾਧ ਸੰਗਤ ਪਹੁੰਚ ਗਈ ਮਹੰਤ ਮੱਲਾ ਸਿੰਘ, ਜੁਗਿੰਦਰ ਸਿੰਘ, ਜਥੇਦਾਰ ਗਿਆਨ ਸਿੰਘ ਵਡਾਲਾ, ਡਾ. ਗੁਪਾਲ ਸਿੰਘ ਆਦਿ। ਵਡਾਲੇ ਦਾ ਹੀ ਇਕ ਸਿਖ ਜਵਾਹਰ ਸਿੰਘ, ਜਿਸ ਦੇ ਲੜਕੇ ਸੋਹਣ ਸਿੰਘ ਦੀਆਂ ਅੱਖਾਂ ਖਰਾਬ ਸਨ ਉਹ ਵੀ ਆਪਣੇ ਪੁੱਤਰ ਨੂੰ ਨਾਲ ਲੈ ਆਣ ਹਾਜ਼ਰ ਹੋਇਆ।

ਮੌਕਾ ਮਿਲਣ ਤੇ ਅਰਜ਼ ਕੀਤੀ, "ਬਾਬਾ ਜੀ ਇਸ ਕਾਕੇ ਦੀਆਂ ਅੱਖਾਂ ਠੀਕ ਨਹੀਂ ਹਨ ਇਲਾਜ ਵੀ ਬਥੇਰਾ ਕਰਵਾਇਆ ਹੈ ਪਰ ਕੋਈ ਆਰਾਮ ਨਹੀਂ ਆ ਰਿਹਾ। ਦਿਨੋਂ ਦਿਨ ਖ਼ਰਾਬ ਹੀ ਹੁੰਦੀਆਂ ਜਾ ਰਹੀਆਂ ਹਨ ਨਿਗ੍ਹਾ ਵੀ ਘਟਦੀ ਹੀ ਜਾ ਰਹੀ ਹੈ, ਆਪ ਜੀ ਕ੍ਰਿਪਾ ਕਰੋ। ਆਪ ਜੀ ਜੋ ਚਾਹੋ ਸੋ ਕਰ ਸਕਦੇ ਹੋ।" ਅੱਗੋਂ ਬਾਬਾ ਜੀ ਰੰਗ ਵਿੱਚ ਆ ਕੇ ਆਖਣ ਲੱਗੇ—ਸੋਹਣ ਸਿੰਘ ਮੂੰਹ ਇੱਧਰ ਨੂੰ ਕਰ ਅੱਖਾਂ ਖੋਲ। ਜਿਸ ਤਰ੍ਹਾਂ ਅੰਮ੍ਰਿਤ ਛਕਾਈਦਾ ਹੈ ਬਾਬਾ ਜੀ ਨੇ ਸ਼ਰਦਾਈ ਵਾਲੇ ਕੂੰਡੇ ਵਿੱਚੋਂ ਪੋਟੇ ਭਿਉਂ ਕੇ ਛਿੱਟੇ ਮਾਰੇ ਤੇ ਕਿਹਾ ਕਹੋ ਧੰਨ ਸ੍ਰੀ



Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ। ਧੰਨੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬੱਸ ਛਿੱਟੇ ਮਾਰਨ ਦੀ ਦੇਰ ਸੀ ਅੱਖਾਂ ਠੀਕ ਹੋ ਗਈਆਂ। ਆਖਰੀ ਸਮੇਂ ਤੱਕ ਸੋਹਣ ਸਿੰਘ ਦੀਆਂ ਫੇਰ ਅੱਖਾਂ ਨਹੀਂ ਸਨ ਖ਼ਰਾਬ ਹੋਈਆਂ ਕਦੇ ਵੀ।

ਬਾਬਾ ਜੀ ਦੇ ਅੰਤਮ ਸਮੇਂ ਦਾ ਅਲੌਕਿਕ ਦ੍ਰਿਸ਼—ਇਕ ਦਿਨ ਬਾਬਾ ਲਹਿਣਾ ਸਿੰਘ ਜੀ ਝੰਡੇਰਾਂ ਵਾਲੇ ਬਾਬਾ ਕਾਲਾ ਸਿੰਘ ਜੀ ਦੇ ਕੋਲ ਆਏ ਤਾਂ ਕਹਿਣ ਲੱਗੇ ਕਿ "ਬਾਬਾ ਜੀ ਕ੍ਰਿਪਾ ਕਰੋ ਅੰਤਮ ਸਮੇਂ ਵੀ ਆਪ ਜੀ ਦੇ ਇਸ ਤਰ੍ਹਾਂ ਹੀ ਦਰਸ਼ਨ ਹੋਣ, ਕਿਤੇ ਚੁਪ ਕਰਕੇ ਹੀ ਨ ਚਲੇ ਜਾਇਓ।" ਸੰਤ ਅੱਛਰ ਸਿੰਘ ਜੀ (ਮਹੱਦੀਪੁਰ) ਵੀ ਕੋਲ ਖੜ੍ਹੇ ਬਚਨ ਸੁਣ ਰਹੇ ਸਨ।

ਇਹ ਬਚਨ ਸੁਣ ਕੇ ਸਾਰੀ ਸੰਗਤ ਦੇ ਮਨ ਵਿੱਚ ਵੈਰਾਗ ਆ ਗਿਆ। ਬਾਬਾ ਜੀ ਆਖਣ ਲੱਗੇ, "ਬਾਬਾ ਲਹਿਣਾ ਸਿੰਘ ਜੀ, ਸਤਿਗੁਰੂ ਰਾਮ ਸਿੰਘ ਜੀ ਕ੍ਰਿਪਾ ਕਰਨ, ਜਿਸ ਤਰ੍ਹਾਂ ਤੁਸੀਂ ਕਿਹਾ ਹੈ ਉਸ ਤਰ੍ਹਾਂ ਹੀ ਹੋਵੇਗਾ। ਆਪ ਜੀ ਨੂੰ ਸੱਦ ਕੇ ਆਪ ਜੀ ਦਾ ਦਰਸ਼ਨ ਕਰਕੇ ਹੀ ਜਾਵਾਂਗੇ।"

੧੯ ਮੱਘਰ ੧੯੯੭ ਬਿਕ੍ਰਮੀ ਨੂੰ ਬਾਬਾ ਕਾਲਾ ਸਿੰਘ ਜੀ ਨੇ ਆਪਣੇ ਸਪੁੱਤਰ ਸੰਤ ਬੂੜ ਸਿੰਘ ਜੀ ਨੂੰ ਕਿਹਾ ਕਿ ਸਾਨੂੰ ਦਰਗਾਹੋਂ ਹੁਕਮ ਆ ਗਿਆ ਹੈ ਅੱਜ ਅਸੀਂ ਦਰਗਾਹ ਨੂੰ ਚਲੇ ਜਾਣਾ ਹੈ। ਕਰਮ ਸਿੰਘ ਨੂੰ ਸੱਦ ਕੇ ਲਿਆਓ। ਸੁਨੇਹਾ ਮਿਲਦਿਆ ਸਾਰ ਹੀ ਕਰਮ ਸਿੰਘ ਬਾਬਾ ਜੀ ਦੇ ਚਰਨਾਂ ਵਿੱਚ ਆਣ ਹਾਜ਼ਰ ਹੋਇਆ। ਬਾਬਾ ਜੀ ਨੇ ਕਿਹਾ "ਸਾਨੂੰ ਦਰਗਾਹੋਂ ਹੁਕਮ ਆ ਗਿਆ ਹੈ। ਤੁਸੀਂ ਝੰਡੇਰਾਂ ਤੋਂ ਜਾ ਕੇ ਬਾਬਾ ਲਹਿਣਾ ਸਿੰਘ ਜੀ ਨੂੰ ਬੁਲਾ ਲਿਆਓ। ਸਾਡਾ ਬਚਨ ਹੈ ਉਹਨਾਂ ਨਾਲ, ਜਾਂਦੀ ਵਾਰ ਉਹਨਾਂ ਦਾ ਦਰਸ਼ਨ ਕਰ ਚੱਲੀਏ।" ਕਰਮ ਸਿੰਘ ਜੀ ਉਸੇ ਵੇਲੇ ਹੁਕਮ ਮੰਨ ਕੇ ਝੰਡੇਰੀ ਚਲੇ ਗਏ। ਪਰ ਅੱਗੋਂ ਬਾਬਾ ਲਹਿਣਾਂ ਸਿੰਘ ਜੀ ਨੇ ਜਵਾਬ ਭੇਜ ਦਿੱਤਾ ਕਿ "ਅੱਜ ਕਿਹੜੀ ਕਾਹਲੀ ਪਈ ਆ ਜਾਣ ਦੀ, ਅੱਜ ਤਾਂ ਮੇਰਾ ਵੇਹਲ ਨਹੀਂ ਹੈ। ਘਰ ਦੇ ਜੀ ਵੀ ਏਥੇ ਨਹੀਂ ਹਨ। ਮੇਰੀ ਪੈਲੀ ਦਾ ਵੱਤਰ ਵੀ ਸੁੱਕ ਜਾਣਾ ਹੈ, ਜੇ ਅੱਜ ਨਾ ਵਾਹੀ ਗਈ ਤਾਂ।... ਕਾਲੇ ਨੂੰ ਆਪੀਂ ਕੱਲ੍ਹ ਚਲਿਆ ਜਾਵੇ, ਮੈਂ ਕੱਲ੍ਹ ਆਵਾਂਗਾ।"

ਭਗਤ ਕਬੀਰ ਜੀ ਨੇ ਬਾਣੀ ਵਿਚਿ ਲਿਖਿਆ ਹੈ—

ਹਰਿ ਕੇ ਸੇਵਕ ਜੋ ਹਰਿ ਭਾਏ
ਤਿਨਕੀ ਕਥਾ ਨਿਰਾਰੀ ਰੇ॥

ਅਗਲੇ ਦਿਨ ੨੦ ਮੱਘਰ ੧੯੯੭ ਬਿਕ੍ਰਮੀ ਨੂੰ ਨੇੜਲੇ ਪਿੰਡਾਂ ਵਿੱਚੋਂ ਭਾਰੀ ਗਿਣਤੀ ਵਿੱਚ ਸੰਗਤਾਂ ਆਣ ਇਕੱਠੀਆਂ ਹੋਈਆਂ। ਪਿੰਡ ਦੇ ਵਾਸੀ ਸੰਤ ਅੱਛਰ ਸਿੰਘ ਨੇ ਬਾਬਾ ਜੀ ਦੇ ਹੁਕਮ ਮੁਤਾਬਕ ਸਭ ਨੂੰ ਨਾਮ ਸਿਮਰਨ ਕਰਨ ਵਾਸਤੇ ਕਿਹਾ। ਅਤੇ ਨਾਲ ਹੀ ਅੱਛਰ ਸਿੰਘ ਨੇ ਅਰਜ਼ ਕੀਤੀ—

"ਬਾਬਾ ਜੀ! ਜੇ ਆਪ ਜੀ ਦਾ ਹੁਕਮ ਹੋਵੇ ਤਾਂ ਜਥੇਦਾਰ ਜਾਂ ਰਾਗੀ ਸਿੰਘਾਂ ਨੂੰ ਬੁਲਾ ਲਈਏ।" ਬਾਬਾ ਜੀ ਕਹਿਣ ਲੱਗੇ, "ਅੱਛਰ ਸਿੰਘ ਜੀ ਰਾਗੀ ਸਿੰਘ ਆਪੇ ਹੀ ਦਰਗਾਹੋਂ ਆ ਜਾਣਗੇ।" ਏਨੇ ਨੂੰ ਬਾਬਾ ਲਹਿਣਾ ਸਿੰਘ ਜੀ ਨੇ ਵੀ ਸੰਗਤਾਂ ਸਮੇਤ ਆਣ ਜੈਕਾਰਾ ਬੁਲਾਇਆ ਤੇ ਬੜੇ ਪਿਆਰ ਨਾਲ ਗਲ ਮਿਲੇ। ਬਾਬਾ ਜੀ ਨੇ ਬਚਨ ਕੀਤਾ ਅਸੀਂ ਦਰਗਾਹ ਨੂੰ ਜਾਣ ਤੋਂ ਅੱਠ ਪਹਿਰ ਲੇਟ ਹੋ ਗਏ ਹਾਂ। ਦੂਸਰੇ ਪਾਸੇ ਬਾਬਾ ਜੀ ਦੇ ਹੁਕਮ ਮੁਤਾਬਕ ਸੰਤ ਬੰਤਾ ਸਿੰਘ (ਅੰਮ੍ਰਿਤਸਰ) ਅਤੇ ਸੰਤ ਅੱਛਰ ਸਿੰਘ ਅੰਤਮ ਸਸਕਾਰ ਲਈ ਸਾਰੀਆਂ ਤਿਆਰੀਆਂ ਕਰ ਰਹੇ ਸਨ। ਸਭ ਸੰਗਤਾਂ ਉਸ ਸਮੇਂ ਵੈਰਾਗੀ ਹੋਈਆਂ ਹੋਈਆਂ ਨਜ਼ਰ ਆ ਰਹੀਆਂ ਸਨ। ਸਭ ਵਿਸਮਾਦ ਛਾਈ ਹੋਈ ਸੀ। ਇਸ ਸਮੇਂ ਹੀ ਪਿੰਡ ਦੇ ਵਾਸੀ ਭੋਲਾ ਸਿੰਘ ਦੇ ਅਰਜ਼ ਕਰਨ ਤੇ ਬਾਬਾ ਜੀ ਨੇ ਪੁੱਤਰ ਦਾ ਵਰ ਦਿੱਤਾ ਤੇ ਨਾਲ ਹੀ ਆਖਿਆ ਬੱਚੇ ਦਾ ਨਾਮ ਬੂਟਾ ਸਿੰਘ ਰੱਖੀਂ। ਅੱਜ ਉਸ ਬੂਟਾ ਸਿੰਘ ਦਾ ਕਾਫੀ ਵੱਡਾ ਪਰਿਵਾਰ ਹੈ।

ਬਾਬਾ ਜੀ ਸਾਰੀ ਸੰਗਤ ਨੂੰ ਆਖਣ ਲੱਗੇ, ਸਾਧ ਸੰਗਤ ਜੀ ਹੁਣ ਅਸੀਂ ਜਾ ਰਹੇ ਹਾਂ। ਇਹ ਆਖਦਿਆਂ ਹੀ ਸਾਰੀ ਸੰਗਤ ਦੇ ਸਾਹਮਣੇ ਬਾਬਾ ਜੀ ਨੇ ਦੇਹ ਉਹਲਾ ਕੀਤਾ।

**ਬਾਬਾ ਜੀ ਦੀ ਯਾਦ ਵਿਚ ਭਾਰੀ ਜੋੜ ਮੇਲਾ**

ਹਰ ਸਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ ਬਾਬਾ ਜੀ ਦੀ ਯਾਦ ਵਿੱਚ ਪਿੰਡ ਮਹੱਦੀਪੁਰ ਵਿਖੇ ਬਹੁਤ ਭਾਰੀ ਜੋੜ ਮੇਲਾ ਹੁੰਦਾ ਹੈ। ਇਹ ਪਿੰਡ ਇਲਾਕੇ ਵਿੱਚ ਨਾਮਧਾਰੀ ਪ੍ਰਚਾਰ ਦਾ ਇਕ ਉੱਘਾ ਕੇਂਦਰ ਹੈ।

ਇਸ ਸਾਲ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਨਾਲ ਮੱਘਰ ਦੀ ਸੰਗਰਾਂਦ ਵਾਲੇ ਦਿਨ ਤੋਂ ਹੀ ਨਾਮ ਸਿਮਰਨ ਦੀ ਵਰਨੀ ਸ਼ੁਰੂ ਕੀਤੀ ਗਈ—ਸੰਤ ਲਖਬੀਰ ਸਿੰਘ, ਧੀਰ ਸਿੰਘ ਪਿੰਡ ਕਿਲਾ ਦੇਸਾ ਸਿੰਘ, ਸੰਤ ਜਗੀਰ ਸਿੰਘ, ਸੁਖਦੇਵ ਸਿੰਘ ਪਿੰਡ ਖਤਰਾਂ, ਗੁਰਮੀਤ ਸਿੰਘ ਮਹੱਦੀਪੁਰ ਆਦਿ ਸਿਖਾਂ ਨੇ ੨੧ ਦਿਨ ਵਰਨੀ ਵਿੱਚ ਬੜੇ ਉਤਸ਼ਾਹ ਨਾਲ ਭਾਗ ਲਿਆ।

੧੯ ਤੋਂ ੨੧ ਮੱਘਰ ਤੱਕ ਬਹੁਤ ਭਾਰੀ ਮੇਲਾ ਹੋਇਆ। ੬ ਅਖੰਡ ਪਾਠਾਂ ਦੇ ਗੁਰ ਮਰਿਯਾਦਾ ਅਨੁਸਾਰ ਭੋਗ ਪਾਏ ਗਏ



Sri Satguru Jagjit Singh Ji eLibrary NamdhariElibrary@gmail.com

ਅਤੇ ਨਾਮ ਸਿਮਰਨ ਕਥਾ ਕੀਰਤਨ ਦਾ ਪ੍ਰਵਾਹ ਚਲਦਾ ਰਿਹਾ। ਅੰਮ੍ਰਿਤ ਵੇਲੇ ੫ ਤੋਂ ੬ ਵਜੇ ਤੱਕ ਰੋਜ਼ਾਨਾ ਨਿਤਨੇਮ ਵਿੱਚ ਪਿੰਡ ਮਹੱਦੀਪੁਰ ਦੀਆਂ ਬੇਅੰਤ ਸੰਗਤਾਂ ਹਾਜ਼ਰ ਹੋ ਕੇ ਅਨੰਦ ਮਾਣਦੀਆਂ ਰਹੀਆਂ।

ਜਥੇਦਾਰ ਬਾਬਾ ਛਿੰਦਾ ਸਿੰਘ ਜੀ ਮੁਹਾਵਾ, ਜ. ਇਕਬਾਲ ਸਿੰਘ ਜੀ ਸ੍ਰੀ ਭੈਣੀ ਸਾਹਿਬ, ਸੂਬਾ ਮੋਹਕਮ ਸਿੰਘ ਜੀ ਅੰਮ੍ਰਿਤਸਰ, ਸੂਬਾ ਨੱਥਾ ਸਿੰਘ ਦੀ ਛੇਹਰਟਾ, ਜ. ਸੁਰਜੀਤ ਸਿੰਘ, ਜ: ਬਲਵੰਤ ਸਿੰਘ ਜੀ ਕਪੂਰਾ ਕਵੀਸ਼ਰ ਸਵਰਨ ਸਿੰਘ ਜੀ ਇੰਦਰ ਸਿੰਘ ਸ਼ਹਿਜਾਦਾ, ਜ: ਪਲਵਿੰਦਰ ਸਿੰਘ, ਬੱਲਾ ਸਿੰਘ ਕਿਲੇ ਵਾਲੇ ਰੋਜ਼ਾਨਾ ਵਾਰੇ ਦਾ ਕੀਰਤਨ ਕਰਦੇ ਰਹੇ। ਦਲੀਪ ਸਿੰਘ ਬੈਜੋ ਵਾਲੇ, ਜ: ਧਰਮ ਸਿੰਘ ਜੀ ਦਿੱਲੀ, ਸੰਤ ਮੰਗਲ ਸਿੰਘ ਜੀ ਨੇ ਕਥਾ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਕਾਫ਼ੀ ਸਰੀਰਾਂ ਮਾਸ ਸ਼ਰਾਬ ਦਾ ਤਿਆਗ ਕੀਤਾ ਤੇ ਭਜਨ ਪੁੱਛਿਆ। ਸਟੇਜ ਸੈਕਟਰੀ ਦੀ ਸੇਵਾ ਸੰਤ ਸਵਰਨ ਸਿੰਘ ਜੀ ਕੋਟ ਦੀਵਾਰ ਵਾਲਿਆਂ ਬੜੇ ਵਧੀਆਂ ਢੰਗ ਨਾਲ ਨਿਭਾਈ।

ਅੰਤ ਵਿੱਚ ਬਾਬਾ ਜੀ ਦੇ ਪੋਤਰੇ ਸੂਬਾ ਭਗਤ ਸਿੰਘ ਅਤੇ ਬਾਬਾ ਜਗਤ ਸਿੰਘ ਜੀ ਨੇ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਇਸ ਮੇਲੇ ਵਿੱਚ ਆਏ ਪਤਵੰਤੇ ਆਗੂਆਂ ਪ੍ਰਬੰਧਕਾਂ, ਪ੍ਰਚਾਰਕਾਂ ਤੇ ਸਮੁੱਚੇ ਤੌਰ ਤੇ ਸਾਧ ਸੰਗਤ ਦਾ ਧੰਨਵਾਦ ਕੀਤਾ।

ਮੇਲੇ ਤੇ ਪੰਡਾਲ ਦੀ ਸਜਾਵਟ ਰਸਤਿਆਂ ਨੂੰ ਸ਼ਿੰਗਾਰਨ ਅਤੇ ਹੋਰ ਪ੍ਰਬੰਧ ਦਾ ਇੰਤਜ਼ਾਮ ਚਮਤਕਾਰ ਸਿੰਘ ਤੇਜਾ, ਬਲਜੀਤ ਸਿੰਘ ਵਿਰਦੀ, ਬਲਵਿੰਦਰ ਸਿੰਘ ਨਾਗੀ, ਕੁਲਦੀਪ ਸਿੰਘ ਮਹੱਦੀਪੁਰ, ਇਕਬਾਲ ਸਿੰਘ ਰਿਆੜ, ਮਨਜੀਤ ਸਿੰਘ ਭੋਏਵਾਲੀ ਅਤੇ ਮਹੱਦੀਪੁਰ ਦੀ ਨੌਜਵਾਨ ਸਾਧ ਸੰਗਤ ਨੇ ਬੜੇ ਉਤਸ਼ਾਹ ਨਾਲ ਕੀਤਾ।

*—ਚਮਤਕਾਰ ਸਿੰਘ "ਤੇਜਾ"*

## ਸ਼ੇਰੇ-ਪੰਜਾਬ ਨੂੰ ਸਮਰਪਿਤ ਕਵੀ ਦਰਬਾਰ

ਪੰਜਾਬੀ ਕਵੀ ਸਭਾ ਲੁਧਿਆਣਾ ਵਲੋਂ ਸ੍. ਕੰਵਰਜੀਤ ਸਿੰਘ ਵਾਲੀਆ ਅਤੇ ਸੰਤ ਜਗਮੋਹਨ ਸਿੰਘ ਨਾਮਧਾਰੀ ਦੇ ਭਰਪੂਰ ਸਹਿਯੋਗ ਸਦਕਾ ੮ ਦਸੰਬਰ ੨੦੦੧ ਨੂੰ ਸ਼ਾਮ ੮ ਤੋਂ ੧੧ ਵਜੇ ਤੱਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਸਮਰਪਿਤ ਇਕ ਵਿਸ਼ਾਲ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਸਰਵ ਸ੍ਰੀ ਚੰਨਣ ਸਿੰਘ ਚਮਨ ਹਰਗੋਬਿੰਦਪੁਰੀ, ਪ੍ਰੀਤਮ ਸਿੰਘ ਪੰਛੀ (ਪਟਿਆਲਾ), ਗੁਰਚਰਨ ਸਿੰਘ ਸੇਕ, ਜੋਗਿੰਦਰ ਸਿੰਘ ਕੰਗ, ਸੁਰਜੀਤ ਸਿੰਘ ਸਾਜਨ, ਹਰਦੇਵ ਸਿੰਘ ਕਲਸੀ, ਅਜੀਤ ਸਿੰਘ ਲਾਇਲ, ਸਤਿਨਾਮ ਸਿੰਘ ਕੋਮਲ, ਕਰਤਾਰ ਸਿੰਘ ਕਾਲੜਾ, ਤੇਗ ਬਹਾਦਰ ਸਿੰਘ ਤੇਗ, ਦਾਨ ਸਿੰਘ ਕੋਮਲ, ਅਜੀਤ ਸਿੰਘ ਅਜੀਤ, ਅਮਰ ਸਿੰਘ ਸ਼ਮਸ਼ੇਰ ਅਤੇ ਕੰਵਰਜੀਤ ਸਿੰਘ ਵਾਲੀਆ ਨੇ ਭਾਗ ਲਿਆ। ਕਵੀ ਸਭਾ ਵਲੋਂ ਭਾਗ ਲੈਣ ਵਾਲੇ ਸਾਰੇ ਕਵੀਆਂ ਨੂੰ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਵੀ ਕੀਤਾ ਗਿਆ। ਸਟੇਜ ਸਕੱਤਰੀ ਜੋਗਿੰਦਰ ਸਿੰਘ ਕੰਗ ਨੇ ਨਿਭਾਈ। ਕਵੀ ਦਰਬਾਰ ਦਾ ਉਦਘਾਟਨ ਸਭਾ ਦੇ ਚੇਅਰਮੈਨ ਡਾ: ਗੁਰਚਰਨ ਸਿੰਘ ਸੇਕ ਨੇ ਕੀਤਾ।

## ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਤੇ ਕਵੀ ਦਰਬਾਰ

ਮਿਤੀ ੧੯-੧੨-੨੦੦੧ ਨੂੰ ਸ਼ਾਮ ੮ ਤੋਂ ੧੦-੩੦ ਵਜੇ ਤੱਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ ਅਹਿਮਦਗੜ੍ਹ (ਸੰਗਰੂਰ) ਵਿਖੇ ਨੌਵੇਂ ਸਤਿਗੁਰੂ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਤੇ ਪੰਜਾਬੀ ਕਵੀ ਸਭਾ ਲੁਧਿਆਣਾ ਵਲੋਂ ਇਕ ਅਦੁੱਤੀ ਕਵੀ ਦਰਬਾਰ ਆਯੋਜਿਤ ਕੀਤਾ ਗਿਆ, ਜਿਸ ਵਿਚ ਸਰਵ ਸ੍ਰੀ ਪੂਰਨ ਸਿੰਘ ਜੋਸ਼ ਅੰਮ੍ਰਿਤਸਰ (ਮੈਂਬਰ ਸ਼੍ਰੋਮਣੀ ਗੁ: ਪ੍ਰਬੰਧਕ ਕਮੇਟੀ), ਬਲਵੰਤ ਸਿੰਘ ਤੇਗ (ਅੰਮ੍ਰਿਤਸਰ) ਸੰਤੋਖ ਸਿੰਘ ਸਫਰੀ (ਜਲੰਧਰ), ਹਰਿਭਜਨ ਸਿੰਘ ਸਾਜਨ (ਟਾਂਡਾ ਉੜਮੁੜ), ਜੋਗਿੰਦਰ ਸਿੰਘ ਕੰਗ (ਲੁਧਿਆਣਾ) ਸੁਰਜੀਤ ਸਿੰਘ ਸਾਜਨ (ਲੁਧਿਆਣਾ) ਅਤੇ ਅਵਤਾਰ ਸਿੰਘ ਲੋਹਗੜ੍ਹ ਨੇ ਨੌਵੇਂ ਸਤਿਗੁਰੂ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਕਵੀ ਦਰਬਾਰ ਦੇ ਆਰੰਭ ਵਿਚ ਜੋਗਿੰਦਰ ਸਿੰਘ ਕੰਗ ਨੇ ਕਵੀਆਂ ਬਾਰੇ ਜਾਣਕਾਰੀ ਦਿੱਤੀ। ਸਟੇਜ ਸਕੱਤਰੀ ਸੁਰਜੀਤ ਸਿੰਘ ਸਾਜਨ ਨੇ ਨਿਭਾਈ। ਇਸ ਕਵੀ ਦਰਬਾਰ ਵਿਚ ਸ੍: ਸੰਤੋਖ ਸਿੰਘ ਸਫਰੀ ਸ੍: ਬਲਵੰਤ ਸਿੰਘ ਤੇਗ ਅਤੇ ਜੱਥੇਦਾਰ ਪੂਰਨ ਸਿੰਘ ਜੋਸ਼ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ। ਜੈਕਾਰਿਆ ਦੀ ਗੂੰਜ ਵਿਚ ਕਰਵਾਏ ਗਏ ਇਸ ਕਵੀ ਦਰਬਾਰ ਨੂੰ ਸੰਗਤਾਂ ਨੇ ਖੂਬ ਸਲਾਹਿਆ ਹੈ।

*—ਜੋਗਿੰਦਰ ਸਿੰਘ ਕੰਗ*



Sri Satguru Jagjit Singh Ji eLibrary NamdhariElibrary@gmail.com

## ਸਾਹਿਤ ਸਭਾ ਦੀ ਸਲਾਨਾ ਚੋਣ

ਸ੍ਰੀ ਜੀਵਨ ਨਗਰ—ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਦੀ ਸਾਲਾਨਾ ਚੋਣ ਮਿਤੀ ੧੦-੧੨-੨੦੦੧ ਨੂੰ ਸ੍ਰੀ ਗੁਰੂ ਹਰੀ ਸਿੰਘ ਕਾਲਜ ਵਿਖੇ ਹੋਈ। ਜਿਸ ਵਿਚ ਨਾਮਵਰ ਉੱਘੇ ਸ਼ਾਇਰਾਂ ਨੇ ਹਿੱਸਾ ਲਿਆ। ਇਸ ਸਭਾ ਦੇ ਕੁਲ ਮੈਂਬਰ ੨੬ ਹਨ। ਨਵੇਂ ਸਾਲ ਲਈ ਚੁਣੇ ਗਏ ਅਹੁਦੇਦਾਰ ਇਸ ਤਰ੍ਹਾਂ ਹਨ—

ਸਰਪ੍ਰਸਤ : ਮਾ. ਅਮਰੀਕ ਸਿੰਘ, ਪ੍ਰਧਾਨ : ਲਖਵਿੰਦਰ ਸਿੰਘ ਬਾਜਵਾ, ਮੀਤ ਪ੍ਰਧਾਨ : ਸਵਰਨ ਸਿੰਘ ਚੀਮਾ, ਮੀਤ ਪ੍ਰਧਾਨ: ਵਰਿਆਮ ਸਿੰਘ ਪਿਆਸਾ, ਜਨਰਲ ਸਕੱਤਰ : ਗੁਰਦਿਆਲ ਸਿੰਘ ਢਿਲੋਂ ਪ੍ਰੀਤ, ਮੀਤ ਸਕੱਤਰ : ਪੂਰਨ ਸਿੰਘ ਨਿਰਾਲਾ, ਖਜ਼ਾਨਚੀ : ਜਸਵਿੰਦਰ ਸਿੰਘ ਭਿੰਡਰ, ਲਾਇਬ੍ਰੇਰੀ ਸਕੱਤਰ : ਜੁਗਿੰਦਰ ਸਿੰਘ ਮੁਕਤਾ, ਤਾਲ ਮੇਲ ਸਕੱਤਰ : ਹਰਭਜਨ ਸਿੰਘ ਰਾਜਾ।

ਵਰਕਿੰਗ ਕਮੇਟੀ ਮੈਂਬਰ : ਰਾਜਿੰਦਰ ਸਿੰਘ, ਬਲਦੇਵ ਸਿੰਘ ਵੜੈਚ, ਕੁਲਦੀਪ ਸਿੰਘ ਦੀਪ

ਇਹ ਇਕ ਮਾਣ ਵਾਲੀ ਗੱਲ ਹੈ ਕਿ ੧੯੬੦ ਤੋਂ ਲੈ ਕੇ ਅੱਜ ਤਕ ਇਹ ਚੋਣ ਹਰ ਸਾਲ ਸਰਬ ਸੰਮਤੀ ਨਾਲ ਹੁੰਦੀ ਆ ਰਹੀ ਹੈ।

ਚੋਣ ਤੋਂ ਇਲਾਵਾ ਕਵੀ ਸਭਾ ਵੀ ਹੋਈ, ਜਿਸ ਵਿਚ ਨਵੀਆਂ ਰਚਨਾਵਾਂ ਪੜ੍ਹਕੇ ਸੁਣਾਈਆਂ ਗਈਆਂ। ਇਕ ਮਤਾ ਪਾਸ ਕਰਕੇ ਕਵਿਤਾਵਾਂ ਦੀ ਇਕ ਨਵੀਂ ਕਿਤਾਬ ਛਪਵਾਉਣ ਬਾਰੇ ਫੈਸਲਾ ਲਿਆ ਗਿਆ ਅਤੇ ਕਵਿਤਾਵਾਂ ਦੀ ਸੋਧ ਕੀਤੀ ਗਈ।

*—ਢਿੱਲੋਂ ਪ੍ਰੀਤ*

## ੪੧ਵਾਂ ਭਾਰਤੀ ਸੰਗੀਤ ਸੰਮੇਲਨ ੩ ਮਾਰਚ ਨੂੰ

ਜਲੰਧਰ ੧੬ ਜਨਵਰੀ—ਸੰਗੀਤ ਕਲਾ ਮੰਚ (ਰਜਿ.) ਜਲੰਧਰ ਦਾ ੪੧ ਵਾਂ ਸੰਗੀਤ ਸੰਮੇਲਨ ਸ਼ਿਵਰਾਤਰੀ ਦੇ ਉਪਲਖਸ਼ ਵਿੱਚ ੩ ਮਾਰਚ ਐਤਵਾਰ ਨੂੰ ੩ ਤੋਂ ੭ ਲਾਇਨਜ਼ ਭਵਨ ਲਾਜਪਤ ਨਗਰ ਜਲੰਧਰ ਦੇ ਹਾਲ ਵਿਚ ਹੋਵੇਗਾ। ਇਹ ਸੂਚਨਾ ਮੰਚ ਦੇ ਮੁੱਖ ਸਕੱਤਰ ਪ੍ਰੋ. ਜੋਗਿੰਦਰ ਬਾਵਰਾ ਨੇ ਦਿੱਤੀ ਤੇ ਦੱਸਿਆ ਕਿ ਇਸ ਵਿੱਚ ਦਿੱਲੀ, ਜਲੰਧਰ, ਬੰਬਈ ਅਤੇ ਕੋਟਾ ਦੇ ਸੰਗੀਤਕਾਰ ਭਾਗ ਲੈ ਰਹੇ ਹਨ। ਪ੍ਰਸਿੱਧ ਗਾਇਕ ਸ੍ਰੀ ਹੇਮਾਂਗ ਮਹਿਤਾ ਬੰਬਈ ਤੋਂ ਵਿਸ਼ੇਸ਼ ਤੌਰ ਤੇ ਪੁੱਜ ਰਹੇ ਹਨ।

# ਪ੍ਰਿੰਸੀਪਲ ਮਹਿੰਦਰ ਕੌਰ ਗਿੱਲ ਸੇਵਾ ਮੁਕਤੀ ਸਨਮਾਨ ਸਮਾਰੋਹ

ਡਾ. ਮਹਿੰਦਰ ਕੌਰ ਗਿੱਲ ਦੇ ਮਾਤਾ ਸੁੰਦਰੀ ਕਾਲਜ ਦਿੱਲੀ ਤੋਂ ਬਤੌਰ ਪ੍ਰਿੰਸੀਪਲ ਰਿਟਾਇਰ ਹੋਣ ਤੇ ੫ ਜਨਵਰੀ ੨੦੦੨ ਨੂੰ ਪੰਜਾਬੀ ਭਵਨ ਨਵੀਂ ਦਿੱਲੀ ਵਿਚ ਵੱਖ-ਵੱਖ ਸਭਾਵਾਂ ਵਲੋਂ ਸਾਂਝਾ ਸਮਾਗਮ ਕੀਤਾ ਗਿਆ। ਇਸ ਸਮਾਰੋਹ ਉੱਤੇ ਸਾਬਕਾ ਕੇਂਦਰੀ ਮੰਤਰੀ ਸ੍ਰੀ ਬੂਟਾ ਸਿੰਘ, ਭੂਤ-ਪੂਰਵ ਐਮ. ਪੀ. ਸ੍ਰੀ ਐਸ. ਐਸ. ਹੰਸਪਾਲ, ਡਾ. ਜਸਪਾਲ ਸਿੰਘ ਸਾਬਕਾ ਰਾਜ-ਦੂਤ, ਡਾ. ਜਗਬੀਰ ਸਿੰਘ, ਡਾ. ਕੁਲਜੀਤ ਸ਼ੈਲੀ, ਸ੍ਰੀ ਐਸ.ਐਸ. ਰਤਨ, ਡਾ. ਮਨਜੀਤ ਸਿੰਘ, ਮੋਹਿਨੀ ਸਿੰਘ ਅਤੇ ਡਾ. ਓਮਾ ਤੁਲੀ ਚੀਫ-ਕਮਿਸ਼ਨਰ (ਵਿਕਲਾਂਗਾਂ ਲਈ) ਨੇ ਡਾ. ਗਿੱਲ ਦੀਆਂ ਬਹੁ-ਪੱਖੀ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ।

ਇਸ ਅਵਸਰ ਉੱਤੇ ਡਾ. ਗਿੱਲ ਨੂੰ ਇਕ ਮੋਮੈਂਟੋ, ਇਕ ਸ਼ਾਲ ਤੇ ਇਕ ਸਨਮਾਨ-ਪੱਤਰ ਭੇਂਟ ਕੀਤਾ। ਸ੍ਰੀ ਹੰਸਪਾਲ ਜੀ ਅਤੇ ਸ੍ਰੀ ਬੂਟਾ ਸਿੰਘ ਨੇ ਡਾ. ਗਿੱਲ ਦੀਆਂ ਦੋ ਪੁਸਤਕਾਂ ਵੀ ਰੀਲੀਜ ਕੀਤੀਆਂ। ਇਸ ਸਮੇਂ ਹੇਠ ਲਿਖਿਆਂ ਸਨਮਾਨ ਪੱਤਰ ਡਾ. ਗਿੱਲ ਨੂੰ ਭੇਟ ਕੀਤਾ ਗਿਆ।

ਮਾਤਾ ਸੁੰਦਰੀ ਕਾਲਜ, ਜਿਹੜਾ ਕਿ ਦਿੱਲੀ ਯੂਨੀਵਰਸਿਟੀ ਦੇ ਮੰਨੇ-ਪ੍ਰਮੰਨੇ ਕਾਲਜਾਂ ਵਿਚੋਂ ਇੱਕ ਹੈ, ਦੇ ਪ੍ਰਿੰਸੀਪਲ ਡਾ. ਮਹਿੰਦਰ ਕੌਰ ਗਿੱਲ ਦੀ ਪਦਵੀ ਤੋਂ ਸੇਵਾ-ਮੁਕਤੀ ਦੇ ਸਬੰਧ ਵਿੱਚ ਅੱਜ ਦਾ ਇਹ ਸਮਾਰੋਹ ਆਯੋਜਿਤ ਕੀਤਾ ਜਾ ਰਿਹਾ ਹੈ। ੩੩ ਸਾਲਾਂ ਦੀ ਅਧਿਆਪਨ ਸੇਵਾ ਵਿਚੋਂ ਵੀਹ ਸਾਲ ਉਹ ਇਸ ਕਾਲਜ ਦੇ ਪ੍ਰਿੰਸੀਪਲ ਰਹੇ ਹਨ। ਦਿੱਲੀ ਦੇ ਪੰਜਾਬੀ ਲੇਖਕਾਂ ਅਤੇ ਦਿੱਲੀ ਦੀਆਂ ਕੁਝ ਸਾਹਿਤਕ ਸਭਾਵਾਂ ਵਲੋਂ ਇਸ ਸੇਵਾ-ਮੁਕਤੀ ਅਤੇ ਪ੍ਰਸੰਨਤਾ ਤੇ ਸੰਤੁਸ਼ਟੀ ਨੂੰ ਪ੍ਰਗਟਾਉਣ ਦੇ ਦੋ ਮਹੱਤਵ-ਪੂਰਨ ਕਾਰਨ ਹਨ। ਪਹਿਲਾ—ਆਪਣੇ ਸਿਦਕ, ਸਿਰੜ, ਸਾਹਸ, ਮਿਹਨਤ ਤੇ ਦ੍ਰਿੜ੍ਹਤਾ ਨਾਲ ਉਹ ਸਕੂਲੀ ਅਧਿਆਪਕ ਤੋਂ ਪੋਸਟ ਗਰੈਜੂਏਟ ਕਾਲਜ ਦੇ ਪ੍ਰਿੰਸੀਪਲ ਤੱਕ ਪੁੱਜੇ ਹਨ। ਦੂਜਾ, ਉਹ ਬੜੇ ਬੇ-ਦਾਗ਼ ਬਿੰਬ ਅਤੇ ਪੂਰੇ ਮਾਨ-ਸਤਿਕਾਰ ਨਾਲ ਸੇਵਾ-ਮੁਕਤ ਹੋ ਰਹੇ ਹਨ। ਸਕੂਲੀ ਅਧਿਆਪਕ ਤੋਂ ਕਾਲਜ ਦੇ ਪ੍ਰਿੰਸੀਪਲ ਦੀ ਪਦਵੀ ਤੱਕ ਪੁੱਜਣਾ ਕੋਈ ਅਸੰਭਵ ਕਾਰਜ ਤਾਂ ਨਹੀਂ ਪਰ ਨਿਸ਼ਚੇ ਹੀ ਇਹ ਇਕ ਅਸਾਧਾਰਨ ਤੇ ਮਿਸਾਲੀ ਪ੍ਰਾਪਤੀ



Sri Satguru Jagjit Singh Ji eLibrary NamdhariElibrary@gmail.com



ਹੈ ਤੇ ਇਹੋ ਜੇਹੀ ਪ੍ਰਾਪਤੀ ਮਹਾਨਤਾ ਦਾ ਇੱਕ ਅਨਿੱਖੜ ਅੰਗ ਮੰਨੀ ਜਾਂਦੀ ਹੈ। ਵੀਹ ਸਾਲਾਂ ਤੱਕ ਇਕ ਪ੍ਰਤਿਸ਼ਠਿਤ ਕਾਲਜ ਦੇ ਪ੍ਰਿੰਸੀਪਲ ਬਣੇ ਰਹਿਣਾ ਡਾ. ਗਿੱਲ ਦੀ ਸੂਝ-ਸਿਆਣਪ, ਧੀਰਜ, ਨਿਮਰਤਾ, ਦੂਰ-ਦ੍ਰਿਸ਼ਟਤਾ, ਪ੍ਰਬੰਧਕੀ ਯੋਗਤਾ ਅਤੇ ਵਿਵੇਕੀ ਪਹੁੰਚ ਦਾ ਪਰਿਣਾਮ ਹੈ।

ਇਹ ਵੀ ਸੱਚ ਹੈ ਕਿ ਜਿੰਨੀ ਉੱਚੀ ਕੁਰਸੀ ਹੋਵੇਗੀ, ਓਨਾ ਹੀ ਵਿਰੋਧ ਤੇ ਵਾਦ-ਵਿਵਾਦ ਦੀ ਗੁੰਜਾਇਸ਼ ਬਣੀ ਰਹੇਗੀ। ਅਸੀਂ ਸਾਰੇ ਹੀ ਜਾਣਦੇ ਹਾਂ ਕਿ ਉੱਚੀ ਕੁਰਸੀ ਨਾਲ ਕਈ ਤਰ੍ਹਾਂ ਦੀ ਖਿੱਚ-ਧੂਹ ਦਾ ਜੁੜਣਾ ਸੁਭਾਵਕ ਅਮਲ ਹੁੰਦਾ ਹੈ। ਤੇ ਜਿੰਨਾ ਉੱਚੀ ਕੁਰਸੀ ਤੇ ਬੈਠਣ ਦਾ ਸਮਾਂ ਲੰਬਾ ਹੋਵੇਗਾ, ਓਨੀ ਹੀ ਦੋਸ਼ ਤੇ ਦੂਸ਼ਨਾਂ ਦੀ ਸੰਭਾਵਨਾ ਬਣੀ ਰਹਿੰਦੀ ਹੈ। ਜੇ ਇਸ ਸਭ ਦੇ ਬਾਵਜੂਦ ਡਾ. ਗਿੱਲ ਸਨਮਾਨਯੁਕਤ ਤੇ ਦੋਸ਼-ਰਹਿਤ ਪ੍ਰਤਿਬਿੰਬ ਨਾਲ ਸੇਵਾ-ਮੁਕਤ ਹੋ ਰਹੇ ਹਨ ਤਾਂ ਇਹਨੂੰ ਉਹਨਾਂ ਦੀ ਕਮਾਈ ਹੋਈ ਸੁਭਾਗੀ ਸਫਲਤਾ ਹੀ ਮੰਨਣਾ ਪਵੇਗਾ। ਉੱਚੀਆਂ ਕੁਰਸੀਆਂ ਉੱਤੇ ਬੈਠੇ ਵਿਅਕਤੀਆਂ ਉੱਤੇ ਝੂਠੀਆਂ ਤੇ ਬੇ-ਬੁਨਿਆਦ ਊਝਾਂ ਦਾ ਲੱਗਣਾ ਵੀ ਕੋਈ ਅਲੋਕਾਰ ਗੱਲ ਨਹੀਂ। ਡਾ. ਗਿੱਲ ਵੀ ਇਸ ਪੱਖੋਂ ਕੋਈ ਅਪਵਾਦ ਨਹੀਂ ਹੋ ਸਕਦੇ। ਪਰ ਇਹ ਵੀ ਇੱਕ ਸਰਬ-ਵਿਆਪੀ ਸੱਚ ਹੈ ਕਿ ਅੰਤਲੀ ਸਫਲਤਾ ਦਾ ਕੋਈ ਤੋੜ ਹੀ ਨਹੀਂ ਹੁੰਦਾ। ਕੋਈ ਵੀ ਵਿਅਕਤੀ ਸੰਪੂਰਨ ਨਹੀਂ ਹੋ ਸਕਦਾ, ਇਹ ਦੂਜੀ ਵਿਆਪਕ ਸੱਚਾਈ ਹੈ।

ਪੰਜਾਬੀ ਸਾਹਿਤ ਦੇ ਖੇਤਰ ਵਿੱਚ ਡਾ. ਗਿੱਲ ਦੀਆਂ ਬਹੁ-ਪੱਖੀ ਮਹਾਨ ਪ੍ਰਾਪਤੀਆਂ ਦਾ ਜ਼ਿਕਰ ਨਾ ਕਰਨਾ ਉਹਨਾਂ ਪ੍ਰਤੀ ਵੱਡੀ ਬੇਇਨਸਾਫ਼ੀ ਹੋਵੇਗੀ। ਸੌ ਤੋਂ ਵੱਧ ਪੁਸਤਕਾਂ ਦੀ ਰਚਨਹਾਰ ਡਾ. ਗਿੱਲ ਨੇ ਪੰਜਾਬੀ ਸਾਹਿਤ ਦੇ ਕਈ ਰੂਪਾਂ ਵਿੱਚ ਰਚਨਾ ਕੀਤੀ ਹੈ। ਪਰ ਉਹਨਾਂ ਦੀ ਸ਼ਾਨਦਾਰ ਤੇ ਯਾਦਗਾਰੀ ਦੇਣ ਗੁਰਬਾਣੀ, ਸਿੱਖ ਧਰਮ ਅਤੇ ਸਿੱਖ ਇਤਿਹਾਸ ਦੇ ਖੇਤਰਾਂ ਵਿੱਚ ਹੈ। ਇਸ ਪੱਖੋਂ ਉਹਨਾਂ ਦੀ ਅਤਿ ਮੁੱਲਵਾਨ, ਮਹੱਤਵਪੂਰਨ ਤੇ ਮਹਾਨ ਪ੍ਰਾਪਤੀ ਗੁਰੂ ਮਹਿਲਾਂ, ਗੁਰੂ ਘਰ ਨਾਲ ਸਬੰਧਿਤ ਨਾਰੀਆਂ ਦੀਆਂ ਜੀਵਨੀਆਂ ਉਹਨਾਂ ਦੀ ਇਤਿਹਾਸਕ ਦੇਣ ਤੇ ਮਹੱਤਤਾ ਦਾ ਖੋਜ-ਭਰਪੂਰ ਤੇ ਕਾਫ਼ੀ ਹੱਦ ਤੱਕ ਇਤਿਹਾਸਕ ਪੱਖੋਂ ਪ੍ਰਮਾਣੀਕ ਵਰਣਨ ਹੈ। ਉਹਨਾਂ ਦੇ ਸੁਰਗਵਾਸੀ ਪਤੀ ਸ. ਜਾਗੀਰ ਸਿੰਘ ਗਿੱਲ ਗੁਰਬਾਣੀ ਦੇ ਧੁਰੰਧਰ ਵਿਦਵਾਨ ਸਨ। ਉਹਨਾਂ ਦੀ ਪ੍ਰੇਰਨਾ ਤੇ ਸੇਧ ਨੇ ਡਾ. ਗਿੱਲ ਨੂੰ ਵਧੇਰੇ ਗੰਭੀਰਤਾ ਅਤੇ ਸੁਹਿਰਦਤਾ ਨਾਲ ਖੋਜ ਕਰਨ ਦਾ ਉਤਸ਼ਾਹ ਦਿੱਤਾ। ਨਤੀਜੇ ਦੇ ਤੌਰ 'ਤੇ 'ਬਾਣੀ ਸਾਰ' ਤੇ 'ਹਰ ਦੋ ਆਲਮ ਤਾਕ' ਵਰਗੀਆਂ ਅਲੌਕਿਕ ਪੁਸਤਕਾਂ ਪ੍ਰਕਾਸ਼ਿਤ ਹੋਈਆਂ। ਡਾ. ਗਿੱਲ ਦੀ ਪੁਸਤਕ 'ਬਾਣੀ ਸਾਰ' ਨੂੰ ਗੁਰਬਾਣੀ ਦਾ ਕਾਵਿ-ਸ਼ਾਸਤਰ ਆਖਿਆ ਜਾ ਸਕਦਾ ਹੈ। 'ਹਰ ਦੋ ਆਲਮ ਤਾਕ' ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦੇ ਜੀਵਨ, ਉਹਨਾਂ ਦੀ ਗੌਰਮ-ਮਈ ਵਿਦਵਤਾ, ਉਹਨਾਂ ਦੀ ਅਧਿਆਤਮਕ ਉੱਚਤਾ ਅਤੇ ਅਤਿਆਚਾਰ ਵਿਰੁੱਧ ਉਹਨਾਂ ਦੀ ਮਹਾਨ ਬੀਰਤਾ ਅਤੇ ਸੂਰਮਤਾਈ ਨਾਲ ਕੀਤੇ ਸੰਘਰਸ਼ ਨੂੰ ਰੂਪਮਾਨ ਕਰਦੀ ਹੈ। ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਬਾਰੇ ਅਜਿਹੀਆਂ ਦੁਰਲੱਭ ਪੁਸਤਕਾਂ ਘੱਟ ਹੀ ਪੜ੍ਹਨ ਨੂੰ ਮਿਲਦੀਆਂ ਹਨ। 'ਬਾਣੀ ਸਾਰ' ਵਾਂਗ 'ਹਰ ਦੋ ਆਲਮ ਤਾਕ' ਪੁਸਤਕ ਵੀ ਡਾ. ਗਿੱਲ ਦੀ ਲਾਸਾਨੀ ਦੇਣ ਹੈ। ਡਾ. ਗਿੱਲ ਦੇ ਗੁਰਬਾਣੀ ਦੇ ਬਹੁ-ਪੱਖੀ ਤੇ ਬਹੁ-ਰੂਪੀ ਵਿਆਖਿਆਤਮਕ-ਅਧਿਐਨ ਤੇ ਇਸ ਅਧਿਐਨ ਪ੍ਰਤੀ ਉਹਨਾਂ ਦੀ ਸੁਹਿਰਦਤਾ ਅਤੇ ਸਮਰਪਣ ਨੂੰ ਦੇਖਕੇ ਕਿਹਾ ਜਾ ਸਕਦਾ ਹੈ ਕਿ ਡਾ. ਗਿੱਲ ਨੇ ਇਸ ਖੇਤਰ ਵਿੱਚ ਬੜਾ ਭਰਪੂਰ ਤੇ ਅਮਿੱਟ ਯੋਗਦਾਨ ਪਾਇਆ ਹੈ।

ਡਾ. ਮਹਿੰਦਰ ਕੌਰ ਗਿੱਲ ਨੇ ਪੰਜਾਬੀ ਸਾਹਿਤ ਦੇ ਜਗਤ ਨੂੰ ਚਾਰ ਕਾਵਿ-ਸੰਗ੍ਰਹਿ ਵੀ ਦਿੱਤੇ ਹਨ। ਕਵਿੱਤਰੀ ਦੇ ਰੂਪ ਵਿਚ ਡਾ. ਗਿੱਲ ਨੇ ਇੱਕ ਅਜਿਹੀ ਦੱਬੀ-ਕੁਚਲੀ ਔਰਤ ਦਾ ਚਿੱਤਰ ਪੇਸ਼ ਕੀਤਾ ਹੈ ਜਿਸ ਤੋਂ ਉਸ ਦੀ ਨਿੱਜੀ ਪਛਾਣ, ਉਸ ਦੀ ਸਮਾਨਤਾ ਦੇ ਅਧਿਕਾਰਾਂ ਨੂੰ, ਉਸ ਦੀ ਮਾਨਸਿਕ ਅਤੇ ਆਤਮਿਕ ਸੁਤੰਤਰਤਾ ਨੂੰ ਖੋਹ ਲਿਆ ਗਿਆ ਹੈ। ਪਰ ਡਾ. ਗਿੱਲ ਦੀ ਇਹ ਔਰਤ ਇਸ ਜਬਰ ਤੇ ਬੇਇਨਸਾਫ਼ੀ ਨੂੰ ਚੁੱਪ-ਚਾਪ ਸਹਿਣ ਨਹੀਂ ਕਰਦੀ। 'ਕਾਤਰਾਂ' ਵਾਂਗ ਵੱਢੀ-ਟੁੱਕੀ ਹੋਈ ਵੀ ਉਹ ਰੋਹ ਅਤੇ ਰੋਸ ਭਰੇ ਪ੍ਰਤਿਕਰਮ ਨਾਲ ਅਜਿਹੀ ਅਤਿਆਚਾਰੀ, ਨਿਰਦਈ, ਅਯੋਗ ਅਤੇ ਦਾਸਤਾ



Sri Satguru Jagjit Singh Ji eLibrary NamdhariElibrary@gmail.com

ਦੇ ਵਿਵਹਾਰ ਵਿਰੁੱਧ ਬਗ਼ਾਵਤ ਕਰਦੀ ਹੈ। ਉਹ ਮਰਦ-ਪਰਧਾਨ ਸਮਾਜ ਦੀ ਯਕ-ਤਰਫ਼ਾ ਸਭਿਆਚਾਰਕ ਅਵੱਗਿਆ ਦਾ ਡਟਵਾਂ ਵਿਰੋਧ ਕਰਦੀ ਹੈ। ਇਸ ਤਰ੍ਹਾਂ ਡਾ. ਗਿੱਲ ਆਪਣੇ ਅੰਦਰਲੀ ਕਵਿੱਤਰੀ ਦੇ ਵਿਦਰੋਹੀ ਰੁੱਖ ਨੂੰ ਰੂਪਮਾਨ ਕਰਦੀ ਹੈ।

ਅੱਜ ਅਸੀਂ ਡਾ. ਮਹਿੰਦਰ ਕੌਰ ਗਿੱਲ ਦੀ ਬਹੁ-ਪੱਖੀ ਪ੍ਰਤਿਭਾਸ਼ਾਲੀ ਹਸਤੀ ਦੇ ਸਤਿਕਾਰ ਵਿੱਚ ਇਸ ਸਨਮਾਨ ਸਮਾਰੋਹ ਦਾ ਆਯੋਜਿਨ ਕੀਤਾ ਹੈ ਭਾਵੇਂ ਕਿ ਡਾ. ਗਿੱਲ ਨੇ ੧੧ ਜਨਵਰੀ, ੨੦੦੨ ਨੂੰ ਆਪਣੀ ਪਦਵੀ ਤੋਂ ਰੀਟਾਇਰ ਹੋਣਾ ਹੈ। ਅੱਜ ਦੇ ਅਗੇਤੇ ਸਮਾਰੋਹ ਦਾ ਇੱਕ ਕਾਰਣ ਇਹ ਹੈ ਕਿ ਡਾ. ਗਿੱਲ ਦੀ ਡਾਇਰੀ ਵਿੱਚ ਸੇਵਾ-ਮੁਕਤੀ ਦੇ ਦਿਨ ਤੱਕ ਅੱਜ ਦੀ ਸ਼ਾਮ ਹੀ ਖਾਲੀ ਸੀ। ਅਸੀਂ ਸੇਵਾ-ਮੁਕਤੀ ਪਿਛੋਂ ਉਹਨਾਂ ਦੇ ਬੜੇ ਖੁਸ਼ ਤੇ ਖੁਸ਼ਹਾਲ ਜੀਵਨ ਦੀ ਕਾਮਨਾ ਕਰਦੇ ਹਾਂ। ਸਾਡੇ ਸਾਰਿਆਂ ਦੀਆਂ ਹਾਰਦਿਕ ਸ਼ੁਭ-ਕਾਮਨਾਵਾਂ ਉਹਨਾਂ ਦੇ ਨਾਲ ਹਨ। ਨਾਲ ਹੀ ਅਸੀਂ ਉਹਨਾਂ ਕੋਲੋਂ ਇਹ ਮੰਗ ਵੀ ਕਰਦੇ ਹਾਂ ਕਿ ਉਹ ਸਾਨੂੰ ਹੋਰ ਵੀ ਵਧੇਰੇ ਮੁੱਲਵਾਨ ਸਾਹਿਤਕ ਰਚਨਾਵਾਂ ਦੇਣਗੇ ਵਿਸ਼ੇਸ਼ ਕਰਕੇ ਉਹਨਾਂ ਦੇ ਮਨ-ਭਾਉਂਦੇ ਗੁਰਬਾਣੀ, ਸਿੱਖ ਧਰਮ ਅਤੇ ਸਿੱਖ ਇਤਿਹਾਸ ਦੇ ਖੇਤਰਾਂ ਵਿੱਚ। ਸਾਡਾ ਵਿਸ਼ਵਾਸ ਹੈ ਕਿ ਉਹ ਆਪਣੇ ਅਨੇਕ ਪਾਠਕਾਂ ਅਤੇ ਪ੍ਰਸੰਸਕਾ ਨੂੰ ਮਾਯੂਸ ਨਹੀਂ ਕਰਨਗੇ।

ਸ੍ਰੀ ਹਰਭਜਨ ਸਿੰਘ 'ਰਤਨ'
ਪ੍ਰਧਾਨ
ਪੰਜਾਬੀ ਸਾਹਿਤ ਕਲਾ ਸੰਗਮ, ਨਵੀਂ ਦਿੱਲੀ

ਬਲਬੀਰ ਮਾਧੋਪੁਰੀ
ਜਨਰਲ ਸਕੱਤਰ
ਪੰਜਾਬੀ ਮੰਚ, ਦਿੱਲੀ

ਡਾ. ਮਨਜੀਤ ਸਿੰਘ
ਜਨਰਲ ਸਕੱਤਰ
ਪੰਜਾਬੀ ਲੇਖਕ ਸਭਾ, ਦਿੱਲੀ

## ਸ. ਕਰਤਾਰ ਸਿੰਘ ਮੁਹਾਰਾਂ ਵਾਲਿਆਂ (ਜੰਮੂ) ਦੇ ਘਰੋਂ ਬੀਬੀ ਗੁਰਦੀਪ ਕੌਰ ਨਮਿਤ ਸਮਾਗਮ

ਜੰਮੂ ਨਿਵਾਸੀ ਸ. ਕਰਤਾਰ ਸਿੰਘ ਮੁਹਾਰਾਂ ਵਾਲਿਆਂ ਦੇ ਘਰੋਂ ਬੀਬੀ ਗੁਰਦੀਪ ਕੌਰ ਮਿਤੀ ੩੧ ਦਸੰਬਰ ੨੦੦੧ ਨੂੰ ਸੰਸਾਰ ਯਾਤਰਾ ਪੂਰੀ ਕਰ ਗਏ। ਉਹਨਾਂ ਨਮਿਤ ੯ ਜਨਵਰੀ ੨੦੦੨ ਨੂੰ ਪਾਠਾਂ ਦੇ ਭੋਗ ਸਮੇਂ ਭਾਰੀ ਇਕੱਠ ਹੋਇਆ। ਅੰਮ੍ਰਿਤ ਵੇਲੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਹੋਇਆ। ਬਾਦ ਵਿਚ ਵੱਡੇ ਪੰਡਾਲ ਵਿਚ ਪ੍ਰਸਿੱਧ ਜਥੇਦਾਰ ਇਕਬਾਲ ਸਿੰਘ ਹੋਰਾਂ ਹੱਲੇ ਦੇ ਦੀਵਾਨ ਸਮੇਂ ਜਨਮ ਮਰਨ ਦੀ ਪ੍ਰਕਿਰਿਆ ਅਤੇ ਗੁਰੂ ਦੇ ਭਾਵੇ ਅਨੁਸਾਰ ਚਲਣ ਤੇ ਵਖਿਆਨ ਦਿੱਤਾ। ਅਮਨ-ਰਮਨ ਬੱਚੀਆਂ ਨੇ ਵੈਰਾਗਮਈ ਸ਼ਬਦ ਪੜ੍ਹੇ। ਸ਼ਰਧਾਂਜਲੀ ਭੇਟ ਕਰਦਿਆਂ ਵਰਿਆਮ ਸੰਪਾਦਕ ਨੇ ਸਮਾਜ ਵਿੱਚ ਇਸਤਰੀ ਜਾਤੀ ਦੀ ਮਹਾਨਤਾ ਦਰਸਾਉਂਦਿਆਂ ਇਸਤਰੀਆਂ ਦੀ ਜਨਮ ਲੈਣ ਤੋਂ ਪਹਿਲਾਂ ਭਰੂਣ ਹੱਤਿਆ ਰੋਕਣ ਤੇ ਜ਼ੋਰ ਦਿੱਤਾ। ਸ. ਕਰਮ ਸਿੰਘ ਨੇ ਸਾਰੇ ਆਏ ਸਜਨਾਂ ਦਾ ਧੰਨਵਾਦ ਕੀਤਾ। ਦਿੱਲੀ ਤੋਂ ਪ੍ਰਧਾਨ ਸਾਧਾ ਸਿੰਘ ਜੀ ਅਤੇ ਸੰਤ ਹਰਬੰਸ ਸਿੰਘ ਮੁਹਾਰਾਂ ਵਾਲਿਆਂ ਸਮੇਤ ਵੱਖ-ਵੱਖ ਥਾਵਾਂ ਤੋਂ ਰਿਸ਼ਤੇਦਾਰ, ਸਨੇਹੀ ਮਿੱਤਰ ਭਾਰੀ ਗਿਣਤੀ ਵਿੱਚ ਪੁੱਜੇ ਹੋਏ ਸਨ। ਨਵੇਂ ਮੁਹੱਲੇ ਦੇ ਸਲੋਕਾਂ ਅਤੇ ਸਦ ਤੇ ਪਾਠ ਉਪਰੰਤ ਅਰਦਾਸ ਕੀਤੀ ਗਈ ਅਤੇ ਲੰਗਰ ਵਰਤਾਇਆ ਗਿਆ।

## ਬੀਬੀ ਰਤਨ ਕੌਰ ਜੀ ਸੰਸਾਰ ਯਾਤਰਾ ਪੂਰੀ ਕਰ ਗਏ

ਦੁਆਬੇ ਦੇ ਪ੍ਰਸਿੱਧ ਸੂਬਾ ਦਸੌਂਧਾ ਸਿੰਘ ਜੀ ਦੀ ਪੋਤਰੀ ਅਤੇ ਭਾਈਆ ਨਿਰੰਜਣ ਸਿੰਘ ਸੀਹਰਾ ਦੀ ਸਪੁੱਤਰੀ ਬੀਬੀ ਰਤਨ ਕੌਰ ਜੀ ਆਪਣੇ ਸਹੁਰੇ ਘਰ ਪ੍ਰੀਤ ਨਗਰ ਜਲੰਧਰ ਵਿਚ ਮਿਤੀ ੧੨ ਜਨਵਰੀ ੨੦੦੨ ਨੂੰ ਆਪਣੀ ਜੀਵਨ ਯਾਤਰਾ ਸੰਪੂਰਨ ਕਰ ਗਏ। ਬੀਬੀ ਰਤਨ ਕੌਰ ਸੰਤ ਤਾਰਾ ਸਿੰਘ ਦੀ ਨੂੰਹ ਅਤੇ ਸ. ਅਜੀਤ ਸਿੰਘ ਦੀ ਪਤਨੀ ਸਨ। ਆਪ ਦੇ ਵੱਡੇ ਸਪੁੱਤਰ ਸ. ਸੰਤੋਖ ਸਿੰਘ ਜਿਨ੍ਹਾਂ ਨੂੰ ਪਿਆਰ ਨਾਲ ਠੋਲ੍ਹ ਕਿਹਾ ਜਾਂਦਾ ਹੈ ਸੰਗੀਤਕਾਰ ਹਨ।

ਬੀਬੀ ਜੀ ਨਮਿਤ ਪਾਠ ਦਾ ਭੋਗ ਉਹਨਾਂ ਦੇ ਗ੍ਰਹਿ ਵਿਖੇ ਮਿਤੀ ੧੨ ਜਨਵਰੀ ੨੦੦੨ ਮੰਗਲਵਾਰ ਨੂੰ ਪਾਇਆ ਗਿਆ। ਪਹਿਲਾਂ ਸੰਤ ਬਲਬੀਰ ਸਿੰਘ ਮੌਜੀ ਹੋਰਾਂ ਕੀਰਤਨ ਕੀਤਾ, ਉਹਨਾਂ ਬਾਦ ਜਥੇਦਾਰ ਇਕਬਾਲ ਸਿੰਘ ਜੀ ਦੀਵਾਨ ਸਜਾ ਕੇ ਗੁਰੂ ਆਸ਼ੇ ਅਨੁਸਾਰ ਭਾਣਾ ਮੰਨਣ ਲਈ ਉਪਦੇਸ਼ ਕੀਤਾ। ਸੰਤ ਦਲੀਪ ਸਿੰਘ ਚੇਅਰਮੈਨ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ, ਸੂਬਾ ਜੁਗਿੰਦਰ ਸਿੰਘ ਅਤੇ ਵਰਿਆਮ ਸੰਪਾਦਕ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ। ਭੋਗ ਉਪਰੰਤ ਅਤੁੱਟ ਲੰਗਰ ਵਰਤਿਆ ਗਿਆ।

## ਨਾਗੀ ਪਰਿਵਾਰ ਜਲੰਧਰ ਨੂੰ ਵਿਛੋੜਾ

ਮਾਤਾ ਦਲਬੀਰ ਕੌਰ ਪਤਨੀ ਸਵ. ਸ. ਹਜ਼ੂਰ ਸਿੰਘ ਜੀ ਨਾਗੀ ਜਲੰਧਰ ਮਿਤੀ ੪ ਜਨਵਰੀ ੨੦੦੨ ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਹਨਾਂ ਦੀ ਜੀਵ ਆਤਮਾ ਨਮਿਤ ਪਾਠ ਦਾ ਭੋਗ ਪਰਿਵਾਰ ਦੇ ਗ੍ਰਹਿ ਨਵਾਂ ਸ਼ਾਸਤਰੀ ਨਗਰ ਕਪੂਰਥਲਾ ਰੋਡ ਜਲੰਧਰ ਵਿਖੇ ੧੨ ਜਨਵਰੀ ਨੂੰ ਪਾਇਆ ਗਿਆ। ਸੂਬਾ ਅਜੀਤ ਸਿੰਘ ਬਟਾਲਾ ਵਾਲਿਆਂ ਵੈਰਾਗਮਈ ਕੀਰਤਨ ਕੀਤਾ। ਮਾਤਾ ਜੀ ਦੇ ਸਪੁੱਤਰਾਂ ਸ. ਜਸਪਾਲ ਸਿੰਘ, ਦਿਲਬਾਗ ਸਿੰਘ, ਬਲਵੰਤ ਸਿੰਘ ਅਤੇ ਅਵਤਾਰ ਸਿੰਘ ਨਾਗੀ ਵਲੋਂ ਸਾਧ ਸੰਗਤ ਦੀ ਲੰਗਰ ਪਾਣੀ ਨਾਲ ਸੇਵਾ ਕੀਤੀ ਗਈ। ਸਟੇਜ ਦਾ ਸੰਚਾਲਣ ਸ. ਸਰਬਜੀਤ ਸਿੰਘ ਨੇ ਕੁਸ਼ਲਤਾ ਨਾਲ ਕੀਤਾ।



Sri Satguru Jagjit Singh Ji eLibrary NamdhariElibrary@gmail.com

# ਪ੍ਰਤੀਕਿਰਿਆ

ਆਪ ਜੀਆਂ ਦੇ ਪਹਿਲੀ ਵੇਰ ਜਲੰਧਰ ਦਰਸ਼ਨਾਂ ਤੋਂ ਬਾਅਦ ਅੱਜ ਮੈਨੂੰ ਵਿਹਲ ਭੀ ਮਿਲ ਗਿਆ ਹੈ ਤੇ ਕੁਝ ਆਰਾਮ ਭੀ। ਜੀ ਕਰਦੈ ਤੁਹਾਨੂੰ ਇਹ ਪਹਿਲੀ ਇੱਕ ਚਿੱਠੀ ਲਿਖਾਂ ਜੋ ਪਿਆਰਿਆਂ ਤੇ ਆਪਣਿਆਂ ਨੂੰ ਲਿਖੀਦੀ ਐ। ਅੱਗੇ ਮੈਂ ਇਕ ਖ਼ਤ ਲਿਖਿਆ ਸੀ ਜਿਸ ਰਾਹੀਂ ਮੂਲ ਮੰਗ ਇਹ ਕਰਨੀ ਸੀ ਕਿ 'ਵਰਿਆਮ' ਜੋ ਮੁਸ਼ਕਲ ਨਾਲ ਮੇਰੇ ਤੱਕ ਪੁੱਜਿਆ ਹੈ ਇਸ ਨੂੰ ਚਾਲੂ ਰਖਿਆ ਜਾਵੇ। ਜਲਦ ਮੈਂ ਚੈੱਕ ਭੇਜ ਦਿਆਂਗਾ। ਪੈਸੇ ਵਾਲਿਆਂ (ਪਤਨੀ-ਜਸਬੀਰ ਕੌਰ) ਤੇ ਆਪਣਾ ਕੰਮ ਪੂਰਾ ਕਰ ਮੈਨੂੰ ਸੂਚਨਾ ਦੇ ਦਿੱਤੀ ਸੀ ਪਰ ਮੈਨੂੰ ਵਿਹਲ ਨਹੀਂ ਸੀ ਥਿਆਉਂਦੀ ਕਿ ਕਿਵੇਂ ਤੇ ਕਿਹੜੇ ਢੰਗ ਨਾਲ ਸਜ ਧੱਜ ਕੇ ਇਕ ਮਾਸਕ ਪੱਤਰ ਦੇ ਸੰਪਾਦਕ ਦੇ ਦਫ਼ਤਰ ਵਿਚ ਪੁੱਜਿਆ ਜਾਵੇ।

ਸਾਡੇ ਸਿਡਨੀ ਵਿਚ "ਨਾਨਕ ਨੂਰ ਕੰਪੀਟੀਸ਼ਨ" ਸਮਾਪਤ ਹੋ ਗਿਆ ਹੈ। ਇਸ ਵਿਚ ਗੁਰਮੁਖੀ ਨਾਲ ਸੰਬੰਧਤ ਮੇਰੀ ਤੇ ਜਸਬੀਰ ਕੌਰ ਦੀ ਜ਼ੁੰਮੇਵਾਰੀ ਹੁੰਦੀ ਹੈ ਬਾਕੀ ਜੀਵਨ ਪ੍ਰੇਸ਼ਾਨੀਆਂ ਦਾ ਬੋਝ ਭੀ ਲਾਲੀ ਤੇ ਪਾਲੀ ਦੋਵੇਂ ਭਾਈ ਕਾਫੀ ਹਲਕਾ ਕਰ ਦਿੱਤਾ ਹੈ। ਸੋ ਮੈਂ ਫਿਰ ਉਸ ਵਰਿਆਮ ਜੀਆਂ ਨੂੰ ਆਪਣੇ ਸਨਮੁੱਖ ਲਿਆ ਖੜ੍ਹਾ ਕੀਤਾ ਹੈ। ਜਿਨ੍ਹਾਂ ਨੂੰ ਅੱਜ ਤੋਂ ਤਕਰੀਬਨ ਸਾਲ ਪਹਿਲੋਂ ਮੈਂ ਜਲੰਧਰ ਨਾਮਧਾਰੀ ਧਰਮਸ਼ਾਲਾ ਵਿਚ ਨਾ-ਧੰਨਵਾਦਿਆਂ ਹੀ ਛੱਡ ਆਇਆ ਸਾਂ। ਦਰਿਆ ਦਿਲ ਮਿੱਤਰ ਮੈਨੂੰ ਮੁਆਫ ਕਰ ਦੇਣਾ ਸਮੇਂ ਦੇ ਸ਼ਕੰਜੇ ਦੀ ਕਸਾਈ ਮੇਰੀ ਸੁੱਧ ਬੁੱਧ ਪੀਸੀਚੀ ਜਾ ਰਹੀ ਸੀ।

ਵਰਿਆਮ ਦਾ ਅਕਤੂਬਰ ਅੰਕ ਜਦੋਂ ਪੁਜਿਆ ਮੈਂ ਇਕ ਦਮ ਜਾਣ ਲਿਆ ਕਿ ਤੁਸਾਂ ਐਡਰੈਸ ਜਿਵੇਂ ਨਾਮਧਾਰੀ ਟੈਲੀ: ਡਾ ਵਿਚੋਂ ਲਿਆ ਹੈ: ਕਿਉਂਕਿ ਜੋ ਐਡਰੈਸ ਮੈਂ ਕਈ ਸਜਣਾ ਰਾਹੀਂ ਤੁਹਾਡੇ ਤੱਕ ਪੁਜਾਣ ਲਈ ਦੇਂਦਾ ਰਿਹਾ ਉਹ ਇਹ ਨਹੀਂ ਸੀ। ਪਰ ਇਸ ਪਤੇ ਨਾਲ ਸਤਿਗੁਰਾਂ ਦੀ ਪੂਰੀ ਜਾਣਕਾਰੀ ਜੁੜੀ ਹੋਈ ਹੈ। ਸੋ ਇਹ ਸਾਰੀ ਡਾਕ ਮੈਨੂੰ ਪੁੱਜ ਜਾਂਦੀ ਹੈ।

ਇਸ ਨਵੰਬਰ ਵਾਲੇ ਅੰਕ ਨਾਲ ਤੁਸਾਂ ਸਤਿਗੁਰਾਂ ਦੇ ਪਾਵਨ ਦਰਸ਼ਨ ਹੀ ਨਹੀਂ ਕਰਾਏ ਸਗੋਂ ਪ੍ਰੀਤ ਨਗਰ ਪ੍ਰੀਤ ਲੜੀ, ਪ੍ਰੀਤ ਪਰਿਵਾਰ ਤੇ ਹੋਰ ਪਤਵੰਤਿਆਂ ਦੇ ਦਰਸ਼ਨ ਭੀ ਕਰਾ ਦਿੱਤੇ ਹਨ, ਜਿਨ੍ਹਾਂ ਦੀ ਲੇਖਣੀ ਤੇ ਤਸਵੀਰਾਂ ਦੀ ਧੁੰਦਲੀ ਯਾਦ ਹੀ ਮੇਰੇ ਸੁਪਨਿਆਂ ਵਿਚ ਰੂਪਮਾਨ ਸੀ। ਦੁਰਾਡਿਓਂ ਪਿਆਰ ਦਾ ਰੰਗ ਕਿੰਨਾ ਗਾੜ੍ਹਾ ਹੁੰਦਾ ਹੈ। ਠਾਕਰ ਉਦੈ ਸਿੰਘ ਜੀਆਂ ਦਾ ਨਾਤਾ ਭੀ ਇਸ ਪ੍ਰੀਤ-ਪੈਲੇਸ ਨਾਲ ਹੋਰ ਪਵਿੱਤਰ ਹੋ ਗਿਆ। ਸਾਹਿਤਕ ਅਸਥਾਨ ਨੂੰ ਪੈਲੇਸ ਤੋਂ ਘੱਟ ਕਿਉਂ ਕਹੀਏ। ਅੱਖਰ ਅੱਖਰ ਮੈਂ ਇਸਦਾ ਪੜ੍ਹਿਆ ਹੈ ਤੇ ਪਚਾਇਆ ਭੀ ਹੈ। ਸਤਿਗੁਰੂ ਕਿਰਪਾ ਕਰਨ ਤੇ ਵਰਿਆਮ ਹੋਰ ਭੀ ਪ੍ਰਭਾਵਕ ਤੇ ਲਾਭਦਾਇਕ ਸਿੱਧ ਹੋਵੇ।

ਨਾਮਧਾਰੀਆਂ ਨਾਲ ਮੇਰਾ ਨਾਤਾ ਜਮਾਂਦਰੂ ਹੈ। ਬਾਬਾ ਜੀ ਮੇਰੇ ਪੂਰਨ ਗੁਰ ਸਿੱਖ ਸਨ ਜਿਨ੍ਹਾਂ ਮੈਨੂੰ ਨਾਮ ਦੀ ਗੁੜ੍ਹਤੀ ਦੇ ਕੇ ਵਡਿਆਂ ਕੀਤਾ। ਪਿਤਾ ਜੀ ਤੇ ਇਕ ਸਾਲ ਤੋਂ ਭੀ ਨਿੱਕੇ ਨੂੰ ਛੱਡ ਅਸਟ੍ਰੇਲੀਆ ਆ ਗਏ ਸਨ। ਪੜਦਾਦਾ ਜੀ ਦੇਵਾ ਸਿੰਘ ਪਰਮਹੰਸ ਕਹਿੰਦੇ ਸਨ। ਉਨ੍ਹਾਂ ਨੂੰ (ਬਾਬਾ ਜੀ ਦਸਿਆ ਕਰਦੇ ਸਨ) ਗੁਰੂ ਹਰੀ ਸਿੰਘ ਦੇ ਸਮੇਂ ਦੀ ਨਾਮਧਾਰੀ ਰਗੜ ਦੀਆਂ ਸੱਟਾਂ ਸਹਿਣ ਦੇ ਸੁਭਾਗ ਸਨ। ਨਾਨਕਿਆਂ ਵਲੋਂ ਨਾਮਧਾਰ ਦੀ ਦੂਹਰੀ ਪਕਿਆਈ। ਨਾਨੇ ਤੇ ਸਭ ਕੁਝ ਛੱਡ ਗੁਰੂ ਹਰੀ ਸਿੰਘ ਵੇਲੇ ਭੈਣੀ ਸਾਹਿਬ ਆ ਗਏ ਸਨ। ਰਣੀਆਂ ਗਿੱਲਾਂ ਤੋਂ। ਇਹ ਫਿਰ ਦੁਵਾਰਾ ਉਸਾਰੇ ਗਏ, ਭੈਣੀ ਸਾਹਿਬ ਦੀਆਂ ਤੰਗੀਆਂ ਤੋਂ ਬਾਅਦ। ਸਾਡੇ ਮਾਤਾ ਜੀ ਦਸਿਆ ਕਰਦੇ ਸਨ ਕਿ ਉਨ੍ਹਾਂ ਦਾ ਵਿਆਹ ਮਾਤਾ ਜੀਵਨ ਕੌਰ ਆਪ ਕੀਤਾ ਸੀ।

ਗੁਰਮੁਖੀ ਬਾਬਾ ਜੀਆਂ ਆਪ ਪੜ੍ਹਾਈ ਤੇ ਮੈਨੂੰ ਯਾਦ ਹੈ ਛੇ ਸਾਲ ਦੀ ਉਮਰ ਵਿਚ ਬਾਬਾ ਜੀ ਮੈਨੂੰ ਸਣ ਕੇਸੀਂ ਅਸ਼ਨਾਨ ਕਰਵਾ ਵਰਨੀ ਜੋ ਪਿੰਡ ਵਿਚ ਹਰ ਹਫਤੇ ਹੋਇਆ ਕਰਦੀ ਸੀ ਲੈ ਜਾਇਆ ਕਰਦੇ ਸਨ। ਉਸ ਦਾ ਅਨੰਦ ਮੈਂ ਹੁਣ ਕਈ ਵੇਰ ਅਨੁਭਵ ਕਰਦਾ ਹਾਂ ਤੇ ਉਸ ਸਮੇਂ ਦੇ ਰੰਗ ਵਿਚ ਸੁਆਦ ਸੁਆਦ ਹੋ ਜਾਂਦਾ ਹਾਂ।

ਨਾਮਧਾਰੀ ਰਹੁ ਰੀਤਾਂ ਦਾ ਗਿਆਨ ਮੈਨੂੰ ਬਾਬਾ ਜੀਆਂ ਤੋਂ ਪ੍ਰਾਪਤ ਹੋਇਆ ਤੇ ਸਾਡੇ ਘਰ ਕਿਸੇ ਨੂੰ ਸ਼ਰਾਬ ਪੀ ਆਉਣ ਦੀ ਆਗਿਆ ਨਹੀਂ ਸੀ। ਮਾਤਾ ਵਲੋਂ ਤੇ ਕਦੇ ਅਸਵੱਛ ਭੋਜਨ ਨਹੀਂ ਸੀ ਵਰਤੀਂਦਾ। ਪਿਤਾ ਜੀ ਜੋ ਪੱਛਮੀ ਪੰਗਤ ਵਿਚ ਜਾ ਚੁੱਕੇ ਸਨ ਜਦੋਂ ਘਰੋਗੀ ਵਾਤਾਵਰਣ ਨੂੰ ਵਿਗਾੜਦੇ ਲੱਗਣ ਤੇ ਘਰ ਨਹੀਂ ਸਨ ਵੜਨ ਦਿੱਤੇ ਜਾਂਦੇ।

ਪਿੰਡ ਸਾਡਾ ਉੱਚੇ ਮਠੱਡੇ, ਮਠਡਾ ਕਲਾਂ ਸਤਿਗੁਰੂ ਰਾਮ ਸਿੰਘ ਦੀ ਡਿਓੜੀ ਮੰਨਿਆ ਜਾਂਦਾ ਸੀ। ਦੁਆਬੇ ਵਿਚ ਸਤਿਗੁਰੂ ਪ੍ਰਤਾਪ ਸਿੰਘ ਇਸ ਪਿੰਡ ਨੂੰ ਸਦਾ ਮਹਾਨਤਾ ਬਖਸ਼ੀ। ਦੁਆਬੇ ਦੇ ਬਹੁਤੇ ਹੋਲੇ ਮੇਲੇ ਏਥੇ ਹੀ ਹੋਇਆ ਕਰਦੇ ਸਨ। ਬਾਬਾ ਜੀਆਂ ਕਾਰਨ ਸਾਡੇ ਘਰ ਨਾਲ ਸਤਿਗੁਰਾਂ ਦਾ ਕਾਫੀ ਸਨੇਹ ਸੀ ਤੇ ਇਸ ਦਾ ਮੇਰੇ ਜਹੇ ਦੀ ਬਾਲ ਅਵਸਥਾ ਤੇ ਬੜਾ ਪ੍ਰਭਾਵ ਸੀ। ਸਤਿਗੁਰਾਂ ਦਾ ਘਰ ਚਰਨ ਪਾ ਜਾਣ ਤੋਂ ਵੱਡਾ ਅਸੀਂ ਕੋਈ ਸ਼ੁਭ ਅਵਸਰ ਨਹੀਂ ਸਾਂ ਸਮਝਦੇ। ਸਤਿਗੁਰਾਂ ਦਾ ਕਦੀ ਕਦਾਈਂ ਇਕ ਦੋ ਬਚਨ ਕਰ ਜਾਣਾ ਮੈਨੂੰ ਇਲਾਹੀ ਪੈਗ਼ਾਮ ਲਗਦਾ।

ਹੁਣ ਤੇ ਭੈਣੀ ਸਾਹਿਬ ਦਾ ਨਕਸ਼ਾ ਹੀ ਹੋਰ ਹੋ ਗਿਐ। ਇਸ ਸਵਰਗ ਵਿਚੋਂ ਭੀ ਮਾਤਾ ਜੀਵਨ ਕੌਰ ਦੀ ਤਬੇਲੇ ਵਾਲੀ ਖੂਹੀ ਤੋਂ ਆਪ ਪਾਣੀ ਖਿਚ ਸ਼ਰਦਾਈ ਵਰਤਾਂਦਿਆਂ ਦੀ ਤਸਵੀਰ ਅਨੋਖੀ ਦਿਖਾਈ ਦੇਂਦੀ ਹੈ। ਮਾਤਾ ਜੀ ਅੱਜ ਭੀ ਬੇਅੰਤ ਹਨ। ਸੰਤ ਕੌਲਾ ਸਿੰਘ ਵਰਗੇ ਸੰਤ ਅੱਜ ਭੀ ਹੋਣਗੇ ਕਿ ਨਹੀਂ ਪਤਾ ਨਹੀਂ।



Sri Satguru Jagjit Singh Ji eLibrary NamdhariElibrary@gmail.com

ਹਾਂ ਮੇਰੇ ਏਧਰ ਟੁਰਨ ਤੋਂ ਪਹਿਲਾਂ ਸਤਿਗੁਰਾਂ ਵਡਿਆ ਜਦੋਂ ਉਹ ਸਾਡੇ ਪਿੰਡ ਦੌਰੇ 'ਤੇ ਸਨ ਮੈਨੂੰ ਬੁਲਾਇਆ ਤੇ ਪਾਸ ਬਠਾ ਬਚਨ ਕੀਤਾ "ਤੂੰ ਹੁਣ ਬਾਹਰ ਚਲੇ ਜਾਣੈ : ਖਬਰੇ ਫਿਰ ਮਿਲਣੈ ਕਿ ਨਹੀਂ.... ਬੱਚੇ ਤੇ ਦੂਰ ਜਾ ਭੁਲ ਜਾਂਦੇ ਨੇ ਪਰ ਮਾਪੇ ਕਦੇ ਨਹੀਂ ਭੁਲਦੇ।" ਮੈਨੂੰ ਲਗਿਆ ਜਿਵੇਂ ਇਹ ਆਖਰੀ ਮੇਲੇ ਹਨ।

ਜਲਦ ਬਾਦ ਮੈਂ ਪਿਤਾ ਸੰਗ ਅਸਟ੍ਰੇਲੀਆ ਆ ਗਿਆ, ਪਰ ਮੇਰੇ ਕੰਨਾਂ ਵਿਚੋਂ ਸਤਿਗੁਰਾਂ ਦੇ ਉਹ ਬਚਨ ਕਦੇ ਨਹੀਂ ਵਿਸਰੇ।

ਬਾਬਾ ਜੀਆਂ ਦੀ ਇਕ ਬੜੀ ਨਿੱਗਰ ਚਿਤਾਵਨੀ ਸੀ ਕਿ ਮੁੰਡੇ ਨੂੰ ਵਿਆਹ ਕੀਤੇ ਬਿਨਾਂ ਬਾਹਰ ਨਹੀਂ ਜਾਣ ਦੇਣਾ। ਸੋ ਇੰਜ ਹੀ ਹੋਇਆ। ਸਾਢੇ ਪੰਦਰਾਂ ਸਾਲ ਦੀ ਇਕ ਸੁੰਦਰ ਐਥਲੀਟ ਕੁੜੀ (ਸ. ਨਾਜ਼ਰ ਸਿੰਘ ਜੌਹਲ ਇੰਟਰਨੈਸ਼ਨਲ ਓਲੰਪੀਅਨ ਭਾਰਤ ਰਿਕਾਰਡਰ ੪੦੦ ਗਜ਼ ਤੇ ਬੈਡਮੈਂਟਨ ਵਾਲੇ ਉਸਤਾਦ ਪਤੰਬਰ ਸਿੰਘ ਦੇ ਗੁਰੂ) ਨਾਲ ਮੇਰਾ ਵਿਆਹ ਕਰ ਦਿੱਤਾ ਗਿਆ। ਵਿਆਹ ਤੋਂ ਬਾਅਦ ਹਫਤਾ ਕੁ ਭਰ ਸਾਨੂੰ ਇਕੱਠੇ ਰਹਿਣ ਦਾ ਮੌਕਾ ਭੀ ਦੇ ਦਿੱਤਾ ਗਿਆ।

੧੯੫੫ ਦੇ ਨਵੰਬਰ ਵਿਚ ਮੈਂ ਦੋ ਯਾਦਾਂ ਲੈ ਕੇ ਬੰਬਈ ਬੰਦਰਗਾਹ ਨੂੰ ਅਲਵਿਦਾ ਆਖ ਅਸਟ੍ਰੇਲੀਆ ਲਈ ਆਪਣੇ ਪਿਤਾ ਜੀ ਸੰਗ ਰਵਾਨਾ ਹੋ ਗਿਆ। ੧੯-੨੦ ਸਾਲ ਦੀ ਉਮਰ ਵਿਚ ਇਕ ਨਵ-ਵਿਵਾਹਤ ਸੁੰਦਰ ਕੁੜੀ ਦੀ ਤਸਵੀਰ ਜਿੰਨੀ ਮੇਰੀਆਂ ਅੱਖੀਆਂ ਵਿਚ ਰਚੀ ਉਸਦਾ ਹੂ-ਬਹੂ ਨਕਸ਼ਾ ਮੈਂ ਆਪਣੀ ਕਾਪੀ ਤੇ ਉਤਾਰ ਲੈਂਦਾ। ਪੰਦਰਾਂ ਵੀਹ ਦਿਨ ਸਮੁੰਦਰ ਦੀਆਂ ਲਹਿਰਾਂ ਨਾਲ ਗੁਜ਼ਾਰੇ ਤੇ ਪਿਆਰਿਆਂ ਦੀਆਂ ਯਾਦਾਂ ਵਿਚ। ਇਸ ਨੂੰ "ਹਮ-ਸਫਰ" ਆਖ ਮੈਂ ਆਸਟ੍ਰੇਲੀਆ ਪੁੱਜਣ ਤੇ ਪਤਨੀ ਨੂੰ ਪੋਸਟ ਕਰ ਦਿੱਤਾ।

ਬਾਬਾ ਜੀ ਜਦੋਂ ੯੫ ਸਾਲ ਦੀ ਉਮਰ ਵਿਚ ਮੈਨੂੰ ਬਸ ਵਿਚ ਬਠਾ ਕੇ ਗਏ ਸਨ, ਸਦਾ ਮੇਰੀਆਂ ਅੱਖਾਂ ਅੱਗੇ ਟੁਰੇ ਫਿਰਦੇ। ਉਨ੍ਹਾਂ ਦੇ ਪਊਆਂ ਦਾ ਖੜਾਕ ਮੈਂ ਆਮ ਸੁਣਦਾ ਰਹਿੰਦਾ ਤੇ ਉਨ੍ਹਾਂ ਦਾ ਦੋ ਕੀਲੀਆਂ ਤੇ ਤਣਿਆਂ ਕਛਹਿਰਾ ਜਿਵੇਂ ਮੈਨੂੰ ਨਵ-ਜੀਵਨ ਦਾ ਉਦੇਸ਼ ਨਵਾਂ ਨਰੋਆ ਦੇਂਦਾ ਹੋਵੇ। ਪਿਤਾ ਜੀ ਇੱਥੇ ਪੁੱਜਦਿਆਂ ਆਖ ਦਿੱਤਾ ਸੀ "ਤੂੰ ਇਥੇ ਮੇਰਾ ਨਹੀਂ ਬਾਪੂ ਜੀਆਂ ਦਾ ਬਣ ਕੇ ਰਹਿਣਾ ਹੈ।" ਬਾਬਾ ਜੀਆਂ ਵਿਚੋਂ ਮੈਂ ਵੱਡੇ ਸਤਿਗੁਰਾਂ ਦੀ ਤਸਵੀਰ ਦੇਖਿਆ ਕਰਦਾ ਸਾਂ।

ਸਤਿਗੁਰਾਂ ਵਲੋਂ ਵਿਛੜੇ ਮਾਹੀ ਸਤਿਗੁਰੂ ਰਾਮ ਸਿੰਘ ਵੱਲ ਮੈਂ ਇਕ ਸੁਨੇਹੜਾ ਲਿਖਣਾ ਚਿਤਵ ਲਿਆ ਜੋ ਅਟਲ ਪ੍ਰਤਾਪੀ ਅਕਸਰ ਦੀਵਾਨਾਂ ਵਿਚ ਗਾਇਨ ਕਰਿਆ ਕਰਦੇ ਸਨ "ਕਬ ਘਰ ਆਵੋਗੇ ਮੇਰੇ ਮੀਤ.....।" 'ਪਰਤਾਪ ਸੁਨੇਹੜਾ' ਲਿਖ ਮੈਂ ਸਤਿਜੁਗ ਦੇ ਐਡੀਟਰ ਨੂੰ ਪੋਸਟ ਕਰ ਦਿੱਤਾ। ਉਸ ਵੇਲੇ..... ਸਿੰਘ ਗੁਰੂਸਰ ਵਾਲੇ ਐਡੀਟਰ ਸਨ ਕਵੀ ਜੀਆਂ ਤੋਂ ਪਹਿਲਾਂ ਨਾਮ ਵਿਸਰ ਗਿਆ।[1] ਸਤਿਜੁਗ ਵਿਚ ਉਹ ਪ੍ਰਕਾਸ਼ਤ ਹੋ ਗਿਆ ਤੇ ਮੈਂ ਹੈਰਾਨ ਜਿਹਾ ਹੋਇਆ ਕਿ ਇਹ ਕਿਵੇਂ ਹੋ ਸਕਦੈ। ਮੇਰੇ ਸਾਰੇ ਅੱਖਰ ਹੂ-ਬਹੂ ਛਾਪੇ ਗਏ ਹੋਣ!

ਇਥੇ ਕੁ ਸਤਿਜੁਗ ਦੀ ਸਪੁਰਦਗੀ ਕਵੀ ਜੀਆਂ[2] ਨੂੰ ਸੌਂਪੀ ਗਈ। ਸਤਿਜੁਗ ਦੇ ਨਾਲ ਹੀ ਜਿਵੇਂ ਕਵੀ ਜੀਆਂ ਮੇਰੀ ਸਪੁਰਦਗੀ ਭੀ ਆਪਣੇ ਹੱਥ ਲੈ ਲਈ। ਕਵੀ ਜੀਆਂ ਰੁਜਵਾਂ ਸਨੇਹ ਮੇਰੇ ਤੇ ਨਿਉਛਾਵਰ ਕੀਤਾ ਤੇ ਮੈਨੂੰ ਜਾਪਣ ਜਿਹਾ ਲੱਗ ਪਿਆ ਜਿਵੇਂ ਕੋਈ ਮੇਰੇ ਪਾਸੋਂ ਕੁਝ ਲਖਵਾਈ ਜਾ ਰਿਹਾ ਹੋਵੇ। ਜਿੰਨਾ ਕੁ ਚਿਰ ਮੈਂ ਲਿਖਦਾ ਮੇਰੀ ਦਸ਼ਾ ਹੋਰ ਹੀ ਬਣੀ ਰਹਿੰਦੀ ਜਿਵੇਂ ਮੈਂ ਇਸ ਦੁਨੀਆਂ ਦਾ ਵਾਸੀ ਹੀ ਨਹੀਂ। ਜਦੋਂ ਮੈਂ ਸਮਾਪਤ ਕਰ ਲੈਂਦਾ ਮੈਨੂੰ ਆਪਣੀ ਕਵਿਤਾ ਕਦੇ ਪੂਰੀ ਨਾ ਲਗਦੀ। ਜਾਪਦਾ ਜਿਵੇਂ ਜੋ ਕੁਝ ਕਹਿਣਾ ਸੀ ਉਸ ਲਈ ਠੀਕ ਸ਼ਬਦ ਨਹੀਂ ਥਿਆਏ। ਕਈ ਵੇਰ ਤੇ ਅਵਸ਼ਕਤਾ ਪੈਣ ਤੇ ਪਤਨੀ ਹੀ ਲਿਖਿਆ ਕਰਦੇ ਤੇ ਮੈਂ ਬੋਲੀ ਜਾਂਦਾ। ਮੈਨੂੰ ਯਾਦ ਹੈ ਇਕ ਵੇਰ ਮਖਿਆਲ ਲੜਿਆ ਤੇ ਮੈਨੂੰ ਕੁਝ ਦਿਸੇ ਨਾ। ਮੰਮੀ ਨੂੰ ਬੁਲਾਇਆ ਮੈਂ ਬੋਲ ਰਿਹਾ ਸਾਂ "ਅਵਲੜਾ ਰੋਗ ਨੀ ਮਾਏਂ ਇਸ ਦੀ ਸਾਰ ਨਾ ਜਾਣੇ ਕੋਈ, ਲਹੂ ਵਿਚ ਨੂਰ ਘੁਲਦਾ ਨਿੱਕੀ ਜਿੰਦੜੀ ਬੇਗਾਨੀ ਹੋਈ।" ਕਈ ਵੇਰ ਪੁਰਾਣੀਆਂ ਚਿੱਠੀਆਂ ਪੜ੍ਹ ਮੰਮੀ (ਬੱਚਿਆਂ ਦੇ) ਆਖਦੇ ਹਨ ਕੀ ਤੁਸੀਂ ਹੁਣ ਭੀ ਅਜਿਹੀਆਂ ਕਵਿਤਾਵਾਂ ਲਿਖ ਸਕਦੇ ਹੋ? ਇਹ ਸਾਰੀਆਂ ਕਵਿਤਾਵਾਂ ਕਵੀ ਜੀਆਂ ਨੂੰ ਪੁਜਦੀਆਂ ਜਾਂਦੀਆਂ।

ਇਸੇ ਸਮੇਂ ਸ੍ਰੀ ਮਹਾਰਾਜ ਜੀਆਂ ਕਿਰਪਾ ਕੀਤੀ ਦਰਸ਼ਨ ਦੇਣ ਦੀ। ਬੋਲੇ "ਇਥੇ ਤੇ ਅਨੰਦ ਹੀ ਅਨੰਦ ਹੈ: ਚਾਰ ਚੁਫੇਰਾ ਸਵਰਗ-ਪਹਾੜੀ ਸਿਖਰੋਂ ਪਾਣੀ ਦਾ ਫੁਟਦਾ ਚਸ਼ਮਾ ਤੇ ਫਿਰ ਵਹਾ ਤੇ ਬਣਦੀ ਸੁੰਦਰ ਪਾਣੀ ਦੀ ਧਾਰਾ ਤੇ ਕਿਧਰੇ ਚਰਦੀਆਂ ਗਊਆਂ। ਇਥੋਂ ਤੂੰ ਕਵਿਤਾ ਨਾ ਲਿਖੇ ਤੇ ਹੋਰ ਕੀ ਕਰੇਂ।"

ਯਾਦ ਆ ਗਿਆ "ਲਓ ਉਹ ਭੀ ਕੋਈ ਕਹਾਣੀ ਹੈ, ਜ਼ਰਾ ਕਹੀ ਜਾਏ ਤੇ ਮੁੱਕ ਜਾਏ। ਕੀ ਵਾਰਤਾ ਉਸ ਵਹਾ ਦੀ ਹੈ ਜੋ ਸਾਵਣ ਰੁੱਤੇ ਸੁੱਕ ਜਾਏ...।" ਇਹ ਕਥਾ ਮੁੱਕਣ ਵਾਲੀ ਨਹੀਂ...ਸੋ ਹੋਰ ਪਾਸੇ ਤੁਰੋ।

ਦੇਖਿਆ ਮੈਂ ਬੜਾ ਕੁਝ ਹੈ। ਸੁਖ ਬੜਾ ਹੀ ਥੋੜਾ ਤੇ ਫਿਰ ਦੁੱਖ ਭੀ ਬਹੁਤ। ਪਰ ਅਸੀਂ ਦੋਵੇਂ ਡੱਟੇ ਰਹੇ। ਗਿਆਨ ਦੇ ਕਿਸੇ ਸੋਮੇ ਸੰਗ ਵਿਚਰਨ ਦਾ ਅਵਸਰ ਬੜਾ ਘਟ ਮਿਲਿਆ। ਜੋ ਕੁਝ ਮਿਲਿਆ ਉਹ ਭੀ ਮਾਨਸਕ ਝਟਕਿਆ ਨਾਲ ਭਰਪੂਰ। ਹਰ ਝਟਕਾ ਮੈਂ ਗੁਰਦੇਵ ਵਲੋਂ ਪ੍ਰੀਖਿਆ ਜਾਣ ਸਵੀਕਾਰ ਕਰਦਾ। ੧੯੭੨ ਤੋਂ ਬਾਦ ਦਾ ਸਮਾਂ ਮੇਰੇ ਲਈ ਚੈਲਿੰਜ ਸੀ। ਪਿਤਾ ਜੀ ਚੜ੍ਹਾਈ ਲਾਗੇ........ ਮੇਰੀ ਸਾਰੀ ਪਲੇਨਿੰਗ ਅਧੂਰੀ ਨੇ ਮੇਰੀ ਸਿਹਤ ਤੇ ਭੀ ਬੁਰਾ ਅਸਰ ਕੀਤਾ ਤੇ ਮੈਂ ਭਾਰਤੀ ਭਵਿੱਖ ਦੇਖਣ ਵਾਲਾ ਫਿਰ ੭੫ ਤੋਂ ਬਾਅਦ ਆਸਟ੍ਰੇਲੀਆ ਤੇ ਨਿਰਭਰ ਹੋ ਗਿਆ।

ਅਕਾਲ ਪੁਰਖ ਸਦਾ ਹੀ ਮੈਨੂੰ ਰਸਤਾ ਦਖਾਉਂਦਾ ਆਇਆ ਹੈ। ਮੈਂ ਹਰ ਗੱਲ ਅੱਗੇ 'ਕਿਉਂ ?' ਲਾਉਣ ਦਾ ਬਹੁਤ ਆਦੀ ਹਾਂ। ਇਥੋਂ ਮੇਰੀ ਕਵਿਤਾ ਨਾਲ ਸਪੋਰਟ ਲਾਈਫ਼ ਸਟਾਰਟ ਹੋਈ। ਨੰ. ੧ ਮੈਂ ਹੈਲਥ ਜਾਤਾ ਉਸ ਲਈ ਮੈਂ ਬੜੇ

---

1. ਸ. ਰਾਜਿੰਦਰ ਸਿੰਘ—ਸੰਪਾਦਕ, 2. ਪ੍ਰੀਤਮ ਸਿੰਘ ਕਵੀ—ਸੰਪਾਦਕ



Sri Satguru Jagjit Singh Ji eLibrary NamdhariElibrary@gmail.com

ਤਜਰਬੇ ਕੀਤੇ। ਪਹਿਲੋਂ ਆਪਣੇ ਤੇ, ਫੇਰ ਬੱਚਿਆਂ ਤੇ ਫੇਰ ਸਿੱਖ ਬੱਚੇ ਜਾਂ ਕੰਮਿਊਨਿਟੀ ਤੇ। ਹਰ ਪਾਸੇ ਸਤਿਗੁਰ ਅੱਗੇ ਹੈ, ਇਹ ਬੁੱਧੀ ਉਸਦੀਆਂ ਬਖਸ਼ਸ਼ਾਂ ਹਨ। ਕਹਿੰਦੇ ਨੇ "ਜਿਥੇ ਪਹੁੰਚਦਾ ਨਹੀਂ ਰਵੀ, ਉਥੇ ਪਹੁੰਚ ਜਾਂਦਾ ਕਵੀ।"

ਕਵੀ ਜੀਆਂ ਦੇ ਪਛਲੇਰੀ ਵੇਰੀ ਦਰਸ਼ਨ ਖੁੱਲ੍ਹੇ ਕਰ ਆਇਆ ਸਾਂ, ਐਤਕਾਂ ਤੇ ਚਰਨ ਛੂਹ ਹੀ ਪ੍ਰਾਪਤ ਹੋ ਸਕੀ। ਸਤਿਗੁਰਾਂ ਦੀ ਸਦਾ ਬਖਸ਼ਸ਼ ਬਣੀ ਰਹੇ। ਇਕ ਹੀਰਾ, ਮਾਸਟਰ ਜੀ[1], ਸਾਥੋਂ ਵਿਛੜ ਗਿਆ। "ਮਾਸਟਰ ਜੀ ਜਿੱਥੇ ਭੀ ਹੋਵੇ ਮੇਰਾ ਪਰਿਨਾਮ ਸਵੀਕਾਰ ਕਰਨਾ।" ਅਣਜਾਣ[2] ਜੀਆਂ ਦਾ ਵਾਕਫ ਮੈਂ ਅੱਜ ਤੋਂ ਚਾਲੀ ਸਾਲ ਪਹਿਲੋਂ ਦਾ ਹਾਂ ਤੇ ਬਲਬੀਰ ਸਿੰਘ ਢਿੱਲੋਂ ਦਾ ਭੀ (ਜੇ ਇਹ ਦਾਮਾਦ ਕਵੀ ਜੀ ਹਨ) ਗੁਰਭਜਨ ਸਿੰਘ ਨਾਮਧਾਰੀ ਚਲ ਵਸੇ, ਸੁਨੇਹੀ ਜੀ ਭੀ ਠੀਕ ਹਨ—ਭੰਮਰਾ ਜੀ ਕਮਜ਼ੋਰ, ਸਿਹਤ ਵਿਚ ਭੀ ਕਲਾ ਚੜ੍ਹਦੀ ਹੈ, ਸੰਤੋਖ ਸਿੰਘ ਸਾਜਨ ਕਿਧਰੇ ਗਏ ਸੰਤ ਰਾਮ ਉਦਾਸੀ ਭੀ ਯਾਦ ਹਨ। ਸਤਿਜੁਗ ਵਿਚ ਇਕ ਵੇਰ ਪੜ੍ਹੇ ਸਨ। ਇਹ ਸਭ 'ਕਵੀ' ਪਰਿਵਾਰ ਹੈ।

ਅੱਜ ਮੈਂ ਚਿੱਠੀ ਜ਼ਰੂਰ ਬੰਦ ਕਰਨੀ ਹੈ। ਜੇ ਮੈਂ ਕੱਲ੍ਹ ਫਿਰ ਫਰੈਸ਼ ਹੋ ਦੂਹਰਾ ਲਈ ਤੇ ਫਿਰ ਇਸ ਮੁੱਕਣ ਦਾ ਨਾਮ ਨਹੀਂ ਲੈਣਾ।

*—ਤੁਹਾਡੇ ਪ੍ਰੇਮ ਰੱਤਾ*
*ਦਲਬੀਰ ਸਿੰਘ ਤਰਸ (ਸਿਡਨੀ)*
*ਆਸਟਰੇਲੀਆ*

ਵਰਿਆਮ ਵੀਰੇ ! ਨਵੰਬਰ ਅੰਕ ਬਾਰੇ ਜੇ ਵਿਸਥਾਰ ਨਾਲ ਗੱਲ ਕਰਾਂ ਤਾਂ ਇਕ ਪੂਰਾ ਲੇਖ ਬਣ ਸਕਦਾ ਏ, ਪਰ ਦਾਲ ਚੋਂ ਦਾਣਾ ਹਾਜ਼ਰ ਹੈ।

ਮੁੱਖ ਪੰਨਾ ਜੇ ਵਿਸਥਾਰ ਕੇ, ਕਿਸੇ ਅੰਕ 'ਚ ਪੂਰਾ ਪੰਨਾ ਪ੍ਰਕਾਸ਼ਤ ਕਰ ਦਿਓ ਤਾਂ ਅਨੇਕਾਂ ਘਰਾਂ ਦਾ ਸ਼ਿੰਗਾਰ ਬਣ ਜਾਏ।

ਦੋ ਨੰਬਰ ਪੰਨਾ. ੪੯ ਨੰ. ਪੰਨਾ ਤੇ ਰਿਪੋਰਟ ਵੇਖ ਕੇ ਇਉਂ ਲੱਗਦੈ, ਜਿਵੇਂ ਸਾਰਾ ਅੰਕ 'ਠਾਕੁਰ ਉਦੈ ਸਿੰਘ ਮੈਅ, ਹੋ ਗਿਆ ਹੋਵੇ। ਠੀਕ.....! ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸਨੇਹ ਤੇ ਦੂਰ ਦ੍ਰਿਸ਼ਟੀ ਭਰਿਆ ਹੱਥ, ਸਦਾ ਈ ਇਸ ਦੇ ਸਿਰ ਤੇ ਟਿਕਿਆ ਰਹੇ।

ਸੰਪਾਦਕੀ ਦੀ ਥਾਂ, ਵਾਲੀ ਫਾਰਸੀ ਪੰਜਾਬੀ, ਗੁਰ ਸ਼ਰਧਾ ਗੁਧੀ ਨਜ਼ਮ ਕਮਾਲ ਦੀ ਏ, ਪਰ ਅਰਥਾਂ ਦੇ ਸ਼ਬਦੀ ਮਤ ਭੇਦਾਂ ਬਾਰੇ, ਮਿਲ ਕੇ ਗੱਲ ਕਰਾਂਗੇ।

ਤਰਲੋਕ ਮਨਸੂਰ ਨੇ ਚੁੱਪ ਦੀ ਬੁੱਕਲ ਚੋਂ ਸੁੱਚੇ ਮੋਤੀ ਕੱਢੇ ਨੇ। ਸਿਖਿਆ ਨੀਤੀ ਬਾਰੇ ਲੇਖ ਦਿਲ ਨੂੰ ਧੂਹਾਂ ਪਾਂਦਾ ਏ, ਪਰ ਨੇਤਿਆਂ ਨੇ ਇਹੋ ਜਿਹਾ ਕੁਝ ਪੜ੍ਹਨਾ ਈ ਨਾ ਹੋਇਆ। ਦਾਤਾ ਜੀ ਨੂੰ, ਭੁੱਲੇ ਵਿਸਰੇ ਪੰਨੇ ਫਰੋਲਦੇ ਰਹਿਣਾ ਚਾਹੀਦਾ ਏ।

ਅੱਛਾ ਜੀ! ਹੁਣ ਸਤਿਗੁਰਾਂ ਦੀ ਕਿਰਪਾ ਨਾਲ ਕਾਰ ਮਿਲ ਗਈ ਏ ਤਾਂ ਭਾਰਤੀ ਜੀ ਦੀ ਕਾਰ ਦੁਬਾਰਾ ਚੇਤੇ ਆ ਗਈ ਏ, ਬੜੀ ਵਧੀਆ ਗੱਲ ਬਣੀ ਏ।

ਬਚਿੱਤ੍ਰ ਨਾਟਕ ਬਾਰੇ ਗੱਲ ਏਨੇ ਕੁ ਸਮੇਂ 'ਚ ਨਹੀਂ ਕੀਤੀ ਜਾ ਸਕਦੀ।

ਸੁਖਵੰਤ ਦੀ ਨਜ਼ਮ ਵੇਖ ਕੇ, ਪਿਛਲੇ ਨਵੰਬਰ ਦਾ ਦੋ ਨੰਬਰ ਪੰਨਾ ਵੇਖਿਆ, ਏਡੀਆਂ ਸ਼ਾਨਦਾਰ ਵਧਾਈਆਂ, ਕਵੀ ਜੀ ਕਦੀ ਏਡੇ ਸੋਹਣੇ ਹੋਂਦੇ ਸਨ। ਕਵਿਤਾ ਦੀ ਜਿਲ੍ਹਣ 'ਚ ਨਾ ਈ ਫਸੇ ਤਾਂ ਚੰਗਾ ਏ, ਮਸਾਂ ਮਸਾਂ ਤੇ ਵਰਿਆਮ ਦਾ ਮੂੰਹ ਮੱਥਾ ਲਿਸ਼ਕਣ ਲਗਾ ਏ।

ਜੇ ਤੁਸੀਂ ਬਲਦੇਵ ਨੂੰ ਏਸੇ ਤਰ੍ਹਾਂ ਹਰ ਹੋਲੇ ਮਹੱਲੇ ਵਗੈਰਾ ਤੇ ਨਾਲ ਲਿਜਾਂਦੇ ਰਹੇ ਤਾਂ ਮਨੋਤੇ ਨੇ ਮੇਲਿਆਂ ਦੀ 'ਰਿਪੋਰਟ-ਚੌਧਰ, ਤੁਹਾਡੇ ਤੋਂ ਖੋਹ ਖੜਨੀ ਏ ਫੇਰ ਵੇਂਹਦੇ ਫਿਰੋਗੇ। ਸੁਣਿਆ ਸੀ ਖਰਬੂਜੇ ਨੂੰ ਵੇਖਕੇ ਖਰਬੂਜਾ ਰੰਗ ਫੜਦਾ ਏ, ਪਰ ਏਥੇ ਤਾਂ ਕਚਰਾ ਈ ਲਾਲ-ਗੁਲਾਲ ਹੋਇਆ ਪਿਆ ਏ।

*ਸਾਧੂ ਸਿੰਘ ਕਿਸਾਨ, ਉੱਤਰ ਪ੍ਰਦੇਸ਼*

੧੦-੧੨-੦੧

"ਵਰਿਆਮ" ਤੇ ਦਿਨ ਪ੍ਰਤੀ ਦਿਨ ਆ ਰਿਹਾ ਨਿਖਾਰ, ਇਸ ਗੱਲ ਦਾ ਗਵਾਹ ਹੈ ਕਿ ਇਸ ਨਾਲ ਜੁੜੇ ਹਰ ਬਸ਼ਰ ਨੂੰ ਹੁਣ ਵਰਿਆਮ ਨਾਲ ਇਸ਼ਕ ਜਿਹਾ ਹੋ ਗਿਆ ਹੈ।

ਬੇਸ਼ੱਕ ਉਹ ਵਰਿਆਮ ਦਾ ਸੰਪਾਦਕ ਹੈ, ਲੇਖਕ ਹੈ ਜਾਂ ਪਾਠਕ। ਸੁਖਵੰਤ ਸਿੰਘ ਹੁਰਾਂ ਦੀ, ਕਲਾਕਾਰੀ ਛੋਹ ਹਰ ਵਾਰ ਮੋਹ ਲੈਂਦੀ ਏ, ਮਹਿਮਾ ਸਿੰਘ ਤੂਰ, ਅਜਾਇਬ ਕਮਲ ਤੇ ਮਹਿੰਦਰ ਭੱਟੀ ਦੀਆਂ ਗਜ਼ਲਾਂ ਨਿਰਸੰਦੇਹ ਦਿਲ ਨੂੰ ਧੂਹ ਪਾਉਂਦੀਆਂ ਨੇ। ਭੋਗਲ ਸਾਹਿਬ ਦੇ "ਉਸਤਾਦ" ਦੀਆਂ ਤਾਂ ਸਿਫਤਾਂ ਹੀ ਕੀ ਨੇ। ਕਿਆ ਰੇਖਾ-ਚਿੱਤਰ ਚਿਤਰਿਆ ਹੈ!

ਡਾ. ਅਜੀਤ ਸਿੰਘ ਹੁਰਾਂ ਦਾ ਮਜ਼ਮੂਨ 'ਸਮੁੱਚੀ ਸਿੱਖ ਸੰਗਤ ਅੱਗੇ ਸਨਿਮਰ ਬੇਨਤੀ' ਬਹੁਤ-ਬਹੁਤ ਹੀ-ਬਹੁਤ ਹੀ ਜ਼ਿਆਦਾ ਪਸੰਦ ਆਇਆ। ਨਿਰਸੰਦੇਹ ਇੱਕੀਵੀਂ ਸਦੀ ਦੀ ਸਿੱਖੀ ਨੂੰ ਬ੍ਰਾਹਮਣਵਾਦੀ ਸੋਚ ਨੇ ਜਕੜਿਆ ਹੋਇਆ ਹੈ। ਉਹ ਸਿੱਖ ਇਤਿਹਾਸ ਨੂੰ ਵੀ ਉਸੇ ਨਜ਼ਰੀਏ ਤੋਂ ਵੇਖਣਾ ਪਸੰਦ ਕਰਦੇ ਹਨ। ਜਿਹੋ ਜਿਹੀਆਂ ਕਲਪਤ ਕਹਾਣੀਆਂ ਬਾਤਾਂ ਉਹ ਸੁਣਦੇ ਰਹੇ ਹਨ ਪੁਰਾਤਨ ਮਿਥਿਹਾਸ ਦੀਆਂ। ਜਦੋਂ ਕਿ ਸਿੱਖ ਧਰਮ ਇਕ ਹਕੀਕਤ ਹੈ, ਯਥਾਰਥ ਹੈ। ਜਿਉਂਦੀਆਂ ਜਾਗਦੀਆਂ ਵਾਪਰੀਆਂ ਇਤਿਹਾਸਕ (ਮਿਥਹਾਸਿਕ ਨਹੀਂ) ਘਟਨਾਵਾਂ ਦੀ ਤਵਾਰੀਖ ਹੈ।

ਡਾ. ਸਾਹਿਬ ਨੂੰ ਵੀ ਮੈਂ ਮੁਬਾਰਕਬਾਦ ਦਾ ਖਤ ਲਿਖਿਆ ਹੈ। ਤੁਹਾਨੂੰ ਵੀ ਅਜਿਹੀਆਂ ਲਿਖਤਾਂ ਅਤੇ ਲਿਖਤ ਛਾਪਣ ਲਈ ਮੁਬਾਰਕਵਾਦ।

ਤੁਹਾਡਾ ਸੰਪਾਦਕੀ ਵਕਤ ਦੇ ਅਨੁਕੂਲ ਬਹੁਤ ਚੰਗਾ ਲੱਗਾ। ਬਾਕੀ ਲਿਖਤਾਂ ਅਜੇ ਪੜ੍ਹ ਰਿਹਾ ਹਾਂ। ਜਿਹੜੀਆਂ ਪੜ੍ਹੀਆਂ ਹਨ ਉਨ੍ਹਾਂ ਲਈ ਮੁਬਾਰਕਬਾਦ ਭੇਜ ਰਿਹਾ ਹਾਂ।

ਧੰਨਵਾਦ

*—ਅਜੀਤ ਸਿੰਘ ਲਾਇਲ*
*੯੧੯ ਅਰਬਨ ਲੁਧਿਆਣਾ ੧੪੧੦੧੦*

1. ਮਾਸਟਰ ਨਿਹਾਲ ਸਿੰਘ ਜੀ—ਸੰਪਾਦਕ, 2. ਪ੍ਰੋ. ਤਾਰਾ ਸਿੰਘ ਅਨਜਾਣ



Sri Satguru Jagjit Singh Ji eLibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**ਬੀ. ਬੀ. ਐਲ ਫੂਡਜ਼ ਪ੍ਰਾਈਵੇਟ ਲਿਮਟਡ**

ਸੰਤੋਸ਼ ਨਗਰ X ਰੋਡਜ਼, ਹੈਦਰਾਬਾਦ - 500 059

- ਬਿਸਕੁਟ ਬਨਾਉਣ ਦੀਆਂ ਆਟੋਮੈਟਿਕ ਮਸ਼ੀਨਾਂ
- ਵੈਫਰ ਬਨਾਉਣ ਵਾਲੀਆਂ ਆਟੋਮੈਟਿਕ ਮਸ਼ੀਨਾਂ

ਅਤੇ

ਵਧੀਆ ਬਿਸਕੁਟ ਬਨਾਉਣ ਵਾਲੀ

ਹਿੰਦੋਸਤਾਨ ਦੀ ਪਹਿਲੀ ਕੰਪਨੀ

BBL

FOODS PVT. LTD.

***Pinoneer Manufacturer in India of***

- ***Automatic machines for producing Biscuits***
- ***Automatic machines for producing Wafers***

***and***

***Makers of High quality Biscuits***

***BBL Foods Pvt. LTD.***

***Santosh Nagar (X) Roads, Hyderabad-500 059 India***

Ph.:— +91-40-4530680, 82,84 Fax :— +91-40--4530475

*E-mail:amber @hd1.vsnl.net.in*

**Balvinder Pal Singh**
*Manging Director*

**Lakhbir Singh Muchhal** *Director*
**Bakhshish Singh Muchhal** *Director*





Sri Satguru Jagjit Singh Ji eLibrary NamdhariElibrary@gmail.com

Our Motto : Best Quality of the Day

***High Class Gun Manufacturers***

**Single & Double Barrels**



# 12-Bore GUNS

## Free India Gun Manufacturers

**Prop. S. KARTAR SINGH (Jammu-Wale)**

6, Industrial Estate, Ashok Nagar,
JAMMU CANTT-3
Ph. : 433810

*Sister Concern :*

**M/S. KARTAR SINGH**
**ARMS & AMMUNITION DEALERS**



Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ਫੋਨ : ੪੫੯੮੬੯

ਹਰ ਪ੍ਰਕਾਰ ਦੀਆਂ ਚੁਗਾਠਾਂ ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕੀਟ
ਇਕਹਿਰੀ ਪੁਲੀ, ਜਲੰਧਰ ਸ਼ਹਿਰ
ਫੋਨ ਨੰ. ੨੩੨੬੯੦

*ਵਰਿਆਮ ਲਈ ਸ਼ੁਭ ਇਛਾਵਾਂ :*
*ਸ. ਅਜੀਤ ਸਿੰਘ ਨਾਮਧਾਰੀ*

**ਨਾਮਧਾਰੀ ਬ੍ਰਦਰਜ਼**

ਡਾਲਟਨਗੰਜ (ਬਿਹਾਰ)

**Namdhari Brothers**

Dalton Ganj (Bihar)
Prop. S. Ajit Singh Namdhari

JANTA
HYDRAULIC PRESSES



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰੱਖੋ ਦਰਵਾਜ਼ੇ,
ਖਿੜਕੀਆਂ, ਰੌਸ਼ਨਦਾਨ ਅਤੇ ਲੱਕੜੀ ਦਾ ਵਧੀਆ
ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਇਕਹਿਰੀ ਪੁਲੀ ਜਲੰਧਰ - ੧੪੪੦੦੪
ਫੋਨ : ੨੩੮੭੮੪

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

**SAGGU**
**IRON INDUSTRIES**
**ਸੱਗੂ ਆਇਰਨ ਇੰਡਸਟਰੀਜ਼**

Sugar Mill Spares, Paper & Boards Mill Spares, Textile Mill Spares, Distillery Spares & Solvent Plant Spares All Type of Gear & Chain Sprockets & Industrial Chain

Partner : S. Puran Singh Saggu
S. Narinder Singh Saggu

Old Railway Road, Jalandhar. Ph. : 458795, 459056





Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ
ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ :

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

*Manufactuers* :

# Namdhari Sales

10240/54, Library Road, Azad Market, Delhi-11006



Sri Satguru Jagjit Singh Ji eLibrary NamdhariElibrary@gmail.com

# ਜਲੰਧਰ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਜਨਮ ਦਿਵਸ ਤੇ ਹੋਏ ਸੰਗੀਤ ਸਮਾਗਮ ਦੀਆਂ ਝਲਕਾਂ



ਪ੍ਰੋ. ਕਿਰਪਾਲ ਸਿੰਘ ਅਤੇ ਪੰਡਿਤ ਰਮਾਂ ਕਾਂਤ ਜੀ ਜੋਤ ਪ੍ਰਵਜਲਤ ਕਰਕੇ ਸੰਗੀਤ ਸਮਾਰੋਹ ਦਾ ਰਸਮੀ ਆਰੰਭ ਕਰਦੇ ਹੋਏ।



ਸੰਗੀਤ ਸਮਾਰੋਹ ਦੇ ਆਰੰਭ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਸਾਹਮਣੇ ਹਰਪ੍ਰੀਤ ਸਿੰਘ ਨਾਮਧਾਰੀ, ਕੁਲਵੰਤ ਸਿੰਘ, ਰਾਜੇਸ਼ ਮਾਲਵੀਆ, ਪ੍ਰੋ. ਕਿਰਪਾਲ ਸਿੰਘ, ਜਥੇਦਾਰ ਹਜ਼ਾਰਾ ਸਿੰਘ, ਪੰਡਿਤ ਰਮਾਂ ਕਾਂਤ ਅਤੇ ਸੰਤ ਬਲਵੰਤ ਸਿੰਘ।




ਪ੍ਰੋ. ਕਿਰਪਾਲ ਸਿੰਘ ਜੀ ਪ੍ਰੋ. ਬੀ.ਐਸ. ਨਾਰੰਗ ਦਾ ਅਭਿਨੰਦਨ ਕਰਦੇ ਹੋਏ।



ਸੰਤ ਬਲਵੰਤ ਸਿੰਘ ਅਤੇ ਹਰਪ੍ਰੀਤ ਸਿੰਘ ਨਾਮਧਾਰੀ ਸ੍ਰੀ ਭੈਣੀ ਸਾਹਿਬ ਦਾ ਸਨਮਾਨ ਕਰਦੇ ਹੋਏ, ਸ. ਜਗਦੀਸ਼ ਸਿੰਘ ਵਰਿਆਮ, ਪ੍ਰਸਿਧ ਸਿਤਾਰ ਵਾਦਕ ਪ੍ਰੋ. ਵਰਿੰਦਰ ਕੁਮਾਰ ਜੀ ਅਤੇ ਜਤਿੰਦਰ ਪਾਲ ਸਿੰਘ ਚਿੱਕਾ।



ਪ੍ਰੋ. ਕਿਰਪਾਲ ਸਿੰਘ ਜੀ ਦੁਆਰਾ ਪੰਡਿਤ ਰਮਾਂ ਕਾਂਤ ਜੀ ਦਾ ਅਭਿਨੰਦਨ




ਨਾਮਧਾਰੀ ਸੰਗੀਤ ਕੇਂਦਰ ਜਲੰਧਰ ਦੇ ਵਿਦਿਆਰਥੀ ਪ੍ਰਾਰੰਭਕ ਸ਼ਬਦ ਗਾਇਣ ਕਰਦੇ ਹੋਏ।

Sri Satguru Jagjit Singh Ji eLibrary NamdhariElibrary@gmail.com

Registered No. PB/(0165)/2002 Monthly Wariam Ladowali Road, Jalandhar- 144001
Regd. RNI No. 26453/75 February, 2002










# NAMDHARI SEEDS

ਤੁਹਾਡੀ ਖੁਸ਼ਹਾਲੀ ਦਾ ਰਾਜ਼

## "ਨਾਮਧਾਰੀ ਸੀਡਜ਼"

ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ

| | |
|---|---|
| ਟਮਾਟਰ | : N.S. 815, ਉਤਸਵ ਅਤੇ ਅਮੋਘ |
| ਫੁਲ ਗੋਭੀ | : N.S. 60, N.S. 84 ਅਤੇ N.S. 90 |
| ਭਿੰਡੀ | : ਅਰਕਾ ਅਨਾਮਿਕਾ |
| ਤਰਬੂਜ਼ | : N.S. 295 (ਸਮਰ ਸਵੀਟ) N.S. 246 ਅਤੇ N.S. 2332 |
| ਖਰਬੂਜਾ | : N.S.7455 ਅਤੇ ਅਭਿਜੀਤ |
| ਲੌਕੀ (ਘੀਆ) | : ਕਾਵੇਰੀ |
| ਤੋਰਈ | : ਸੰਜੀਵਨੀ ਅਤੇ ਹੋਰ ਬਹੁਤ ਕੁਝ |

**ਵਧੇਰੇ ਜਾਣਕਾਰੀ ਵਾਸਤੇ ਸੰਪਰਕ ਕਰੋ**

**ਨਾਮਧਾਰੀ ਸੀਡਜ਼ ਪ੍ਰਾਈਵੇਟ ਲਿ:**

**NAMDHARI SEEDS PVT LTD**

**H. O.** Bidadi, Bangalore 562 109 INDIA
Tel : 080-7282401/2/3/4, 91-080-7282653/54
**Liaison Office :** 119, 9th Main Road, Ideal Homes,
Rajarajeshwari Nagar, Bangalore-560098
**Tel :** 91-80-8602167/69
**Fax :** 91-80-8602168
email namdhariseeds@vsnl.com, website www.namdhariseeds.com




*ਐਡੀਟਰ, ਪ੍ਰਿੰਟਰ ਪਬਲਿਸ਼ਰ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਪ੍ਰਕਾਸ਼ਿਤ ਕੀਤਾ।*
*ਫੋਨ- 222543, 45289*

Sri Satguru Jagjit Singh Ji eLibrary NamdhariElibrary@gmail.com